ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 08 | 20 February 2019 to 26 February 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

ਅੰਦਰ ਪੜ੍ਹੋ


03

ਭਾਈਚਾਰਾ

ਮਿਲਪੀਟਸ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦੀ 33ਵੀਂ ਸ਼ਹੀਦੀ ਵਰ੍ਹੇਗੰਢ


07

ਖ਼ਬਰਸਾਰ

ਸੁਪਰੀਮ ਕੋਰਟ ਰਾਹੀਂ 'ਘੱਟ ਗਿਣਤੀਆਂ' ਦੇ ਅਧਿਕਾਰ ਕਤਲ ਕਰਨ ਦੀ ਤਿਆਰੀ


10

ਖਾਸ ਰਿਪੋਰਟ

ਪੰਜਾਬ 'ਚ ਤੀਜਾ ਬਦਲ ਤਾਕਤ ਨਾ ਫੜ ਸਕਿਆ


21

ਵਿਸ਼ੇਸ਼ ਰਿਪੋਰਟ

ਰਫਾਲ ਡੀਲ 'ਚ ਗੜਬੜ ਦੀ ਜ਼ਿੰਮੇਵਾਰ ਮੋਦੀ ਸਰਕਾਰ

### ਪੁਲਵਾਮਾ ਕਾਂਡ ਦੇ ਬਹਾਨੇ ਬਲਦੀ 'ਤੇ ਤੇਲ ਪਾਉਣ ਦੀ ਸਾਜ਼ਿਸ਼

# ਭਾਰਤ : ਭਗਵੇਂਵਾਦੀ ਗੁੰਡਿਆਂ ਦੀ ਕਸ਼ਮੀਰੀਆਂ ਖਿਲਾਫ਼ ਹਿੰਸਾ

- ਜੰਮੂ ਵਿੱਚ ਕਸ਼ਮੀਰੀਆਂ ਦੀਆਂ ਸਾੜੀਆਂ ਕਾਰਾਂ
- ਸ਼ੋਸ਼ਲ ਮੀਡੀਆ 'ਤੇ ਝੂਠੀਆਂ ਤਸਵੀਰਾਂ ਨਾਲ ਨਫਰਤ ਫੈਲਾਉਣ ਦੀ ਕੋਸ਼ਿਸ਼
- ਸਿੱਧੂ ਦੇ ਸ਼ਾਂਤੀ ਦੇ ਬਿਆਨ 'ਤੇ ਭੜਕੇ ਅੰਨ੍ਹੇ ਦੇਸ਼ਭਗਤ
- ਕਰਤਾਰਪੁਰ ਸਾਹਿਬ ਲਾਂਘੇ 'ਤੇ ਸਾਧਿਆ ਜਾ ਰਿਹਾ ਨਿਸ਼ਾਨਾ



**ਵਿਸ਼ੇਸ਼ ਰਿਪੋਰਟ/ਬਲਵਿੰਦਰਪਾਲ ਸਿੰਘ**

ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਦੇ ਕਈ ਸੂਬਿਆਂ ਵਿੱਚ ਰਹਿ ਰਹੇ ਕਸ਼ਮੀਰੀਆਂ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੋ ਗਿਆ ਹੈ। ਪੁਲਵਾਮਾ ਵਿੱਚ ਸੀਆਰਪੀਐਫ਼ ਦੇ ਕਾਫ਼ਲੇ 'ਤੇ ਦਹਿਸ਼ਤੀ ਹਮਲੇ ਦੇ ਰੋਸ ਵਜੋਂ ਵੱਡੇ ਪੱਧਰ 'ਤੇ ਭੜਕੇ ਭਗਵੇਂਵਾਦੀਆਂ ਨੇ ਰਾਸ਼ਟਰਵਾਦ ਦਾ ਨਾਮ 'ਤੇ ਜਿਊਲ ਚੌਕ, ਪੁਰਾਣੀ ਮੰਡੀ, ਰੇਹਾੜੀ, ਸ਼ਕਤੀਨਗਰ, ਪੱਕਾ ਡਾਂਗਾ, ਗੁੱਜਰ ਨਗਰ, ਜਾਨੀਪੁਰ, ਗਾਂਧੀਨਗਰ ਤੇ ਬਖ਼ਸ਼ੀਨਗਰ ਵਿੱਚ ਪਾਕਿਸਤਾਨ ਵਿਰੋਧੀ ਨਾਅਰੇ ਲਾਏ, ਕਸ਼ਮੀਰੀਆਂ ਦੇ ਖਿਲਾਫ਼ ਹਿੰਸਾ ਫੈਲਾਈ ਤੇ ਕਈ ਕਾਰਾਂ ਤੇ ਦੁਕਾਨਾਂ ਫੂਕ ਦਿੱਤੀਆਂ। ਰੈਜ਼ੀਡੈਂਸੀ ਰੋਡ, ਕੱਚੀ ਛਾਉਣੀ ਤੇ ਡੋਗਰਾ ਹਾਲ ਖੇਤਰਾਂ ਵਿੱਚ ਭਗਵੇਂਵਾਦੀਆਂ ਨੂੰ ਖਿੰਡਾਉਣ ਲਈ ਪੁਲੀਸ ਨੂੰ ਡੰਡੇ ਵੀ ਵਰ੍ਹਾਉਣੇ ਪਏ। ਇਨ੍ਹਾਂ ਹਿੰਸਕ ਘਟਨਾਵਾਂ ਕਾਰਨ ਜੰਮੂ ਸ਼ਹਿਰ ਵਿੱਚ ਇਹਤਿਆਤ ਵਜੋਂ ਕਰਫਿਊ ਲਾ ਦਿੱਤਾ ਗਿਆ ਹੈ। ਇੰਟਰਨੈੱਟ ਸੇਵਾਵਾਂ ਨੂੰ ਵੀ ਬੰਦ ਕਰ ਦਿੱਤਾ ਗਿਆ ਹੈ। ਇੱਥੋਂ ਤੱਕ ਕਈ ਹਿੰਦੂਤਵੀ ਸੀਆਰਪੀ ਜਵਾਨਾਂ ਦੇ ਸਰੀਰ ਦੇ ਅੰਗਾਂ ਦੀਆਂ ਤਸਵੀਰਾਂ ਲਗਾ ਕੇ ਭੜਕਾਉਂਦੇ ਰਹੇ, ਪਰ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਸੀ.ਆਰ.ਪੀ.ਐਫ. ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੁਲਵਾਮਾ ਹਮਲੇ ਵਿਚ ਸ਼ਹੀਦ ਹੋਏ ਜਵਾਨਾਂ ਅਤੇ ਉਨ੍ਹਾਂ ਦੇ ਸਰੀਰ ਦੇ

ਬਾਕੀ ਸਫ਼ਾ 29 'ਤੇ

## ਕਸ਼ਮੀਰੀਆਂ ਦੇ ਹੱਕ 'ਚ ਡਟੀ ਸਿੱਖ ਕੌਮ

ਚੰਡੀਗੜ੍ਹ : ਕਸ਼ਮੀਰੀਆਂ ਨੂੰ ਨਿਸ਼ਾਨਾ ਬਣਾਏ ਜਾਣ ਕਾਰਨ ਸੋਸ਼ਲ ਮੀਡੀਆ ਤੇ ਕਈ ਲੋਕ ਖੁੱਲ੍ਹ ਕੇ ਕਸ਼ਮੀਰੀਆਂ ਦੇ ਪੱਖ ਵਿੱਚ ਬੋਲੇ। ਦਲ ਖਾਲਸਾ ਤੇ ਹੋਰ ਪੰਥਕ ਜਥੇਬੰਦੀਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਸ਼ਮੀਰੀ ਲੋਕਾਂ ਦੀ ਪੰਜਾਬ ਵਿਚ ਰੱਖਿਆ ਕਰਨ। ਉਨ੍ਹਾਂ ਸਿੱਖਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕਸ਼ਮੀਰੀਆਂ ਦੀ ਰੱਖਿਆ ਦੇ ਲਈ ਡਟ ਜਾਣ। ਸ਼ੋਸ਼ਲ ਮੀਡੀਆ 'ਤੇ ਸਿੱਖ ਕਸ਼ਮੀਰੀਆਂ ਦੇ ਨਾਲ ਖੜ੍ਹਨ ਦੀ ਅਪੀਲਾਂ ਕਰ ਰਹੇ ਹਨ। ਮੁਹਾਲੀ ਦੇ ਗੁਰਦੁਆਰਾ ਸਿੰਘ ਸ਼ਹੀਦਾਂ ਵਿਚ ਕਸ਼ਮੀਰੀ ਵਿਦਿਆਰਥੀਆਂ ਲਈ ਰਿਹਾਇਸ਼ ਦੇ ਪ੍ਰਬੰਧ ਕੀਤੇ ਗਏ ਹਨ ਤੇ ਲੰਗਰ ਲਗਾਇਆ ਗਿਆ ਹੈ। ਚੰਡੀਗੜ੍ਹ ਤੇ ਮੁਹਾਲੀ ਦੀਆਂ ਪ੍ਰਗਤੀਸ਼ੀਲ ਤੇ ਲੋਕਪੱਖੀ ਜਥੇਬੰਦੀਆਂ

ਬਾਕੀ ਸਫ਼ਾ 29 'ਤੇ

## ਪੰਜਾਬ ਸਿਰ 2.12 ਲੱਖ ਕਰੋੜ ਦਾ ਕਰਜ਼ਾ

### *ਵਿੱਤ ਮੰਤਰੀ ਮਨਪ੍ਰੀਤ ਬਾਦਲ ਦੇ ਤਾਜ਼ਾ ਬਜਟ 'ਚ ਖੁਲਾਸਾ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੇਸ਼ ਕੀਤੇ ਆਪਣੇ ਲੋਕ ਲੁਭਾਵਣੇ ਬਜਟ ਵਿਚ ਭਾਵੇਂ ਕਿਸੇ ਤਰ੍ਹਾਂ ਦਾ ਟੈਕਸ ਲਾਉਣ ਤੋਂ ਗੁਰੇਜ਼ ਕੀਤਾ ਹੈ ਪਰ ਵਿੱਤ ਮੰਤਰੀ ਨੇ ਸੂਬੇ ਸਿਰ ਚੜ੍ਹੇ ਭਾਰੀ ਕਰਜ਼ੇ ਦੇ ਅੰਕੜੇ ਦੇ ਕੇ ਲੋਕਾਂ ਦਾ ਸਾਹ ਸੂਤ ਲਿਆ ਹੈ। ਪੰਜਾਬ ਦੀ ਮੰਦੀ ਆਰਥਿਕ ਹਾਲਤ ਦੇ ਚਲਦਿਆਂ ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਦਾ ਬੋਝ ਵਧਦਾ ਜਾ ਰਿਹਾ ਹੈ। ਵਿਧਾਨ ਸਭਾ ਵਿਚ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੇਸ਼ ਕੀਤੇ ਬਜਟ ਵਿਚ ਕਿਹਾ ਕਿ 31 ਮਾਰਚ 2019 ਤਕ ਸੂਬੇ ਦਾ ਕੁੱਲ ਬਕਾਇਆ ਕਰਜ਼ 2,12,276 ਕਰੋੜ ਰੁਪਏ ਤਕ ਅਨੁਮਾਨਿਆ ਗਿਆ ਹੈ। ਸਰਕਾਰ ਨੇ ਰਾਹਤ ਵਜੋਂ ਪੈਟਰੋਲ ਦੀਆਂ ਕੀਮਤਾਂ

ਬਾਕੀ ਸਫ਼ਾ 29 'ਤੇ

### *ਬਹਿਬਲ ਗੋਲੀ ਕਾਂਡ*

# ਉਮਰਾਨੰਗਲ ਤੋਂ ਬਾਅਦ ਆਏਗੀ ਸੁਖਬੀਰ ਤੇ ਸੈਣੀ ਦੀ ਵਾਰੀ ?

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਵਿਚ ਬਾਦਲ ਸਰਕਾਰ ਸਮੇਂ ਵਾਪਰੇ ਬਹਿਬਲ ਕਲਾਂ ਗੋਲੀਕਾਂਡ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਦੇ ਤੱਥਾਂ ਦੇ ਅਧਾਰ ਉਤੇ ਕਥਿਤ ਦੋਸ਼ੀਆਂ 'ਚੋਂ ਇਕ ਆਈਜੀ. ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫ਼ਤਾਰੀ ਹੋਈ ਹੈ। ਸਿੱਟ ਦੇ ਮੈਂਬਰ ਕੁੰਵਰ ਵਿਜੈਪ੍ਰਤਾਪ ਸਿੰਘ ਦੇ ਇਸ ਗ੍ਰਿਫ਼ਤਾਰੀ 'ਤੇ ਇਸ ਬਿਆਨ ਕਿ ਬਹਿਬਲ ਕਲਾਂ 'ਚ ਗੋਲੀ ਉਮਰਾਨੰਗਲ ਨੇ ਚਲਵਾਈ ਸੀ, ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਉਨਾਂ ਦੇ ਇਸ ਬਿਆਨ ਤੋਂ ਬਾਅਦ ਜਾਂਚ ਦੇ ਅਖ਼ੀਰਲੇ ਘਰ ਤਕ ਪੁੱਜਣ ਦੀਆਂ ਸੰਭਾਵਨਾਂ ਉਤੇ ਪ੍ਰਸ਼ਨ ਚਿੰਨ ਲੱਗ ਗਿਆ ਹੈ। ਗੌਰਤਲਬ ਹੈ ਕਿ ਇਸ ਗੋਲੀ ਕਾਂਡ ਲਈ ਉਸ ਸਮੇਂ ਦੇ ਪੁਲਿਸ ਮੁਖੀ ਸੁਮੇਧ ਸੈਣੀ ਤੇ ਗ੍ਰਹਿ ਮੰਤਰੀ ਸੁਖਬੀਰ ਬਾਦਲ ਵੀ ਕਥਿਤ ਦੋਸ਼ੀਆਂ ਦੀ ਲਿਸਟ ਵਿਚ ਆਉਂਦੇ ਹਨ। ਜੇ ਇਨ੍ਹਾਂ ਦੋ ਵੱਡੇ ਚਿਹਰਿਆਂ ਨੂੰ ਬਿਨਾ ਪੁੱਛ-ਪੜਤਾਲ ਦੇ ਹੀ ਬਰੀ ਕਰ ਦਿੱਤਾ ਜਾਂਦਾ ਹੈ ਤਾਂ ਸਿੱਟ ਦੀ ਹੁਣ ਤਕ ਦੀ ਕਾਰਵਾਈ ਦੇ ਵੀ ਕੋਈ ਅਰਥ ਬਾਕੀ ਨਹੀਂ ਰਹਿ ਜਾਂਦੇ।

ਹੁਣ ਤੱਕ ਗ੍ਰਿਫ਼ਤਾਰ ਕੀਤੇ ਪੁਲਿਸ ਅਫ਼ਸਰਾਂ ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਅਤੇ



ਆਈਜੀ ਉਮਰਾਨੰਗਲ ਇਸ ਵੱਡੀ ਸਾਜ਼ਿਸ਼ ਦੇ ਕੇਵਲ ਮੋਹਰੇ ਹੀ ਹੋ ਸਕਦੇ ਹਨ। ਪੰਜਾਬ ਦੇ ਸਿਆਸੀ ਗਲਿਆਰਿਆਂ ਵਿਚ ਚਰਚਾ ਹੈ ਕਿ ਇਨ੍ਹਾਂ ਦੀ ਬਲੀ ਦੇ ਕੇ ਸੁਮੇਧ ਸੈਣੀ ਤੇ ਸੁਖਬੀਰ ਬਾਦਲ ਨੂੰ ਬਚਾਉਣ ਦੀ ਕੋਸ਼ਿਸ ਦੀ ਸੰਭਾਵਨਾ ਵਧੇਰੇ ਹੈ। ਬੀਤੇ ਦਿਨ ਪੰਜਾਬ ਵਿਧਾਨ ਸਭਾ 'ਚ ਜਿਸ ਤਰਾਂ ਕਾਂਗਰਸ ਦੇ ਹੀ ਮੰਤਰੀਆਂ ਤੇ ਵਿਧਾਇਕਾਂ ਨੇ ਆਪਣੀ ਸਰਕਾਰ ਖਿਲਾਫ਼, ਬਾਦਲਾਂ ਤੇ ਮਜੀਠੀਏ ਵਿਰੁੱਧ ਕੋਈ ਕਾਰਵਾਈ ਨਾ ਕਰਨ ਤੇ ਭੜਾਸ ਕੱਢੀ, ਉਸ ਨੇ ਵੀ ਸੰਕੇਤ ਦਿੱਤਾ ਕਿ ਕੈਪਟਨ ਅਮਰਿੰਦਰ ਸਿੰਘ ਤੇ ਬਾਦਲਾਂ ਵਿਚ ਕੋਈ ਅੰਦੂਰਨੀ ਗੰਢ-ਤੁੱਪ ਹੋ ਸਰਦੀ ਹੈ। ਇਨ੍ਹਾਂ ਤੱਥਾਂ ਨੂੰ ਵੇਖਦਿਆਂ ਹੀ ਸ਼ੱਕ ਪ੍ਰਗਟ ਕੀਤੀ ਜਾ ਰਹੀ ਹੈ ਕਿ ਬਰਗਾੜੀ ਕਾਂਡ ਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਸਿਖ਼ਰਲੇ ਦੋਸ਼ੀਆਂ ਨੂੰ ਬਚਾਉਣ ਦੀ ਕੋਈ ਸਾਜਿਸ਼ ਨਾ ਚੱਲ ਰਹੀ ਹੋਵੇ।

ਦੱਸ ਦੇਈਏ ਕਿ ਬੇਅਦਬੀ ਦੀਆਂ ਘਟਨਾਵਾਂ ਤੇ ਇਸ ਨਾਲ ਜੁੜੇ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਪੰਜਾਬ ਪੁਲੀਸ ਦੇ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਸਆਈਟੀ ਦੀ ਟੀਮ ਨਾਲ ਸਬੰਧਤ

ਬਾਕੀ ਸਫ਼ਾ 29 'ਤੇ




















Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
Serving the Bay Area Since 1996
We have moved to
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com




1984
audiobook
ਅਣਚਿਤਵਿਆ ਕਹਿਰ
ਬੋਲਦੀ ਕਿਤਾਬ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।
ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

# ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਸਾਕਾ ਨਕੋਦਰ ਦੇ ਮਹਾਨ ਸ਼ਹੀਦਾਂ ਦੀ 33ਵੀਂ ਸ਼ਹੀਦੀ ਵਰ੍ਹੇਗੰਢ ਸ਼ਰਧਾ ਨਾਲ ਮਨਾਈ

## *ਸ਼ਹੀਦਾਂ ਦੇ ਚਿੱਤਰ ਗੁਰਦਵਾਰਾ ਸਾਹਿਬ ਦੇ ਸੈਮੀਨਾਰ ਹਾਲ 'ਚ ਸਥਾਪਿਤ*

**ਮਿਲਪੀਟਸ (ਕੈਲੀਫੋਰਨੀਆ)/ਏਟੀ ਨਿਊਜ਼ :** ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦੀ 33ਵੀਂ ਸ਼ਹੀਦੀ ਵਰ੍ਹੇਗੰਢ ਬਹੁਤ ਹੀ ਸ਼ਰਧਾ ਨਾਲ ਮਨਾਈ ਗਈ। ਸਟੇਜ ਸਕੱਤਰ ਸ. ਜਗਜੀਤ ਸਿੰਘ ਕੰਗ ਨੇ ਭਾਵਪੂਰਤ ਤਰੀਕੇ ਨਾਲ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਗੁਰਦੁਆਰਾ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਸੁਖਦੇਵ ਸਿੰਘ ਜੀ, ਡਾ. ਰਵਿੰਦਰ ਸਿੰਘ ਅਤੇ ਭਾਈ ਰਾਜਵਿੰਦਰ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਸਰਵਣ ਕਰਵਾਇਆ। ਕਥਾ ਵਾਚਕ ਭਾਈ ਬਚਿੱਤਰ ਸਿੰਘ ਜੀ ਨੇ ਸਾਕਾ ਨਕੋਦਰ ਅਤੇ ਸਿੱਖ ਸ਼ਹਾਦਤਾਂ ਬਾਰੇ ਸੰਗਤਾਂ ਨਾਲ ਵਿਚਾਰਾਂ ਕੀਤੀਆਂ ।

ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਅਮਰੀਕੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਜੀ ਹੋਠੀ ਅਤੇ ਡਾ. ਪ੍ਰਿਤਪਾਲ ਸਿੰਘ ਜੀ ਨੇ ਸਾਕਾ ਨਕੋਦਰ ਦੇ ਸ਼ਹੀਦਾਂ ਦੇ ਡੁੱਲੇ ਖ਼ੂਨ ਦੇ ਇਨਸਾਫ ਲਈ ਹਰ ਤਰ੍ਹਾਂ ਦੀ ਮਦਦ ਦਾ ਯਕੀਨ ਦਿਵਾਇਆ। ਸਿੱਖ ਨੇਤਾਵਾਂ ਨੇ ਸਮੂਹ ਪੰਥਕ ਜਥੇਬੰਦੀਆਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਉਤੇ ਦਬਾਅ ਪਾਇਆ ਜਾਵੇ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਐਕਸ਼ਨ ਟੇਕਨ ਰਿਪੋਰਟ ਸਮੇਤ ਵਿਧਾਨ ਸਭਾ ਦੇ ਸ਼ੈਸ਼ਨ ਵਿਚ ਰੱਖਿਆ ਜਾਵੇ। ਉਨ੍ਹਾਂ ਨੇ ਸ. ਹਰਵਿੰਦਰ ਸਿੰਘ ਜੀ ਫੂਲਕਾ, ਸ. ਕੰਵਰ ਸੰਧੂ, ਡਾ. ਧਰਮਵੀਰ ਗਾਂਧੀ, ਸ. ਕੁਲਤਾਰ ਸਿੰਘ ਸੰਧਵਾਂ, ਸ. ਗੁਰਪ੍ਰਤਾਪ ਸਿੰਘ ਵਡਾਲਾ, ਸ. ਸੁਖਪਾਲ ਸਿੰਘ ਖਹਿਰਾ, ਚੌਧਰੀ ਸੰਤੋਖ ਸਿੰਘ ਅਤੇ ਸ. ਹਰਪਾਲ ਸਿੰਘ ਚੀਮਾ ਦੇ ਸਾਕਾ ਨਕੋਦਰ ਦੇ ਇਨਸਾਫ ਲਈ ਕੀਤੇ ਜਾ ਰਹੇ ਯਤਨਾਂ ਲਈ ਇਨ੍ਹਾਂ ਨੇਤਾਵਾਂ ਦਾ ਧੰਨਵਾਦ ਵੀ ਕੀਤਾ ।

ਇਸ ਮੌਕੇ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਛੋਟੇ ਵੀਰ ਡਾ. ਹਰਿੰਦਰ ਸਿੰਘ ਨੇ ਸੰਗਤਾਂ ਨੂੰ ਸਾਕਾ ਨਕੋਦਰ ਡਾ ਅੱਖੀਂ ਡਿੱਠਾ ਹਾਲ ਅਤੇ ਪਰਿਵਾਰ ਵਲੋਂ ਪਿਛਲੇ 33 ਸਾਲਾਂ ਤੋਂ ਕੀਤੇ ਸ਼ੰਘਰਸ਼ ਬਾਰੇ ਜਾਣਕਾਰੀ ਦਿੰਦਿਆਂ ਇਹ ਵੀ ਦੱਸਿਆ ਕਿ ਸਰਕਾਰਾਂ ਨੇ ਹਰ ਕੋਸ਼ਿਸ਼ ਕੀਤੀ ਕਿ ਜਸਟਿਸ ਗੁਰਨਾਮ ਸਿੰਘ ਰਿਪੋਰਟ ਜਨਤਕ ਨਾ ਹੋਵੇ ਅਤੇ ਆਖਿਰ ਜਨਤਕ ਦਬਾਅ ਹੇਠ ਸਪੀਕਰ ਪੰਜਾਬ ਵਿਧਾਨ ਸਭਾ 13 ਫਰਵਰੀ 2019 ਨੂੰ ਇਹ ਜਾਣਕਾਰੀ ਦੇਣ ਲਈ ਮਜਬੂਰ ਹੋ ਗਿਆ ਕਿ ਰਿਪੋਰਟ ਦਾ ਪਹਿਲਾ ਹਿੱਸਾ (ਸੈਕਸ਼ਨ 1) 5 ਮਾਰਚ 2001 ਨੂੰ ਬਿਨਾ ਐਕਸ਼ਨ ਟੇਕਨ ਰਿਪੋਰਟ ਦੇ ਵਿਧਾਨ ਸਭਾ ਵਿੱਚ ਰੱਖਿਆ ਗਿਆ ਸੀ। ਸਪੀਕਰ ਪੰਜਾਬ ਵਿਧਾਨ ਸਭਾ ਵਲੋਂ 16 ਦਸੰਬਰ 1986 ਦੀ



ਤਾਰੀਖ ਨੂੰ ਵੀ ਇਹ ਰਿਪੋਰਟ ਵਿਧਾਨ ਸਭਾ ਵਿਚ ਰੱਖਣ ਦੀ ਜਾਣਕਾਰੀ ਗ਼ਲਤ ਹੈ ਕਿਉਂਕਿ ਉਹ ਰਿਪੋਰਟ ਜਸਟਿਸ ਗੁਰਨਾਮ ਸਿੰਘ ਵਲੋਂ ਸ. ਜਗਜੀਤ ਸਿੰਘ ਰੋਡੇ ਸਪੁੱਤਰ ਬਾਬਾ ਜੋਗਿੰਦਰ ਸਿੰਘ ਜੀ ਰੋਡੇ ਦੇ ਕਤਲ ਬਾਰੇ ਹੈ, ਨਾ ਕੇ ਸਾਕਾ ਨਕੋਦਰ ਦੌਰਾਨ ਪੁਲਿਸ ਵਲੋਂ ਗੋਲੀਆਂ ਮਾਰ ਕੇ ਸ਼ਹੀਦ ਕੀਤੇ ਚਾਰ ਸਿੰਘਾਂ ਬਾਰੇ ।

ਡਾ. ਹਰਿੰਦਰ ਸਿੰਘ ਨੇ ਇਹ ਵੀ ਖ਼ੁਲਾਸਾ ਕੀਤਾ ਕਿ 5 ਮਾਰਚ 2001 ਦੀ ਵਿਧਾਨ ਸਭਾ ਦੀ ਰਿਪੋਰਟਿੰਗ ਜੋ ਮੀਡੀਏ ਵਿੱਚ ਹੋਈ, ਉਸ ਮੁਤਾਬਿਕ ਪੰਜਾਬ ਵਿਧਾਨ ਸਭਾ ਵਿਚ ਕੋਈ ਕਾਰਵਾਈ ਹੀ ਨਹੀਂ ਹੋਈ ਅਤੇ ਪੰਜਾਬ ਸਰਕਾਰ ਅਤੇ ਇਸ ਦੇ ਵੱਖ ਵੱਖ ਮਹਿਕਿਮਆਂ ਵਲੋਂ ਪਰਿਵਾਰ ਵਲੋਂ ਵਾਰ ਵਾਰ ਬੇਨਤੀਆਂ ਪਾਉਣ ਦੇ ਬਾਵਜੂਦ ਕਦੇ ਵੀ ਇਹ ਖ਼ੁਲਾਸਾ ਨਹੀਂ ਕੀਤਾ ਕਿ ਇਹ ਰਿਪੋਰਟ ਪੰਜਾਬ ਵਿਧਾਨ ਸਭਾ ਦੀ ਲਾਇਬ੍ਰੇਰੀ ਵਿਚੋਂ ਉਪਲਭਦ ਕੀਤੀ ਜਾ ਸਕਦੀ ਹੈ। ਉਲਟਾ ਇਹ ਰਿਪੋਰਟ ਉਨ੍ਹਾਂ ਕੋਲ ਨਾ ਹੋਣ ਦੇ ਹੀ ਬਹਾਨੇ ਦਿੱਤੇ ਗਏ।

ਉਨ੍ਹਾਂ ਨੇ ਕਿਹਾ ਕਿ ਹੁਣ ਜਦੋਂ ਰਿਪੋਰਟ ਦਾ ਪਹਿਲਾ ਹਿੱਸਾ ਬਾਹਰ ਆ ਗਿਆ ਹੈ, ਤਾਂ ਸਰਕਾਰ ਇਸ ਰਿਪੋਰਟ ਉਤੇ ਤੁਰੰਤ ਕਾਰਵਾਈ ਕਰਕੇ, ਦੋਸ਼ੀਆਂ ਨੂੰ ਕਾਨੂੰਨ ਮੁਤਾਬਿਕ ਬਣਦੀ ਸਜ਼ਾ ਦਿਵਾ ਕੇ ਪੀੜਤ ਪਰਿਵਾਰਾਂ ਦੇ ਦੁਖੀ ਹਿਰਦੇ ਸ਼ਾਂਤ ਕਰੇ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ 33 ਸਾਲ ਤਕ ਕਾਤਲਾਂ ਦੀ ਪਰਦਾਪੋਸ਼ੀ ਕਰਨ ਅਤੇ ਰਿਪੋਰਟ ਹਨੇਰੇ ਵਿੱਚ ਰੱਖਣ ਲਈ ਪੀੜਿਤ ਪਰਿਵਾਰਾਂ ਤੋਂ ਮੁਆਫੀ ਮੰਗੇ। ਡਾ. ਹਰਿੰਦਰ ਸਿੰਘ ਨੇ ਕਿਹਾ ਹੈ ਕਿ ਸਾਕਾ ਨਕੋਦਰ ਦੇ ਸ਼ਹੀਦਾਂ ਦੇ ਡੁੱਲੇ ਖ਼ੂਨ ਦਾ ਇਨਸਾਫ ਮਿਲਣ ਤੱਕ ਇਹ ਸ਼ੰਘਰਸ਼ ਜਾਰੀ ਰੱਖਣਗੇ। ਇਸ ਮੌਕੇ ਸਾਕਾ ਨਕੋਦਰ ਦੌਰਾਨ ਸ਼ਹਾਦਤਾਂ ਪ੍ਰਾਪਤ ਕਰਨ ਵਾਲੇ ਸਿੱਖ ਸ਼ਹੀਦਾਂ ਭਾਈ ਰਵਿੰਦਰ ਸਿੰਘ ਜੀ, ਭਾਈ ਝਿਲਮਣ ਸਿੰਘ ਜੀ, ਭਾਈ ਬਲਧੀਰ ਸਿੰਘ ਜੀ ਅਤੇ ਭਾਈ ਹਰਮਿੰਦਰ ਸਿੰਘ ਜੀ ਦੇ ਚਿੱਤਰ ਗੁਰਦੁਆਰਾ ਸਾਹਿਬ ਦੇ ਸੈਮੀਨਾਰ ਹਾਲ ਵਿਚ ਅਰਦਾਸ ਉਪਰੰਤ ਸਥਾਪਿਤ ਕੀਤੇ ਗਏ ।



# ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਕਸ਼ਮੀਰੀ ਵਿਦਿਆਰਥੀਆਂ ਨੂੰ ਰਿਹਾਇਸ਼ ਦੀ ਪੇਸ਼ਕਸ਼

**ਚੰਡੀਗੜ੍ਹ/ਏਟੀ ਨਿਊਜ਼ :** ਕਸ਼ਮੀਰ ਘਾਟੀ ਵਿਚ ਵਾਪਰੇ ਪੁਲਵਾਮਾ ਕਾਂਡ ਦੇ ਪਿੱਛੋਂ ਵਿੱਦਿਅਕ ਸੰਸਥਾਵਾਂ ਵਿਚ ਪੜ੍ਹਦੇ ਕਸ਼ਮੀਰੀ ਵਿਦਿਆਰਥੀਆਂ ਉਪਰ ਹਮਲੇ ਅਤੇ ਰਿਹਾਇਸ਼ਗਾਹਾਂ ਵਿਚੋਂ ਜਬਰੀ ਕੱਢਣ ਦੀਆਂ ਘਟਨਾਵਾਂ ਦੀ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਪੁਰਜ਼ੋਰ ਨਿਖੇਧੀ ਕੀਤੀ ਹੈ ਅਤੇ ਪੀੜਤ ਕਸ਼ਮੀਰੀ ਵਿਦਿਆਰਥੀਆਂ ਨੂੰ ਰਿਹਾਇਸ਼ ਤੇ ਖਾਣੇ ਦੀ ਪੇਸ਼ਕਸ਼ ਕੀਤੀ ਹੈ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਖੁਸ਼ਹਾਲ ਸਿੰਘ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਇਨ੍ਹਾਂ ਪੀੜਤ ਵਿਦਿਆਰਥੀਆਂ ਦੀ ਮੱਦਦ ਲਈ ਜੋ ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ ਅੱਗੇ ਆਈਆਂ ਹਨ, ਸਭਾ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕਰਦੀ ਹੈ ਅਤੇ ਉਨ੍ਹਾਂ ਦਾ ਸਨਮਾਨ ਵੀ ਕੀਤਾ ਜਾਵੇਗਾ। ਨਿਰਦੋਸ਼ ਕਸ਼ਮੀਰੀ ਵਿਦਿਆਰਥੀਆਂ ਨਾਲ ਉਸੇ ਤਰਜ਼ 'ਤੇ ਜ਼ੁਲਮ ਅਤੇ ਧੱਕਾ ਹੋ ਰਿਹਾ ਹੈ, ਜਿਵੇਂ 1675 ਵਿਚ ਕਸ਼ਮੀਰੀ ਪੰਡਤਾਂ ਨਾਲ ਹੋਇਆ ਸੀ। ਉਸ ਸਮੇਂ ਪੀੜਤ ਬ੍ਰਾਹਮਣ ਆਪਣੀ ਫਰਿਆਦ ਲੈ ਕੇ ਨੌਂਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਆਏ ਸਨ। ਅਜੋਕੀਆਂ ਘਟਨਾਵਾਂ ਦੇ ਪ੍ਰਸੰਗ ਤੇ ਹਾਲਾਤ ਭਾਵੇਂ ਬਦਲੇ ਹੋਏ ਹਨ ਪਰ ਹਾਕਮ ਜਮਾਤ ਨਾਲ ਜੁੜੇ ਵਰਗਾਂ ਦੀ ਧੱਕੇਸ਼ਾਹੀ ਦਾ ਵਰਤਾਰਾ ਉਸੇ ਤਰਜ਼ 'ਤੇ ਹੋ ਰਿਹਾ ਹੈ, ਜਿਵੇਂ 350 ਸਾਲ ਪਹਿਲਾਂ ਵਾਪਰਦਾ ਰਿਹਾ ਸੀ। ਗੁਰੂ ਸਾਹਿਬ ਵੱਲੋਂ ਕਸ਼ਮੀਰੀਆਂ ਲਈ ਦਿੱਤੀ ਸ਼ਹਾਦਤ ਦੀ ਪ੍ਰੰਪਰਾ ਉਤੇ ਪਹਿਰਾ ਦੇਣ ਵਾਲੀਆਂ ਸਿੱਖ ਸੰਸਥਾਵਾਂ ਹੁਣ ਪੀੜਤ ਕਸ਼ਮੀਰੀ ਵਿਦਿਆਰਥੀਆਂ ਦੀ ਮੱਦਦ ਕਰ ਕੇ ਆਪਣਾ ਫਰਜ਼ ਅਦਾ ਕਰ ਰਹੀਆਂ ਹਨ। ਸਿੰਘ ਸਭਾ ਨੇ ਕੈਪਟਨ ਅਮਰਿੰਦਰ ਸਿੰਘ ਦੇ "ਅੱਖ ਬਦਲੇ ਅੱਖ ਕੱਢਣ" ਵਾਲੇ ਮੋਦੀ-ਨੁਮਾ ਗੈਰ-ਜ਼ਿੰਮੇਵਾਰਾਨਾ ਬਿਆਨ ਦੀ ਸਖਤ ਨਿਖੇਧੀ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਦੇ ਅਹੁਦੇ ਉਤੇ ਬੈਠ ਕੇ ਅਜਿਹੇ ਭੜਕਾਊ ਬਿਆਨ ਦੇਣਾ ਇਸ ਖਿੱਤੇ ਵਿਚ ਹਿੰਸਾ ਨੂੰ ਸੱਦਾ ਦੇਣਾ ਹੈ ਜੋ ਪੰਜਾਬ ਲਈ ਬੇਹੱਦ ਖਤਰਨਾਕ ਹੈ। ਕੈਪਟਨ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਭਾਰਤ ਅਤੇ ਪਾਕਿਸਤਾਨ ਦੀ ਜੰਗ ਲੱਗਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਵੇਗਾ। ਕਸ਼ਮੀਰੀਆਂ ਵਿਰੁੱਧ ਮੁਹਿੰਮ ਚਲਾਉਣ ਵਾਲੇ ਹਿੰਦੂਤਵੀ ਗਰੁੱਪਾਂ ਨੂੰ ਸੁਚੇਤ ਕਰਦਿਆਂ ਸਿੰਘ ਸਭਾ ਨੇ ਕਿਹਾ ਕਿ ਉਹ ਨਿਰਦੋਸ਼ ਕਸ਼ਮੀਰੀਆਂ ਨੂੰ ਭਾਰਤ ਦੇ ਸੂਬਿਆਂ ਚੋਂ ਧੱਕੇ ਨਾਲ ਬਾਹਰ ਕੱਢ ਕੇ ਉਨ੍ਹਾਂ ਅੰਦਰ ਖੁਦ ਹੀ ਬੇਗਾਨਗੀ ਦੀਆਂ ਭਾਵਨਾਵਾਂ ਪੈਦਾ ਕਰ ਰਹੇ ਹਨ।

## ਨਾਮਧਾਰੀ ਧੜਿਆਂ ਵਿਚ ਗੈਂਗਵਾਰ, ਤਿੰਨ ਗ੍ਰਿਫ਼ਤਾਰ

**ਮੁਕੇਰੀਆਂ/ਏਟੀ ਨਿਊਜ਼ :** ਇੱਥੋਂ ਦੀ ਨਾਮਧਾਰੀ ਧਰਮਸ਼ਾਲਾ ਵਿੱਚ ਸੰਤ ਉਦੈ ਸਿੰਘ ਪੱਖੀ ਧਿਰ ਦੇ ਸਮਾਗਮ ਨੂੰ ਲੈ ਕੇ ਠਾਕੁਰ ਦਲੀਪ ਸਿੰਘ ਤੇ ਸੰਤ ਉਦੈ ਸਿੰਘ ਦੇ ਸਮਰਥਕਾਂ ਦਰਮਿਆਨ ਗੋਲੀਬਾਰੀ ਹੋਣ ਦੀ ਖ਼ਬਰ ਹੈ। ਨਾਮਧਾਰੀ ਸੰਪਰਦਾ ਭੈਣੀ ਸਾਹਿਬ ਤੋਂ ਸੰਤ ਉਦੈ ਸਿੰਘ ਦੇ ਸਮਰਥਕਾਂ ਵੱਲੋਂ 16 ਫਰਵਰੀ ਨੂੰ ਮੁਕੇਰੀਆਂ ਦੀ ਖਿੱਚੀਆਂ ਰੋਡ 'ਤੇ ਪੈਂਦੀ ਦੋਹਾਂ ਧਿਰਾਂ ਦੀ ਸਾਂਝੀ ਨਾਮਧਾਰੀ ਧਰਮਸ਼ਾਲਾ ਵਿੱਚ ਸਮਾਗਮ ਕਰਵਾਇਆ ਜਾਣਾ ਸੀ। ਇਸ ਸਬੰਧੀ ਠਾਕੁਰ ਦਲੀਪ ਸਿੰਘ ਪੱਖੀ ਧਿਰ ਦੇ ਆਗੂ ਜਸਵੰਤ ਸਿੰਘ ਨੇ ਪੁਲੀਸ ਕੋਲ ਸ਼ਿਕਾਇਤ ਕੀਤੀ ਸੀ ਕਿ ਵਿਰੋਧੀ ਧਿਰ ਸਮਾਗਮ ਦੀ ਆੜ ਵਿੱਚ ਧਰਮਸ਼ਾਲਾ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ। ਇਸ ਮਾਮਲੇ ਨੂੰ ਲੈ ਕੇ ਦੋਹਾਂ ਧਿਰਾਂ ਨੂੰ ਥਾਣੇ ਬੁਲਾਇਆ ਗਿਆ ਸੀ, ਪੁਲੀਸ ਨੂੰ ਸਮਾਗਮ ਕਰਾਉਣ ਵਾਲੀ ਧਿਰ ਨੇ ਭਰੋਸਾ ਦਿੱਤਾ ਸੀ ਕਿ ਉਹ ਕੇਵਲ ਸਮਾਗਮ ਕਰਾਉਣਗੇ ਕਥਿਤ ਕਬਜ਼ਾ ਕਰਨ ਦੀ ਉਨ੍ਹਾਂ ਦੀ ਕੋਈ ਮਨਸ਼ਾ ਨਹੀਂ ਹੈ। ਸ਼ਾਮ ਜਦੋਂ ਸੰਤ ਉਦੈ ਸਿੰਘ ਦੇ ਸਮਰਥਕ ਸਮਾਗਮ ਦੀ ਤਿਆਰੀ ਸਬੰਧੀ ਜਸਵੰਤ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਧਰਮਸ਼ਾਲਾ ਵੱਲ ਆਏ ਤਾਂ ਪਹਿਲਾਂ ਤੋਂ ਹੀ ਅੰਦਰ ਦਾਖ਼ਲ ਦੂਜੀ ਧਿਰ ਦੇ ਸਮਰਥਕਾਂ ਨੇ ਕਥਿਤ ਹਵਾਈ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਸੂਚਨਾ ਮਿਲਣ 'ਤੇ ਡੀਐੱਸਪੀ ਰਵਿੰਦਰ ਸਿੰਘ ਅਤੇ ਐੱਸਐੱਚਓ ਕਰਨੈਲ ਸਿੰਘ ਦੀ ਅਗਵਾਈ ਵਾਲੀ ਪੁਲੀਸ ਪਾਰਟੀ ਨੇ ਜਸਵੰਤ ਸਿੰਘ ਕਲਸੀ ਸਮੇਤ ਗੋਲੀ ਚਲਾਉਣ ਵਾਲੇ ਜਰਨੈਲ ਸਿੰਘ ਜੈਲਾ ਤੇ ਇਕ ਹੋਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਪੁਲੀਸ ਨੇ ਮੌਕੇ 'ਤੇ ਧਰਮਸ਼ਾਲਾ ਖਾਲੀ ਕਰਵਾ ਕੇ ਸੁਰੱਖਿਆ ਵਧਾ ਦਿੱਤੀ ਹੈ।


When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



WHITE HAWK TRUCKING INC
Need Drivers & Owner Operators
Dedicated Load (ਪੱਕੇ ਲੋਡ)
Immediate Payment Option
West Coast I-5 Route

• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
Call for more Info:
510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)
2101 MARTIN LUTHER KING JR WAY STOCKTON, CA 95205

# ਨਕੋਦਰ ਬੇਅਦਬੀ ਕਾਂਡ : ਪੀੜਤ ਪਰਿਵਾਰਾਂ ਵੱਲੋਂ ਐਕਸ਼ਨ ਟੇਕਨ ਰਿਪੋਰਟ 'ਤੇ ਵਿਧਾਨ ਸਭਾ 'ਚ ਬਹਿਸ ਕਰਾਉਣ ਦੀ ਮੰਗ

## *ਇਜ਼ਹਾਰ ਆਲਮ ਤੇ ਦਰਬਾਰਾ ਸਿੰਘ ਗੁਰੂ ਦੀ ਭੂਮਿਕਾ 'ਤੇ ਉਠਿਆ ਸਵਾਲ*

**ਜਲੰਧਰ/ਏਟੀ ਬਿਊਰੋ :** ਨਕੋਦਰ ਬੇਅਦਬੀ ਕਾਂਡ ਦੇ ਪੀੜਤ ਪਰਿਵਾਰਾਂ ਨੇ 33 ਸਾਲਾਂ ਦੌਰਾਨ ਪਹਿਲੀ ਵਾਰ ਮੀਡੀਆ ਸਾਹਮਣੇ ਆ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਮੰਗ ਕੀਤੀ ਹੈ ਕਿ ਉਹ ਬੇਅਦਬੀ ਕਾਂਡ ਬਾਰੇ ਸੰਨ 2001 ਵਿਚ ਪੇਸ਼ ਕੀਤੀ ਗਈ ਰਿਪੋਰਟ 'ਤੇ ਕਾਰਵਾਈ ਕਰਵਾਉਣ ਲਈ ਐਕਸ਼ਨ ਟੇਕਨ ਰਿਪੋਰਟ ਵਿਧਾਨ ਸਭਾ ਵਿਚ ਰੱਖਣ। ਜ਼ਿਕਰਯੋਗ ਹੈ ਕਿ ਨਕੋਦਰ ਗੋਲੀਕਾਂਡ 'ਚ ਪੁਲੀਸ ਦੀਆਂ ਗੋਲੀਆਂ ਨਾਲ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ, ਭਾਈ ਬਲਧੀਰ ਸਿੰਘ, ਭਾਈ ਝਿਲਮਣ ਸਿੰਘ ਤੇ ਭਾਈ ਹਰਮਿੰਦਰ ਸਿੰਘ ਸ਼ਹੀਦ ਹੋ ਗਏ ਸਨ। ਇਨ੍ਹਾਂ ਵਿਚੋਂ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ, ਭਾਈ ਝਿਲਮਣ ਸਿੰਘ ਗੌਰਸੀਆਂ ਦੀ ਭੈਣ ਰਾਜਵਿੰਦਰ ਕੌਰ ਤੇ ਭਾਈ ਬਲਧੀਰ ਸਿੰਘ ਦੀ ਭੈਣ ਕਰਮਜੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ 33 ਸਾਲਾਂ ਤੋਂ ਇਨਸਾਫ ਦੀ ਉਡੀਕ ਕਰ ਰਹੇ ਹਨ। ਇਸ ਸਮੇਂ ਦੌਰਾਨ ਬਣੀਆਂ ਸੂਬਾ ਸਰਕਾਰਾਂ ਵਿਚੋਂ ਅਜੇ ਤਕ ਕਿਸੇ ਨੇ ਵੀ ਉਨ੍ਹਾਂ ਨੂੰ ਇਨਸਾਫ ਨਹੀਂ ਦਿੱਤਾ।




ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਨਕੋਦਰ ਦੇ ਇਕ ਗੁਰਦੁਆਰਾ ਸਾਹਿਬ ਵਿਚ ਪੰਜ ਬੀੜਾਂ ਸੜ ਗਈਆਂ ਸਨ। ਉਸ ਵਿਰੁੱਧ ਸਿੱਖਾਂ ਵਿਚ ਭਾਰੀ ਰੋਸ ਸੀ। ਜਦੋਂ ਸ਼ਾਂਤਮਈ ਢੰਗ ਨਾਲ 4 ਫਰਵਰੀ 1986 ਨੂੰ ਸਿੱਖ ਸੜੀਆਂ ਹੋਈਆਂ ਪੰਜ ਬੀੜਾਂ ਦੀ ਸਾਂਭ ਸੰਭਾਲ ਲਈ ਜਾ ਰਹੇ ਸਨ ਤਾਂ ਪੁਲੀਸ ਨੇ ਉਨ੍ਹਾਂ 'ਤੇ ਅੰਨੇਵਾਹ ਗੋਲੀਆਂ ਚਲਾ ਦਿੱਤੀਆਂ ਸਨ। ਇਸ ਘਟਨਾ ਵਿਚ ਉਪਰੋਕਤ ਚਾਰ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ। ਬਲਦੇਵ ਸਿੰਘ ਲਿੱਤਰਾਂ ਨੇ ਕਿਹਾ ਕਿ ਉਸ ਵੇਲੇ ਇਸ ਘਟਨਾ ਦੀ ਜਾਂਚ ਲਈ ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਬਣਿਆ ਸੀ। ਉਸ ਦੀ ਰਿਪੋਰਟ ਜਨਤਕ ਨਹੀਂ ਸੀ ਕੀਤੀ ਗਈ। ਉਨ੍ਹਾਂ ਨੂੰ ਇਹ ਜਾਣ ਕੇ ਦੁੱਖ ਹੋਇਆ ਕਿ ਸਾਲ 2001 ਵਿਚ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਚੋਰੀ ਛੁਪੇ ਹੀ ਇਹ ਰਿਪੋਰਟ ਵਿਧਾਨ ਸਭਾ 'ਚ ਪੇਸ਼ ਕਰ ਦਿੱਤੀ ਸੀ। ਇਸ ਦੀ ਭਿਣਕ ਪੰਜਾਬ ਦੇ ਲੋਕਾਂ ਨੂੰ ਨਹੀਂ ਸੀ ਪੈਣ ਦਿੱਤੀ। ਰਿਪੋਰਟ ਵਿਚ ਸ਼ਾਮਲ ਪੁਲੀਸ ਤੇ ਹੋਰ ਅਧਿਕਾਰੀਆਂ ਦੀ ਕਾਰਗੁਜ਼ਾਰੀ 'ਤੇ ਉਂਗਲ ਉਠੀ ਸੀ। ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਰਿਪੋਰਟ ਵਿਚ ਕਥਿਤ ਤੌਰ 'ਤੇ ਦੋਸ਼ੀ ਪਾਏ ਗਏ ਇਨ੍ਹਾਂ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਸੀ ਕੀਤੀ।

ਪੀੜਤ ਪਰਿਵਾਰਾਂ ਨੇ ਮੰਗ ਕੀਤੀ ਕਿ ਇਸ ਘਟਨਾ 'ਚ ਉਸ ਵੇਲੇ ਦੇ ਜਲੰਧਰ ਜ਼ਿਲ੍ਹੇ ਦੇ ਐਸਐਸਪੀ ਰਹੇ ਇਜ਼ਹਾਰ ਆਲਮ ਅਤੇ ਵਧੀਕ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਦੀ ਭੂਮਿਕਾ ਬਾਰੇ ਜਾਂਚ ਕੀਤੀ ਜਾਵੇ। ਨਵੇਂ ਸਿਰੇ ਤੋਂ ਸਿੱਟ ਬਣਾਈ ਜਾਵੇ, ਦੋਸ਼ੀ ਪੁਲੀਸ ਅਧਿਕਾਰੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ।1986 ਵਿਚ ਵਾਪਰੀ ਇਸ ਘਟਨਾ ਦੌਰਾਨ ਕਰਫਿਊ ਲੱਗਾ ਹੋਣ ਦੇ ਬਾਵਜੂਦ ਸ਼ਿਵ ਸੈਨਾ ਵੱਲੋਂ ਸ਼ਹਿਰ 'ਚ ਮਾਰਚ ਕਰਕੇ ਭੜਕਾਹਟ ਪੈਦਾ ਕਰਨ ਦੇ ਮਾਮਲੇ ਨੂੰ ਵੀ ਘੋਖਿਆ ਜਾਵੇ। ਐਕਸ਼ਨ ਟੇਕਨ ਰਿਪੋਰਟ 'ਤੇ ਵਿਧਾਨ ਸਭਾ ਵਿਚ ਬਹਿਸ ਹੋਵੇ। ਬਲਦੇਵ ਸਿੰਘ ਲਿੱਤਰਾਂ ਨੇ ਕਿਹਾ ਕਿ 4 ਫਰਵਰੀ 1986 ਨੂੰ ਪੁਲੀਸ ਦੀਆਂ ਗੋਲੀਆਂ ਨਾਲ ਜਦੋਂ ਇਹ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ, ਤਾਂ ਉਨ੍ਹਾਂ ਨੇ ਆਪਣੇ ਪੁੱਤਰ ਸਮੇਤ ਬਾਕੀ ਤਿੰਨ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਪਛਾਣ ਲਿਆ ਸੀ ਤੇ ਉਹ ਸਾਰਾ ਦਿਨ ਲਾਸ਼ ਲੈਣ ਦੀ ਉਡੀਕ ਕਰਦੇ ਰਹੇ ਪਰ ਪੁਲੀਸ ਨੇ 5 ਫਰਵਰੀ 1986 ਨੂੰ ਸਵੇਰੇ 7.00 ਵਜੇ ਇਨ੍ਹਾਂ ਚਾਰੇ ਨੌਜਵਾਨਾਂ ਦੀਆਂ ਲਾਸ਼ਾਂ ਲਾਵਾਰਸ ਕਹਿ ਕੇ ਸਾੜ ਦਿੱਤੀਆਂ ਸਨ। ਰੋਸ ਵਜੋਂ ਲਾਏ ਗਏ ਧਰਨੇ ਦੌਰਾਨ ਸੁਰਜੀਤ ਸਿੰਘ ਐਸਪੀ ਦੇ, ਉਦੋਂ ਦੇ ਅਕਾਲੀ ਦਲ ਦੇ ਆਗੂ ਅਜੀਤ ਸਿੰਘ ਕੋਹਾੜ ਨੇ ਇਸ ਗੱਲੋਂ ਥੱਪੜ ਵੀ ਮਾਰਿਆ ਸੀ, ਜਦੋਂ ਉਸ ਨੇ ਐਸਐਸਪੀ ਇਜ਼ਹਾਰ ਆਲਮ, ਵਿਧਾਇਕ ਕੁਲਦੀਪ ਸਿੰਘ ਵਡਾਲਾ, ਸੁਰਜੀਤ ਸਿੰਘ ਮਿਨਹਾਸ ਅਤੇ ਸੁਰਿੰਦਰ ਸਿੰਘ ਥੰਮਣਵਾਲ ਦੀ ਹਾਜ਼ਰੀ ਵਿਚ ਕਿਹਾ ਸੀ ਕਿ ਜੋ ਉਸ ਨੇ ਕਰਨਾ ਸੀ ਕਰ ਦਿੱਤਾ।

ਬਾਦਲਾਂ 'ਤੇ 1984 ਦੰਗਿਆਂ ਦੇ ਨਾਂ 'ਤੇ ਸਿਆਸਤ ਕਰਨ ਦਾ ਦੋਸ਼ ਲਾਉਂਦਿਆਂ ਬਲਦੇਵ ਸਿੰਘ ਲਿੱਤਰਾਂ ਨੇ ਕਿਹਾ ਕਿ ਉਹ ਖਾਨਦਾਨੀ ਅਕਾਲੀ ਹਨ ਪਰ ਬਾਦਲਾਂ ਨੂੰ ਇਹ ਗੱਲ ਸਪੱਸ਼ਟ ਕਰਨੀ ਪਵੇਗੀ ਕਿ ਉਨ੍ਹਾਂ ਨੇ ਪੰਜਾਬ ਅੰਦਰਲੇ 'ਸੱਜਣ ਕੁਮਾਰਾਂ' ਤੇ 'ਜਗਦੀਸ਼ ਟਾਈਟਲਰਾਂ' ਨੂੰ ਕੁੱਛੜ ਕਿਉਂ ਚੁੱਕਿਆ ਹੋਇਆ ਹੈ ? ਪੰਜਾਬ ਵਿਧਾਨ ਸਭਾ ਵਿਚ ਇਸ ਮਾਮਲੇ ਨੂੰ ਚੁੱਕਣ ਲਈ ਉਨ੍ਹਾਂ ਨੇ ਸੀਨੀਅਰ ਐਡਵੋਕੇਟ ਐਚਐਸ ਫੂਲਕਾ, ਕੰਵਰ ਸਿੰਘ ਸੰਧੂ, ਕੁਲਤਾਰ ਸਿੰਘ ਸੰਧਵਾਂ ਅਤੇ ਕੇਂਦਰ ਸਰਕਾਰ ਕੋਲ ਮਾਮਲੇ ਨੂੰ ਉਠਾਉਣ ਲਈ ਐਮਪੀ ਧਰਮਵੀਰ ਗਾਂਧੀ ਦਾ ਧੰਨਵਾਦ ਕੀਤਾ।

# ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਮੱਧਕਾਲੀ ਚੋਣਾਂ ਹੋਣ ਦੇ ਆਸਾਰ

## *ਜਨਰਲ ਬਾਡੀ ਮੀਟਿੰਗ 17 ਮਾਰਚ ਨੂੰ*

**ਫਰੀਮੌਂਟ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਪਿਛਲੀ ਮਾਰਚ ਤੋਂ ਸੁਪਰੀਮ ਕੌਂਸਲ ਦੀ ਚੋਣ ਤੋਂ ਬਾਅਦ ਵੱਖ ਵੱਖ ਧੜਿਆਂ ਵਿਚ ਪ੍ਰਬੰਧ ਨੂੰ ਲੈ ਕੇ ਖਿੱਚੋਤਾਣ ਚੱਲਦੀ ਆ ਰਹੀ ਹੈ। 2012 ਵਿਚ ਗੁਰਦੁਆਰਾ ਸਾਹਿਬ ਦਾ ਮਾਹੌਲ ਸੁਖਾਵਾਂ ਬਣਾਉਣ ਲਈ ਵੱਡੇ ਧੜਿਆਂ ਨੇ ਰਲ ਕੇ ਸਿੱਖ ਪੰਚਾਇਤ ਬਣਾ ਲਈ ਸੀ ਪਰ ਇਸ ਸਾਲ ਭਾਈ ਗੁਰਮੀਤ ਸਿੰਘ ਧੜੇ ਨੇ ਸਿੱਖ ਪੰਚਾਇਤ ਤੋਂ ਕਿਨਾਰਾ ਕਰਕੇ ਬਾਸਾ ਦੇ ਕੁੱਝ ਮੈਂਬਰਾਂ ਨਾਲ ਸਾਂਝ ਪਾ ਲਈ ਅਤੇ ਜਿਸ ਕਾਰਨ ਗੁਰਦੁਆਰੇ ਵਿਚ ਮਾਹੌਲ ਵਿਗੜਨ ਲੱਗਾ। 23 ਨਵੰਬਰ ਨੂੰ ਇਨ੍ਹਾਂ ਦੇ ਧੜੇ ਦੇ ਦਰਸ਼ਨ ਸੰਧੂ ਨੇ ਦੀਵਾਨ ਹਾਲ ਵਿੱਚ ਹੀ ਕੰਵਲਜੀਤ ਸਿੰਘ ਦੇ ਸਿਰ ਵਿੱਚ ਸਿਰੀ ਸਾਹਿਬ ਨਾਲ ਵਾਰ ਕਰ ਦਿੱਤੇ ਸੀ ਜਿਸਤੋਂ ਬਾਅਦ ਮਾਹੌਲ ਲਗਾਤਾਰ ਵਿਗੜਦਾ ਚਲਾ ਜਾ ਰਿਹਾ ਹੈ। ਉਸ ਘਟਨਾ ਦੀ ਮੁਆਫੀ ਮੰਗਣ ਦੀ ਬਜਾਏ ਇਹ ਧੜੇ ਵੱਲੋਂ ਸਿੱਖ ਪੰਚਾਇਤ ਦੇ ਮੈਂਬਰਾਂ ਨੂੰ ਚੈਲੰਜ ਕਰਕੇ ਬਦਮਾਸ਼ੀ ਫੈਲਾਈ ਜਾ ਰਹੀ ਹੈ। ਇਸ ਸਾਰੀ ਸਥਿਤੀ ਦਾ ਜਾਇਜ਼ਾ ਲੈਂਦੇ ਹੋਏ ਤੇ ਗੁਰਦੁਆਰਾ ਸਾਹਿਬ ਦਾ ਮਾਹੌਲ ਸੁਖਾਵਾਂ ਬਣਾਉਣ ਲਈ ਪ੍ਰਬੰਧਕੀ ਕਮੇਟੀ ਨੇ 17 ਮਾਰਚ ਨੂੰ ਜਨਰਲ ਬਾਡੀ ਸੱਦ ਕੇ ਫੈਸਲਾ ਸਾਧ ਸੰਗਤ ਤੇ ਛੱਡ ਦਿੱਤਾ ਹੈ। ਸੁਪਰੀਮ ਕੌਂਸਲ ਵਿਚ ਖਾਲਸਾ ਧੜੇ ਦਾ ਇਕ ਮੈਂਬਰ ਹੈ ਪਰ ਦੋ ਸੁਪਰੀਮ ਕੌਂਸਲ ਮੈਂਬਰ ਸਿੱਖ ਪੰਚਾਇਤ ਛੱਡ ਕੇ ਇਨ੍ਹਾਂ ਨਾਲ ਜਾ ਰਲੇ। ਸੁਪਰੀਮ ਕੌਂਸਲ ਵੱਲੋਂ ਗੁਰਦੁਆਰਾ ਸਾਹਿਬ ਦੇ ਦਿਨ-ਬ-ਦਿਨ ਕੰਮ ਚਲਾਉਣ ਲਈ ਵਲੋਂ 84 ਮੈਂਬਰੀ ਕਮੇਟੀ ਬਣਾਈ ਗਈ ਸੀ ਅਤੇ ਉਸ ਨੇ ਤਣਾਅਪੂਰਨ ਮਾਹੌਲ ਦੇਖਦੇ ਹੋਏ ਸਾਧ ਸੰਗਤ ਨੂੰ ਇਸ ਦਾ ਹੱਲ ਕੱਢਣ ਲਈ ਜਨਰਲ ਬਾਡੀ ਸੱਦ ਲਈ ਹੈ ਜੋ ਕਿ 17 ਮਾਰਚ ਨੂੰ ਹੈ। ਜਨਰਲ ਬਾਡੀ ਨੇ ਸਿਰਫ਼ ਇਹੀ ਫੈਸਲਾ ਕਰਨਾ ਹੈ ਕਿ ਮੱਧਕਾਲੀ ਚੋਣਾਂ ਕਰਾਉਣੀਆਂ ਹਨ ਜਾਂ ਨਹੀਂ ?



ਭਾਈ ਜਸਵਿੰਦਰ ਸਿੰਘ ਜੰਡੀ ਇਸ ਕਮੇਟੀ ਦੇ ਪ੍ਰਧਾਨ ਹਨ ਅਤੇ ਪ੍ਰਧਾਨ ਦੀ ਦੇਖ ਰੇਖ ਵਿਚ ਹੀ ਜਨਰਲ ਬਾਡੀ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਸੁਪਰੀਮ ਕੌਂਸਲ ਦਾ ਸਿਧਾਂਤ ਪੰਜ ਪਿਆਰਿਆਂ ਦੇ ਸਿਧਾਂਤ ਤੋਂ ਸੇਧ ਲੈ ਕੇ ਬਣਿਆ ਹੈ ਤੇ ਇਸ ਵਿਚ ਹਰ ਫੈਸਲਾ ਸਰਬਸੰਮਤੀ ਨਾਲ ਹੀ ਹੁੰਦਾ ਹੈ। ਜਿਵੇਂ ਗੁਰਮੱਤ ਸਿਧਾਂਤ ਵਿਚ 'ਪੰਜ ਪਿਆਰੇ' ਬਹੁਸੰਮਤੀ ਨਾਲ ਫੈਸਲਾ ਨਹੀਂ ਲੈ ਸਕਦੇ, ਇਸੇ ਤਰਾਂ ਗੁਰਦੁਆਰਾ ਬਾਈਲਾਜ਼ ਵਿਚ ਵੀ ਸੁਪਰੀਮ ਕੌਂਸਲ ਬਹੁਸੰਮਤੀ ਨਾਲ ਫੈਸਲਾ ਨਹੀਂ ਲੈ ਸਕਦੀ। ਵੈਸੇ ਵੀ ਸੁਪਰੀਮ ਕੌਂਸਲ ਦਾ ਮੁੱਖ ਕੰਮ ਕਮੇਟੀ ਬਣਾਉਣਾ ਹੁੰਦਾ ਹੈ ਤੇ ਕਮੇਟੀ ਨੇ ਪ੍ਰਬੰਧ ਚਲਾਉਣਾ ਹੁੰਦਾ ਹੈ। ਇਸ ਲਈ ਪ੍ਰਬੰਧਕ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਇਹ ਫੈਸਲਾ ਸੰਗਤ ਤੋਂ ਹੀ ਲੈ ਲਿਆ ਜਾਵੇ ਤਾਂ ਜੋ ਕਿਸੇ ਨਾਲ ਪੱਖਪਾਤ ਨਾ ਹੋ ਸਕੇ। ਉਨ੍ਹਾਂ ਨੇ ਸੰਗਤ ਨੂੰ ਬੇਨਤੀ ਕੀਤੀ ਕਿ 17 ਮਾਰਚ ਨੂੰ ਜਨਰਲ ਬਾਡੀ ਵਿਚ ਆ ਕੇ ਵੋਟਾਂ ਪਾਓ ਤਾਂ ਜੋ ਚੋਣਾਂ ਕਰਾਈਆਂ ਜਾ ਸਕਣ।


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- **Excellent Payment**
- **Easy Aboard ELD Logbook**




MC NO. # 464630

**6120 Faith Home Rd Ceres, CA 95307**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਜਸਟਿਸ ਗੁਰਨਾਮ ਸਿੰਘ ਜਾਂਚ ਪੜਤਾਲ ਕਮਿਸ਼ਨ, ਪੰਜਾਬ

# ਹਵਾਲਾ ਨਕੋਦਰ ਘਟਨਾ

### ਭਾਗ-1

### *ਜਾਂਚ ਪੜਤਾਲ ਰਿਪੋਰਟ*

ਚੰਡੀਗੜ੍ਹ, ਅਕਤੂਬਰ 31, 1986

**4 ਫਰਵਰੀ 1986 ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਕਸਬਾ ਨਕੋਦਰ ਵਿਖੇ ਇਕ ਹੌਲਨਾਕ ਕਾਂਡ ਵਾਪਰਿਆ ਸੀ। ਅਖੌਤੀ ਸ਼ਿਵ ਸੈਨਿਕਾਂ ਨੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਬੇਅਦਬੀ ਕੀਤੀ ਸੀ। ਸਿੱਖ ਸੰਗਤਾਂ ਨੇ ਜਦੋਂ ਰੋਸ ਵਿਚ ਅਮਨ-ਪੂਰਵਕ ਜਲੂਸ ਕੱਢਿਆ ਤਾਂ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਦੇ ਲਾਠੀਚਾਰਜ ਕੀਤਾ। ਇਸ ਦੌਰਾਨ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਤੇ ਸੈਂਕੜੇ ਜ਼ਖਮੀ ਹੋਏ। ਇਸ ਬਾਬਤ ਤਤਕਾਲੀਨ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਜਾਂਚ ਵਾਸਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਦੀ ਰਿਪੋਰਟ ਲੰਮਾ ਸਮਾਂ ਦਬਾ ਕੇ ਰੱਖਣ ਤੋਂ ਬਾਅਦ ਸਾਲ 2001 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਵਿਧਾਨ ਸਭਾ 'ਚ ਪੇਸ਼ ਹੋਈ ਪਰ ਬਾਦਲ ਸਰਕਾਰ ਨੇ ਵੀ ਕੋਈ ਕਾਰਵਾਈ ਕਰਨ ਦੀ ਥਾਂ ਇਸ ਰਿਪੋਰਟ ਨੂੰ ਮੁੜ ਨੱਪ ਲਿਆ। ਲੰਮੀ ਜੱਦੋਜਹਿਦ ਤੋਂ ਬਾਅਦ ਆਖਿਰ ਮੁੜ ਇਸ ਰਿਪੋਰਟ ਨੂੰ ਬਾਹਰ ਲਿਆਉਣ ਵਿਚ ਕਾਮਯਾਬੀ ਮਿਲੀ ਹੈ। ਅਦਾਰਾ "ਅੰਮ੍ਰਿਤਸਰ ਟਾਈਮਜ਼" ਵੱਲੋਂ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਹੂਬਹੂ ਉਤਾਰਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ-ਸੰਪਾਦਕ।**



ਨਕੋਦਰ ਵਿਖੇ ਵਾਪਰੀਆਂ ਕੁਝ ਘਟਨਾਵਾਂ ਦੀ ਜਾਂਚ-ਪੜਤਾਲ ਲਈ ਨਿਯੁਕਤ ਕੀਤੇ ਗਏ ਮਿਸਟਰ ਗੁਰਨਾਮ ਸਿੰਘ ਜੱਜ ਜਾਂਚ ਕਮਿਸ਼ਨ ਦੁਆਰਾ ਭੇਜੀ ਗਈ ਜਾਂਚ ਪੜਤਾਲ ਰਿਪੋਰਟ:-

1. ਗੁਰੂ ਨਾਨਕਪੁਰਾ ਮੁਹੱਲਾ ਨਕੋਦਰ ਵਿਚ ਇਕ ਗੁਰਦੁਆਰਾ ਹੈ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸ੍ਰੀ ਸੁਖਚੈਨ ਸਿੰਘ ਗੁਰਦੁਆਰੇ ਦੇ ਗ੍ਰੰਥੀ ਹਨ ਅਤੇ ਗੁਰਦੁਆਰੇ ਵਿਚ ਹੀ ਉਨ੍ਹਾਂ ਦੀ ਰਿਹਾਇਸ਼ ਹੈ। ਗੁਰਦੁਆਰੇ ਦੇ ਵੱਡੇ ਦੀਵਾਨ ਹਾਲ ਦੇ ਨਾਲ ਲਗਦਾ ਇਕ ਛੋਟਾ 'ਸੁੱਖ ਆਸਨ' ਕਮਰਾ ਹੈ। ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ 'ਬੀੜਾਂ' ਰੱਖੀਆਂ ਜਾਂਦੀਆਂ ਹਨ। ਗੁਰਦੁਆਰੇ ਦੇ ਵੱਡੇ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਘਟਨਾ ਵਾਲੇ ਦਿਨ ਇਕ ਪਵਿੱਤਰ ਬੀੜ ਤਖਤਪੋਸ਼ 'ਤੇ ਪ੍ਰਕਾਸ਼ ਕੀਤੀ ਹੋਈ ਸੀ, ਜਦੋਂ ਕਿ ਹੋਰ ਚਾਰ ਬੀੜਾਂ ਰੁਮਾਲਿਆਂ ਵਿਚ ਲਪੇਟ ਕੇ ਸੁੱਖ ਆਸਣ ਕਮਰੇ ਵਿਚ ਰੱਖੀਆਂ ਹੋਈਆਂ ਸਨ। ਉਸ ਕਮਰੇ ਵਿਚ ਬਹੁਤ ਸਾਰੇ ਰੁਮਾਲੇ ਵੀ ਰੱਖੇ ਹੋਏ ਸਨ।

2. 2 ਫਰਵਰੀ, 1986 ਨੂੰ ਸਵੇਰੇ ਗੁਰਦੁਆਰੇ ਦਾ ਗ੍ਰੰਥੀ ਸ੍ਰੀ ਸੁਖਚੈਨ ਸਿੰਘ ਨੂਰ ਮਹਿਲ ਰੋਡ ਨਕੋਦਰ ਦੇ ਨਿਵਾਸੀ ਸ੍ਰੀ ਸਾਧੂ ਸਿੰਘ ਦੇ ਘਰ ਉਸ ਦੀ ਸਪੁੱਤਰੀ ਦੇ ਅਨੰਦ ਕਾਰਜ ਦੀ ਰਸਮ ਅਦਾ ਕਰਨ ਲਈ ਗਿਆ ਹੋਇਆ ਸੀ। ਸ੍ਰੀਮਤੀ ਗੁਰਦੀਪ ਕੌਰ ਸੁਪੱਤਨੀ ਸ੍ਰੀ ਸੁਖਚੈਨ ਸਿੰਘ ਆਪਣੇ ਗੁਰਦੁਆਰੇ ਵਾਲੇ ਰਿਹਾਇਸ਼ੀ ਕੁਆਟਰ ਵਿਚ ਸੀ। ਲਗਭਗ 9.45 ਵਜੇ ਸਵੇਰੇ ਸ੍ਰੀਮਤੀ ਗੁਰਦੀਪ ਕੌਰ ਨੂੰ ਸੁੱਖ ਆਸਨ ਵਾਲੇ ਕਮਰੇ 'ਚੋਂ ਧਮਾਕੇ ਅਤੇ ਸ਼ੀਸ਼ੇ ਟੁੱਟਣ ਦੀ ਆਵਾਜ਼ ਆਈ ਅਤੇ ਉਹ ਉਸ ਕਮਰੇ ਵੱਲ ਗਈ। ਉਸ ਨੇ ਉਸ ਕਮਰੇ ਵਿਚੋਂ ਧੂੰਆਂ ਅਤੇ ਅੱਗ ਬਾਹਰ ਆਉਂਦੇ ਵੇਖੇ। ਉਹ ਤੁਰੰਤ ਆਪਣੇ ਗੁਆਂਢੀ ਸ੍ਰੀ ਜਸਵੀਰ ਸਿੰਘ ਦੇ ਘਰ ਗਈ ਅਤੇ ਘਟਨਾ ਬਾਰੇ ਦੱਸਿਆ। ਸ੍ਰੀ ਜਸਵੀਰ ਸਿੰਘ, ਸ੍ਰੀਮਤੀ ਗੁਰਦੀਪ ਕੌਰ ਨਾਲ ਗੁਰਦੁਆਰੇ ਪਹੁੰਚੇ ਅਤੇ ਉਨ੍ਹਾਂ ਨੇ ਉਸ ਕਮਰੇ ਵਿਚ ਅੱਗ ਬੁਝਾਉਣ ਲਈ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਕੁਝ ਹੋਰ ਬੰਦੇ ਵੀ ਉੱਥੇ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਵੀ ਅੱਗ ਬੁਝਾਉਣ ਵਿਚ ਉਨ੍ਹਾਂ ਦੀ ਸਹਾਇਤਾ ਕੀਤੀ। ਪੁਲਿਸ ਮੌਕੇ 'ਤੇ ਵਾਰਦਾਤ ਤੇ ਪਹੁੰਚੀ ਅਤੇ ਸ੍ਰੀਮਤੀ ਗੁਰਦੀਪ ਕੌਰ ਦੇ ਬਿਆਨ ਦਰਜ ਕੀਤੇ,ਜਿਸ ਦੇ ਆਧਾਰ ਤੇ ਭਾਰਤੀ ਦੰਡ ਸੰਘਤਾ ਦੀਆਂ ਧਾਰਾ 295/436 ਅਧੀਨ ਪ੍ਰਥਮ ਸੂਚਨਾ ਰਿਪੋਟ ਨੰ. 50, ਪੁਲਿਸ ਸਟੇਸ਼ਨ ਨਕੋਦਰ ਵਿਚ ਦਰਜ ਕੀਤੀ ਗਈ।

3. ਗੁਰਦੁਵਾਰੇ ਵਿਚ ਅੱਗ ਲੱਗਣ ਦੀ ਖ਼ਬਰ ਸੁਣਦੇ ਸ੍ਰੀ ਗੋਪਾਲ ਸਿੰਘ ਡਿਪਟੀ ਸੁਪਰਡੈਂਟ ਪੁਲਿਸ ਅਤੇ ਸ੍ਰੀ ਸੁਰਜੀਤ ਸਿੰਘ ਰਾਜਪੂਤ ਉਪ ਮੰਡਲ ਮੈਜਿਸਟ੍ਰੇਟ ਤੁਰੰਤ ਗੁਰਦੁਆਰੇ ਗਏ। ਉਨ੍ਹਾਂ ਨੇ ਦੇਖਿਆ ਕਿ ਸਾਰਾ ਸਾਮਾਨ ਅਤੇ ਅੰਸ਼ਕ ਜਲੀਆਂ 'ਬੀੜਾਂ' ਕਮਰੇ ਤੋਂ ਬਾਹਰ ਕੱਢ ਕੇ ਰੱਖੀਆਂ ਹੋਈਆਂ ਸਨ। ਉਥੇ ਇਕੱਠੇ ਹੋਏ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਕਿਸੇ ਵੀ ਵਿਅਕਤੀ ਨੂੰ ਆਉਂਦੇ ਜਾਂਦੇ ਨਹੀਂ ਵੇਖਿਆ। ਐਸ. ਡੀ.ਐਮ. ਅਤੇ ਡੀ.ਐਸ.ਪੀ. ਅਨੁਸਾਰ ਦੋਨੋਂ ਫਿਰਕਿਆਂ ਦੇ ਲੋਕ ਗੁਰਦੁਆਰੇ ਵਿਚ ਇਕੱਠੇ ਹੋਏ ਸਨ ਅਤੇ ਇਹ ਫੈਸਲਾ ਕੀਤਾ ਗਿਆ ਕਿ ਉਹ ਖੰਡਨ ਹੋਈਆਂ 'ਬੀੜਾਂ' ਦੀ ਜਗ੍ਹਾ ਨਵੀਆਂ ਬੀੜਾਂ ਲਿਆਉਣਗੇ ਅਤੇ ਖੰਡਨ ਹੋਈਆਂ ਬੀੜਾਂ ਦਾ ਉਹ ਗੋਇੰਦਵਾਲ ਸਾਹਿਬ ਵਿਖੇ ਸੰਸਕਾਰ ਕਰਨਗੇ ਅਤੇ ਗੋਇੰਦਬਾਲ ਸਾਹਿਬ ਨੂੰ ਬੀੜਾਂ ਲਿਜਾਣ ਲਈ ਇਕ ਮੈਟਾਡੋਰ ਦਾ ਪ੍ਰਬੰਧ ਕੀਤਾ ਗਿਆ। ਅਧਿਕਾਰੀਆਂ ਨੇ ਸੋਚਿਆ ਕਿ ਸ਼ਹਿਰ ਵਿਚ ਕਿਸੇ ਪ੍ਰਕਾਰ ਦਾ ਤਨਾਵ ਨਹੀਂ ਹੈ ਅਤੇ ਉਹ ਗੁਰਦੁਆਰੇ ਤੋਂ ਵਾਪਸ ਆ ਗਏ। ਲਗਭਗ ਸ਼ਾਮੀਂ 4.15 ਵਜੇ ਸਥਾਨਕ ਅਧਿਕਾਰੀਆਂ ਨੇ ਸੁਣਿਆ ਕਿ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਆਪਣਾ ਫੈਸਲਾ ਬਦਲ ਲਿਆ ਹੈ। ਐਸ. ਡੀ.ਐਮ. ਅਤੇ ਡੀ.ਐਸ.ਪੀ. ਨੇ ਸਿੱਖ ਸੰਪ੍ਰਦਾਇ ਦੇ ਕੁਝ ਮਹੱਤਵਪੂਰਨ ਵਿਅਕਤੀਆਂ ਨਾਲ ਸੰਪਰਕ ਕਾਇਮ ਕੀਤਾ ਅਤੇ ਉਨ੍ਹਾਂ ਨੇ ਦੱਸਿਆ ਕਿ 3 ਫਰਵਰੀ, 1986 ਨੂੰ ਬੰਦ ਦਾ ਸੱਦਾ ਦਿੱਤਾ ਹੈ ਅਤੇ ਜਲੂਸ ਕੱਢਣ ਦਾ ਫੈਸਲਾ ਕੀਤਾ ਹੈ। ਅਥਾਰਟੀਆਂ ਨੇ ਅਕਾਲੀ ਨੇਤਾਵਾਂ ਨੂੰ ਜਲੂਸ ਨਾ ਕੱਢਣ ਬਾਰੇ ਪੁਰਜ਼ੋਰ ਕੋਸ਼ਿਸ਼ ਕੀਤੀ ਪਰ ਉਹ ਬੰਦ ਦੇ ਸੱਦੇ ਨੂੰ ਵਾਪਸ ਲੈਣ ਅਤੇ ਜਲੂਸ ਕੱਢਣ ਲਈ ਅੜੇ ਰਹੇ। ਡੀ.ਐਸ.ਪੀ. ਨੇ ਐਸ.ਐਸ. ਪੀ. ਜਲੰਧਰ ਨੂੰ ਸਥਿਤੀ ਤੋਂ ਜਾਣੂ ਕਰਾਉਂਦੇ ਹੋਏ 3 ਫਰਵਰੀ , 1986 ਨੂੰ ਸ਼ਹਿਰ ਵਿਚ ਕਾਨੂੰਨ ਅਤੇ ਵਿਵਸਥਾ ਕਾਇਮ ਰੱਖਣ ਲਈ ਵਾਧੂ ਬਲਾਂ ਲਈ ਕਿਹਾ।

4. 3 ਫਰਵਰੀ, 1986 ਨੂੰ ਐਸ.ਐਸ.ਪੀ. ਆਪਣੀ ਪਲਟਨ ਸਮੇਤ ਨਕੋਦਰ ਪਹੁੰਚ ਗਿਆ। ਅਧਿਕਾਰੀਆਂ ਨੇ ਸੁਣਿਆ ਕਿ ਜਲੰਧਰ-ਨਕੋਦਰ ਸੜਕ 'ਤੇ ਏ.ਆਈ.ਐਸ.ਐਸ.ਐਫ਼ ਦੇ ਕਾਰਜਕਰਤਾਵਾਂ ਨੇ ਬੱਸਾਂ ਦੇ ਟਾਇਰ ਜਲਾ ਦਿੱਤੇ ਹਨ ਅਤੇ ਟ੍ਰੈਫਿਕ ਜਾਮ ਕਰ ਦਿੱਤਾ ਹੈ। ਅਧਿਕਾਰੀ ਉਥੇ ਪਹੁੰਚੇ। ਸ੍ਰੀ ਪਰਮਜੀਤ ਸਿੰਘ ਮੱਲ੍ਹੀ ਏ.ਐਸ.ਆਈ.ਐਸ.ਐਫ਼ ਦੇ ਮਸ਼ਹੂਰ ਕਾਰਜਕਰਤਾ ਨੇ ਉਥੇ ਇਕੱਠੇ ਹੋਏ ਲੜਕਿਆਂ ਨੂੰ ਸੰਬੋਧਨ ਕੀਤਾ ਅਤੇ ਗੁਰਦੁਆਰੇ ਵਿਚ ਅੱਗ ਲੱਗਣ ਦੀ ਘਟਨਾ ਦੇ ਸਬੰਧ ਵਿਚ ਨਕੋਦਰ ਦੇ ਹਿੰਦੂ ਸ਼ਿਵ ਸੈਨਾ ਦੇ ਪ੍ਰਧਾਨ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਪੁਲਿਸ ਨੇ ਸ੍ਰੀ ਮੱਲ੍ਹੀ ਨੂੰ ਅਤੇ ਹੋਰਾਂ ਨੂੰ ਦੱਸਿਆ ਕਿ ਕਿਸੇ ਨੇ ਵੀ ਸੁਖ ਆਸਨ ਕਮਰੇ ਵਿਚ ਕਿਸੇ ਵਿਅਕਤੀ ਨੂੰ ਅੱਗ ਲਾਉਂਦੇ ਨਹੀਂ ਵੇਖਿਆ। ਇਸ ਲਈ ਬਿਨਾਂ ਸਬੂਤ ਤੋਂ ਕਿਸੇ ਨੂੰ ਗ੍ਰਿਫ਼ਤਾਰ ਕਰਨਾ ਮੁਸ਼ਕਲ ਹੈ ਅਤੇ ਤਫ਼ਤੀਸ਼ ਮਗਰੋਂ ਜੇਕਰ ਕੋਈ ਇਸ ਸ਼ਰਾਰਤ (ਕੰਮ) ਵਿਚ ਦੋਸ਼ੀ ਪਾਇਆ ਗਿਆ ਤਾਂ ਉਸ ਨੂੰ ਗ੍ਰਿਫਤਾਰ ਕੀਤਾ ਜਾਵੇਗਾ। ਏ.ਆਈ. ਐਸ.ਐਸ.ਐਫ਼ ਲੀਡਰ ਇਸ ਨਾਲ ਸਹਿਮਤ ਨਹੀਂ ਸਨ ਅਤੇ ਉਹ ਇਲਾਕੇ ਦੇ ਸ਼ਿਵ ਸੈਨਾ ਪ੍ਰਧਾਨ ਸ੍ਰੀ ਰਮੇਸ਼ ਚੋਪੜਾ ਉਰਫ਼ ਖਾਨ ਨੂੰ ਗ੍ਰਿਫ਼ਤਾਰ ਕਰਨ ਲਈ ਜ਼ੋਰ ਦਿੰਦੇ ਰਹੇ। ਇਹ ਵੀ ਦੋਸ਼ ਲਾਇਆ ਗਿਆ ਕਿ ਏ.ਆਈ.ਐਸ. ਐਸ.ਐਫ਼ ਬੰਦਿਆਂ ਦੇ ਸ਼ਹਿਰ ਵਿਚ ਜਲੂਸ ਕੱਢਿਆ ਅਤੇ ਕੁਝ ਸੰਪਤੀ ਨੂੰ ਵੀ ਨੁਕਸਾਨ ਪਹੁੰਚਾਇਆ ਅਤੇ ਪੁਲਿਸ ਸਟੇਸਨ ਪਹੁੰਚ ਕੇ ਉਹ ਧਰਨੇ 'ਤੇ ਬੈਠ ਗਏ। ਉਹ ਲਗਭਗ 4.30 ਵਜੇ ਸ਼ਾਮੀਂ ਉਥੇ ਇਹ ਐਲਾਨ ਕਰਕੇ ਘਰੋਂ ਘਰੀਂ ਚਲੇ ਗਏ ਕਿ ਉਹ ਕੱਲ੍ਹ ਫਿਰ 4 ਫਰਵਰੀ, 1986 ਨੂੰ ਗੁਰਦੁਆਰੇ ਵਿਚ ਸਵੇਰੇ 9 ਵਜੇ ਇਕੱਠੇ ਹੋਣਗੇ। ਇਸ ਘਟਨਾ ਸਬੰਧੀ ਕੇਸ ਭਾਰਤੀ ਦੰਡ ਸੰਘਤਾ ਦੀ ਧਾਰਾ 124ਏ, 189, 506, 148/149 ਅਧੀਨ ਐਫ਼.ਆਈ.ਆਰ. ਨੰ. 51 ਦਰਜ ਕੀਤੀ ਗਈ। ਮਿਤੀ 3 ਫਰਵਰੀ , 1986 ਨੂੰ ਸ਼ਾਮੀਂ 7 ਵਜੇ ਪੰਜਾਬ ਸ਼ਿਵ ਸੈਨਾ ਪ੍ਰਧਾਨ ਸ੍ਰੀ ਰਾਮਾਂ ਕਾਂਤ ਜਲੋਟਾ ਸ਼ਾਮੀਂ 7 ਵਜੇ ਨਕੋਦਰ ਪਹੁੰਚ ਗਿਆ ਅਤੇ ਹਿੰਦੂ ਸ਼ਿਵ ਸੈਨਾ ਦੇ ਕਾਰਜਕਰਤਾ ਨੇ ਜਲੂਸ ਕੱਢਿਆ। ਉਨ੍ਹਾਂ ਨੇ ਵੀ ਕੁਝ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ। ਪੁਲਿਸ ਸਟੇਸ਼ਨ ਨਕੋਦਰ ਵਿਚ ਭਾਰਤੀ ਦੰਡ ਸੰਘਤਾ ਪੈਨਲ ਕੋਡ ਦੀ ਧਾਰਾ 506/427/188/149 ਅਧੀਨ ਕੇਸ ਦਰਜ ਕੀਤਾ ਗਿਆ।

5. ਵਧੀਕ ਡਿਪਟੀ ਕਮਿਸ਼ਨਰ ਜੋ ਕਿ ਬਤੌਰ ਡਿਪਟੀ ਕਮਿਸ਼ਨਰ ਕੰਮ ਕਰ ਰਹੇ ਸਨ ਅਤੇ ਐਸ.ਐਸ.ਪੀ. ਜਲੰਧਰ ਵੀ ਨਕੋਦਰ ਪਹੁੰਚ ਗਏ। ਹਾਲਾਤ ਨੂੰ ਗੰਭੀਰ ਰੂਪ ਵਿਚ ਲੈਂਦੇ ਹੋਏ ਅਤੇ ਰਾਤ ਵੇਲੇ ਹਿੰਸਕ ਘਟਨਾਵਾਂ ਵਾਪਰਨ ਦੀ ਸੰਭਾਵਨਾ ਅਤੇ ਜ਼ਬਰਦਸਤ ਫਿਰਕੂ ਦੰਗਾ ਫਸਾਦ ਹੋਣ ਦੀ ਸੰਭਾਵਨਾ ਨੂੰ ਵੇਖਦੇ ਹੋਏ ਏ.ਡੀ.ਸੀ. ਨੇ ਮਿਤੀ 3 ਫਰਵਰੀ, 1986 ਸ਼ਾਮੀਂ 7.30 ਵਜੇ ਤੋਂ ਕਰਫਿਊ ਲਾ ਦਿੱਤਾ।

6. ਮਿਤੀ 4 ਫਰਵਰੀ, 1986 ਨੂੰ ਸਵੇਰੇ 9 ਵਜੇ ਬਾਬਾ ਜੋਗਿੰਦਰ ਸਿੰਘ ਨੇ ਆਪਣੇ ਹਮਾਇਤੀ ਲੋਕਾਂ ਨਾਲ ਗੁਰਦੁਆਰੇ, ਜਾ ਕੇ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਸੜੀਆਂ ਹੋਈਆਂ 'ਬੀੜਾਂ' ਦੇ ਦਰਸ਼ਨ ਕਰਨ ਲਈ ਸ਼ਹਿਰ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਨ੍ਹਾਂ ਨੂੰ ਸ਼ਹਿਰ ਵਿਚ ਕਰਫਿਊ ਲੱਗਿਆ ਹੋਣ ਕਾਰਨ ਉਥੇ ਨਾ ਜਾਣ ਲਈ ਪ੍ਰੇਰਿਤ ਕੀਤਾ ਗਿਆ। ਉਹ ਮੰਨ ਗਏ ਅਤੇ ਉਥੋਂ ਚਲੇ ਗਏ। ਨਕੋਦਰ ਸ਼ਹਿਰ ਦੀ ਫਿਰਨ ਤੇ ਜਲੰਧਰ ਨਕੋਦਰ ਸੜਕ 'ਤੇ ਸ਼ੇਰਪੁਰ ਨਹਿਰ ਦੇ ਪੁਲ 'ਤੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਗੁਰਦੁਆਰਾ ਮਲਾਰੀ ਤਰਫ਼ੋਂ ਹੋਰ ਬੰਦੇ ਉਨ੍ਹਾਂ ਨੂੰ ਪੁਲ 'ਤੇ ਆ ਮਿਲੇ ਅਤੇ ਉਹ ਸ਼ਹਿਰ ਵਿਚ ਦਾਖ਼ਲ ਹੋਣਾ ਚਾਹੁੰਦੇ ਸਨ। ਕਿਉਂਕਿ ਜੋ ਨਕੋਦਰ ਸ਼ਹਿਰ ਵਿਚ ਕਰਫਿਊ ਲੱਗਿਆ ਹੋਇਆ ਸੀ। ਪੁਲਿਸ ਨੇ ਜਲੂਸ ਵਾਲਿਆਂ ਨੂੰ ਕਰਫਿਊ ਵਾਲੇ ਇਲਾਕੇ ਵਿਚ ਦਾਖ਼ਲ ਨਾ ਹੋਣ ਲਈ ਕਿਹਾ, ਪ੍ਰੰਤੂ ਉਨ੍ਹਾਂ ਨੇ ਸ਼ਹਿਰ ਵੱਲ ਵਧਣ ਦੀ ਕੋਸ਼ਿਸ਼ ਕੀਤੀ, ਆਖਿਰ ਪੁਲਿਸ ਨੂੰ ਭੀੜ ਤੇ ਗੋਲੀ ਚਲਾਉਣੀ ਪਈ। ਜਿਸ ਦੇ ਫਲਸਰੂਪ ਤਿੰਨ ਬੰਦੇ ਮੌਕੇ ਤੇ ਹੀ ਮਾਰੇ ਗਏ ਅਤੇ ਇਕ ਬੰਦਾ ਬਾਅਦ ਵਿਚ ਮਰ ਗਿਆ ਅਤੇ ਕੁਝ ਜ਼ਖਮੀ ਹੋ ਗਏ।

7. ਸਰਕਾਰ ਨੇ ਇਸ ਮਾਮਲੇ ਦੀ ਜਨਤਕ ਅਵਸ਼ਕਤਾ ਨੂੰ ਸਮਝਦੇ ਹੋਏ ਮੈਨੂੰ ਨੋਟੀਫਿਕੇਸ਼ਨ ਨੰ. 32/1/86-4 ਐਚ (ꭥꭥ) 3760 ਮਿਤੀ, 13 ਫਰਵਰੀ, 1986 ਰਾਹੀਂ ਨਿਮਨ ਤੱਥਾਂ ਦੀ ਜਾਂਚ ਪੜਤਾਲ ਕਰਨ ਦੇ ਮੰਤਵ ਨਾਲ ਮੈਨੂੰ ਜਾਂਚ ਪੜਤਾਲ ਕਮਿਸ਼ਨ ਨਿਯੁਕਤ ਕੀਤਾ :-

(i) ਮਿਤੀ 2 ਫਰਵਰੀ, 1986 ਨੂੰ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਪਵਿੱਤਰ ਬੀੜਾਂ' ਦੇ ਜਲਣ ਨਾਲ ਸਬੰਧਤ ਹਾਲਤ ਦੀ ਜਾਂਚ ਪੜਤਾਲ।

(ii) ਨਕੋਦਰ ਵਿਖੇ ਮਿਤੀ 2 ਫਰਵਰੀ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਨੂੰ ਜਲਾਉਣ ਲਈ ਸੋਚਣ ਜਾਂ ਯੋਜਨਾ ਤਿਆਰ ਕਰਨ ਲਈ ਕੀ ਕੋਈ ਵਿਅਕਤੀ ਜਾਂ ਏਜੰਸੀਆਂ ਜਿੰਮੇਵਾਰ ਸਨ।

(iii) ਤਰਤੀਬਵਾਰ ਘਟਨਾਵਾਂ ਦੀ ਘੋਖ ਕਰਨ, ਅਮਨ ਕਾਨੂੰਨ ਦੀ ਹਾਲਤ ਖਰਾਬ ਕਰਨ ਸਬੰਧੀ ਸਥਿਤੀ, ਸਾਰੇ ਤੱਥ ਜਿਨ੍ਹਾਂ ਕਰਕੇ ਮਿਤੀ 3 ਫਰਵਰੀ, 1986 ਨੂੰ ਕਰਫਿਊ ਲਾਉਣਾ ਪਿਆ ਅਤੇ ਕੀ ਮਿਤੀ 4 ਫਰਵਰੀ, 1986 ਨੂੰ ਨਕੋਦਰ ਵਿਖੇ ਪੁਲਿਸ ਫਾਇਰਿੰਗ ਜਿਸ ਨਾਲ ਚਾਰ ਬੰਦੇ ਮਾਰੇ ਗਏ ਸਨ, ਜਾਇਜ਼ ਸੀ ?

ਕੀ ਪੁਲਿਸ ਦੁਆਰਾ ਕੀਤੇ ਗਏ ਸਕਿਉਰਟੀ ਪ੍ਰਬੰਧਾਂ ਵਿਚ ਕੋਈ ਖਾਮੀਆਂ ਸਨ ਅਤੇ ਕੀ ਉਥੇ ਕਿਸੇ ਕਿਸਮ ਦੀ ਅਣਗਹਿਲੀ ਵਰਤੀ ਗਈ ਜਾਂ ਮਿਤੀ 3 ਫਰਵਰੀ, 1986, 4 ਫਰਵਰੀ, 1986 ਅਤੇ 5 ਫਰਵਰੀ 1986 ਨੂੰ ਕਾਨੂੰਨ ਤੇ ਵਿਵਸਥਾ ਸਬੰਧੀ ਡਿਊਟੀ ਸਮੇਂ ਤੇ ਤੈਨਾਤ ਵਿਅਕਤੀਆਂ ਵਿਚ ਕਿਸੇ ਪ੍ਰਕਾਰ ਦੀਆਂ ਤਰੁਟੀਆਂ ਸਨ ?

ਇਸ ਤੋਂ ਇਲਾਵਾ ਕਮਿਸ਼ਨ ਨੂੰ ਸੁਧਾਰਕ ਉਪਾਵਾਂ ਦੀ ਸਿਫਾਰਸ਼ ਕਰਨ ਲਈ ਕਿਹਾ ਗਿਆ ਜੋ ਕਿ ਭਵਿੱਖ ਵਿਚ ਅਧਿਸੂਚਨਾ ਦੇ ਪੈਰਾ 2 ਦੇ ਖੰਡ iv ਵਿਚ ਦਰਸਾਏ ਗਏ ਮਾਮਲਿਆਂ ਦੇ ਸਬੰਧ ਵਿਚ ਉਠਾਏ ਜਾਣ ਦੀ ਜ਼ਰੂਰਤ ਹੈ।

8. ਇਸ ਜਾਂਚ ਪੜਤਾਲ ਦੇ ਮਾਮਲਿਆਂ ਸਬੰਧੀ ਜਨਤਾ ਕੋਲੋਂ ਇਸ ਘਟਨਾ ਦੇ ਤੱਥਾਂ ਬਾਰੇ ਆਪਣੇ ਬਿਆਨ ਦੇਣ ਲਈ ਪਬਲਿਕ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਇਹ ਮਿਤੀ 19 ਫਰਵਰੀ, 1986 ਨੂੰ ਦੈਨਿਕ ਟ੍ਰਿਬਿਊਨ, ਦੀ ਇੰਡੀਅਨ ਐਕਸਪ੍ਰੈਸ, ਰੋਜ਼ਾਨਾ ਅਜੀਤ ਅਤੇ ਅਕਾਲੀ ਪੱਤ੍ਰਕਾ ਅਖ਼ਬਾਰਾਂ ਵਿਚ ਅਤੇ 20 ਫਰਵਰੀ, 1986 ਨੂੰ ਦੈਨਿਕ ਟ੍ਰਿਬਿਊਨ, ਪੰਜਾਬੀ ਟ੍ਰਿਬਿਊਨ ਅਤੇ ਪੰਜਾਬ ਕੇਸਰੀ ਵਿਚ ਪ੍ਰਕਾਸ਼ਤ ਕੀਤਾ ਗਿਆ।

9. ਪੁਲਿਸ ਅਮਲੇ ਦੇ ਘਟਨਾ ਦੇ ਤੱਥਾਂ ਸਬੰਧੀ ਬਿਆਨਾਂ ਸਹਿਤ 20 ਹਲਫ਼ੀਆ ਬਿਆਨ ਵੱਖ ਵੱਖ ਤਾਰੀਖਾਂ ਨੂੰ ਕੌਂਸਲ ਸ੍ਰੀ ਐਮ.ਐਲ.ਨੰਦਾ ਰਾਹੀਂ ਦਾਇਰ ਕਰਵਾਏ ਗਏ। ਗੁਰਦੁਆਰਾ ਮੈਨੇਜਿੰਗ ਕਮੇਟੀ ਦੇ ਵਕੀਲ ਸ੍ਰੀ ਚਰਨ ਸਿੰਘ ਨੇ 29 ਅਪ੍ਰੈਲ, 1986 ਨੂੰ 13 ਹਲਫ਼ਨਾਮੇ ਦਾਇਰ ਕੀਤੇ। ਦੋ ਹੋਰ ਹਲਫ਼ਨਾਮੇ ਮਿਤੀ 9.5.1986 ਨੂੰ ਸ੍ਰੀ ਅਵਤਾਰ ਸਿੰਘ ਕਲੇਰ, ਗੁਰਦੁਆਰਾ ਮੈਨੇਜਿੰਗ ਕਮੇਟੀ ਦੇ ਕੌਂਸਲ ਵਲੋਂ ਦਾਇਰ ਕਰਵਾਏ ਗਏ ਸਨ। 18 ਹਲਫ਼ਨਾਮੇ ਆਮ ਜਨਤਾ ਤੋਂ ਪ੍ਰਾਪਤ ਹੋਏ। ਸ੍ਰੀਮਤੀ ਗੁਰਦੀਪ ਕੌਰ ਅਤੇ ਤਿੰਨ ਹੋਰ ਵਿਅਕਤੀ ਜਿਹੜੇ ਘਟਨਾ ਸਮੇਂ ਮੌਕੇ 'ਤੇ ਹਾਜ਼ਰ ਸਨ ਅਤੇ ਹਲਫ਼ਨਾਮੇ ਦੀ ਮਿਤੀ 19 ਅਪ੍ਰੈਲ, 19 8 6 ਨੂੰ ਜਦੋਂ ਮੈਂ ਨਕੋਦਰ ਗਿਆ ਪੇਸ਼ ਕੀਤੇ ਗਏ ਸਨ। ਦੋਵੇਂ ਧਿਰਾਂ ਅਰਥਾਤ ਪੁਲਿਸ ਤੇ ਹੋਰ ਅਧਿਕਾਰੀ ਗੁਰਦੁਆਰਾ ਮੈਨੇਜਿੰਗ ਕਮੇਟੀ ਦੇ ਵਕੀਲਾਂ ਨੂੰ ਅਲੱਗ ਅਲੱਗ ਪਾਰਟੀਆਂ ਦੁਆਰਾ ਦਾਇਰ ਹਲਫ਼ਨਾਮਿਆਂ ਦੀ ਜਾਂਚ ਪੜਤਾਲ ਕਰਨ ਮਗਰੋਂ ਜਵਾਬੀ ਹਲਫ਼ਨਾਮੇ ਦਾਇਰ ਕਰਨ ਲਈ ਕਿਹਾ ਗਿਆ। ਹਲਫ਼ਨਾਮੇ ਦਾਇਰ ਕੀਤੇ। ਇਹ 24 ਮਈ 1986 ਨੂੰ ਮੁਕੰਮਲ ਹੋ ਗਿਆ।

10. 19 ਅਪ੍ਰੈਲ, 1986 ਨੂੰ ਮੈਂ ਨਕੋਦਰ ਗਿਆ। ਪਾਰਟੀਆਂ ਦੇ ਵਕੀਲ ਸਰਕਟ ਹਾਊਸ ਵਿਚ ਹਾਜ਼ਰ ਸਨ। ਮੈਂ, ਇਨ੍ਹਾਂ ਪਾਰਟੀਆਂ ਦੇ ਵਕੀਲ, ਕੁਝ ਪੁਲਿਸ ਕਰਮਚਾਰੀਆਂ ਅਤੇ ਪਬਲਿਕ ਵਿਅਕਤੀਆਂ ਨਾਲ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਮੁਹੱਲਾ ਗੁਰੂ ਨਾਨਕਪੁਰਾ ਦੇ ਗੁਰਦੁਆਰੇ ਗਿਆ ਅਤੇ ਮੌਕਾ ਵਾਰਦਾਤ ਦਾ ਮੁਆਇਨਾ ਕੀਤਾ ਕਿ ਕਥਿਤ ਪ੍ਰਦਰਸ਼ਨਕਾਰੀ ਇਕੱਠੇ ਹੋਏ ਸਨ ਅਤੇ ਗੋਲੀ ਚੱਲੀ ਸੀ।

ਪੁਲਿਸ ਮੈਨੂੰ ਉਸ ਥਾਂ ਤੇ ਵੀ ਲੈ ਗਈ ਜਿਥੋਂ ਕਿ ਉਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਨਕੋਦਰ ਸ਼ਹਿਰ ਵਿਚ ਦਾਖ਼ਲ ਹੋਣ ਤੋਂ ਰੋਕਿਆ ਸੀ ਅਤੇ ਮੈਨੂੰ ਉਨ੍ਹਾਂ ਦੁਆਰਾ ਕੀਤੇ ਗਏ ਪ੍ਰਬੰਧਾਂ ਬਾਰੇ ਵੀ ਦੱਸਿਆ, ਇਸ ਸਬੰਧੀ ਕੀਤੇ ਗਏ ਜਾਂਚ ਪੜਤਾਲ ਦਾ ਨੋਟ ਅਨੁਲਗ 'ੳ' ਵਜੋਂ ਨਾਲ ਨੱਥੀ ਹੈ। ਮੈਂ ਗੁਰਦੁਆਰੇ ਵਿਚ ਸ੍ਰੀਮਤੀ ਗੁਰਦੀਪ ਕੌਰ ਦਾ ਬਿਆਨ ਵੀ ਦਰਜ ਕੀਤਾ ਜਿਹੜਾ ਕਿ ਅਨੁਲੱਗ 'ਅ' ਵਜੋਂ ਨਾਲ ਨੱਥੀ ਹੈ।

11.ਸਰਕਾਰ ਨੂੰ ਕਮਿਸ਼ਨ ਲਈ ਵਕੀਲ ਨਿਯੁਕਤ ਕਰਨ ਦੀ ਪ੍ਰਤੀਬੇਨਤੀ ਕੀਤੀ ਗਈ। ਗ੍ਰਹਿ ਵਿਭਾਗ ਦੇ ਪੱਤਰ ਨੰਬਰ 2006-1 ਐਚ 999, ਮਿ.-86/1598 ਮਿਤੀ 26 ਮਈ, 1986 ਦੁਆਰਾ ਸ੍ਰੀ ਗੁਰਨਾਮ ਸਿੰਘ ਤੀਰ ਨੂੰ ਕਮਿਸ਼ਨ ਦਾ ਵਕੀਲ ਨਿਯੁਕਤ ਕਰਨ ਸਬੰਧੀ ਸਰਕਾਰੀ ਪ੍ਰਵਾਨਗੀ ਭੇਜੀ ਗਈ, ਪ੍ਰੰਤੂ ਕਮਿਸ਼ਨ ਲਈ ਕੋਈ ਵੀ ਵਕੀਲ ਹਾਜ਼ਰ ਨਹੀਂ ਹੋਇਆ, ਕਮਿਸ਼ਨ ਲਈ ਜਲਦੀ ਵਕੀਲ ਨਿਯੁਕਤ ਕਰਨ ਸਬੰਧੀ ਮਿਤੀ 21 ਜੁਲਾਈ, 1986 ਨੂੰ ਯਾਦ ਪੱਤਰ ਨੰਬਰ 233 ਜੀ.ਐਸ.ਸੀ.ਆਈ. ਭੇਜਿਆ ਗਿਆ। 21ਜੁਲਾਈ, 1986 ਨੂੰ ਐਡਵੋਕੇਟ ਜਨਰਲ ਪੰਜਾਬ ਨੇ ਪੱਤਰ ਨੰਬਰ 20068 ਦੁਆਰਾ ਸੂਚਿਤ ਕੀਤਾ ਕਿ ਸ੍ਰੀ ਗੁਰਨਾਮ ਸਿੰਘ ਤੀਰ ਕਮਿਸ਼ਨ ਦੇ ਵਕੀਲ ਵਜੋਂ ਪੇਸ਼ ਹੋਣਗੇ। ਮਿਤੀ 8 ਅਗਸਤ, 1986 ਨੂੰ ਸ੍ਰੀ ਤੀਰ ਕਮਿਸ਼ਨ ਦੇ ਵਕੀਲ ਦੀ ਨਿਯੁਕਤੀ ਦੇਰ ਨਾਲ ਹੋਣ ਕਾਰਨ ਮੈਂ ਇਨਕੁਆਰੀ ਦੀ ਕਾਰਵਾਈ ਆਰੰਭ ਕਰ ਦਿੱਤੀ ਸੀ। ਸਮੁੱਚੇ ਤੌਰ 'ਤੇ ਪੁਲਿਸ ਅਤੇ ਹੋਰ ਅਧਿਕਾਰੀਆਂ ਦੇ ਵਕੀਲ ਸ੍ਰੀ ਐਮ.ਐਲ. ਨੰਦਾ ਦੁਆਰਾ ਹੇਠ ਲਿਖੇ 16 ਗਵਾਹਾਂ ਤੋਂ ਪੁੱਛਗਿੱਛ ਕੀਤੀ ਗਈ:-

ਪੁਲਿਸ ਗਵਾਹ

1.ਡਾ. ਅਜੇ ਸਾਹਨੀ
2. ਡਾ. ਧਰਮਪਾਲ ਕਪੂਰ
3. ਡਾ. ਪਾਲ ਸਿੰਘ
4.ਡਾ. ਵੀ ਕੇ ਖੁੱਲਰ,
5. ਸ੍ਰੀ ਕ੍ਰਿਸ਼ਨ ਕੁਮਾਰ ਭੱਲਾ
6. ਸ੍ਰੀ ਸ਼ਾਮ ਸੁੰਦਰ ਖੋਸਲਾ
7. ਸ੍ਰੀ ਰਮੇਸ਼ ਚੰਦਰ
8. ਸ੍ਰੀ ਪ੍ਰਗਟ ਸਿੰਘ
9. ਸ੍ਰੀ ਦਰਬਾਰਾ ਸਿੰਘ ਗੁਰੂ
10. ਸ੍ਰੀ ਸੁਰਜੀਤ ਸਿੰਘ ਰਾਜਪੂਤ
11. ਸ੍ਰੀ ਅਸ਼ਵਨੀ ਕੁਮਾਰ ਸ਼ਰਮਾ
12. ਸ੍ਰੀ ਨਰਿੰਦਰਪਾਲ ਸਿੰਘ
13. ਸ੍ਰੀ ਜਸਵੰਤ ਸਿੰਘ
14. ਸ੍ਰੀ ਜਸਕੀਰਤ ਸਿੰਘ
15. ਸ੍ਰੀ ਇਜ਼ਹਾਰ ਆਲਮ
16. ਸ੍ਰੀ ਗੋਪਾਲ ਸਿੰਘ ਘੁੰਮਣ

ਗੁਰਦੁਆਰਾ ਮੈਨੇਜਿੰਗ ਕਮੇਟੀ ਦੇ ਵਕੀਲ ਦੁਆਰਾ ਹੇਠ ਦਿੱਤੇ ਪੰਜ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਗਈ :-

17.ਸ੍ਰੀ ਹਰਬਖਸ਼ ਸਿੰਘ
18. ਸ੍ਰੀ ਜਸਵੰਤ ਸਿੰਘ
19. ਸ੍ਰੀ ਇਕਬਾਲ ਸਿੰਘ
20. ਸ੍ਰੀਮਤੀ ਹਰਭਜਨ ਕੌਰ
21. ਸ੍ਰੀ ਕਰਤਾਰ ਸਿੰਘ

**(ਚਲਦਾ... ਬਾਕੀ ਅਗਲੇ ਹਫ਼ਤੇ)**

# ਸੁਪਰੀਮ ਕੋਰਟ ਰਾਹੀਂ 'ਘੱਟ ਗਿਣਤੀਆਂ' ਦੇ ਅਧਿਕਾਰ ਕਤਲ ਕਰਨ ਦੀ ਤਿਆਰੀ

## ਪਟੀਸ਼ਨਰ ਭਾਜਪਾ ਆਗੂ ਤੇ ਵਕੀਲ ਅਸ਼ਵਿਨੀ ਉਪਾਧਿਆਏ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਕੇ ਮੰਗ ਕੀਤੀ ਸੀ ਕਿ ਘੱਟ ਗਿਣਤੀ ਕਮਿਸ਼ਨ ਐਕਟ ਧਾਰਾ-2 (ਸੀ) ਨੂੰ ਰੱਦ ਕੀਤਾ ਜਾਵੇ

- **ਘੱਟ ਗਿਣਤੀ ਦੀ ਪਛਾਣ ਰਾਜ ਪੱਧਰ 'ਤੇ ਕੀਤੀ ਜਾਵੇ ਨਾ ਕਿ ਕੇਂਦਰੀ ਪੱਧਰ 'ਤੇ, ਕਿਉਂਕਿ ਕਈ ਰਾਜਾਂ ਵਿਚ ਜੋ ਵਰਗ ਬਹੁਗਿਣਤੀ ਵਿਚ ਹਨ, ਉਨ੍ਹਾਂ ਨੂੰ ਘੱਟ ਗਿਣਤੀ ਹੋਣ ਦਾ ਲਾਭ ਮਿਲ ਰਿਹਾ**
- **ਸੁਪਰੀਮ ਕੋਰਟ ਦੇ ਹੁਕਮ ਕਿ ਪ੍ਰਾਂਤਾਂ ਦੇ ਆਧਾਰ 'ਤੇ ਘੱਟ ਗਿਣਤੀ ਵਿਚਾਰੇ ਜਾਣ ਨਾਲ ਮਾਮਲਾ ਉਲਝਿਆ**

**ਜਲੰਧਰ/ਵਿਸ਼ੇਸ਼ ਪੱਤਰਕਾਰ**

ਹੁਣ ਮੋਦੀ ਰਾਜ ਵਿਚ ਘੱਟ ਗਿਣਤੀ ਕੌਮਾਂ ਦੇ ਅਧਿਕਾਰਾਂ ਨੂੰ ਕਤਲ ਕਰਨ ਦੀਆਂ ਸਾਜ਼ਿਸਾਂ ਬਣਨ ਲੱਗ ਪਈਆਂ ਹਨ। ਹੁਣੇ ਜਿਹੇ ਸੁਪਰੀਮ ਕੋਰਟ ਨੇ ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ ਨੂੰ ਹੁਕਮ ਦਿੱਤੇ ਹਨ ਕਿ ਕੌਮੀ ਔਸਤ ਦੀ ਬਜਾਏ ਰਾਜਾਂ ਦੀ ਆਬਾਦੀ ਦੇ ਆਧਾਰ ਉੱਤੇ 'ਘੱਟ ਗਿਣਤੀ' ਸ਼ਬਦ ਦੀ ਵਿਆਖਿਆ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ ਤਿੰਨ ਮਹੀਨਿਆਂ ਦੇ ਅੰਦਰ ਫ਼ੈਸਲਾ ਕਰ ਕੇ ਤੈਅ ਕੀਤਾ ਜਾਵੇ। ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਲੀ ਵਾਲੇ ਬੈਂਚ ਨੇ ਪਟੀਸ਼ਨਰ ਭਾਜਪਾ ਆਗੂ ਤੇ ਵਕੀਲ ਅਸ਼ਵਿਨੀ ਉਪਾਧਿਆਏ ਨੂੰ ਕਿਹਾ ਕਿ ਉਹ ਇਸ ਸਬੰਧੀ ਤਜਵੀਜ਼ ਦੁਬਾਰਾ ਘੱਟ ਗਿਣਤੀ ਪੈਨਲ ਕੋਲ ਦਾਖ਼ਲ ਕਰਨ ਤੇ ਘੱਟ ਗਿਣਤੀ ਕਮਿਸ਼ਨ 3 ਮਹੀਨੇ ਦੇ ਅੰਦਰ ਇਸ ਬਾਰੇ ਫ਼ੈਸਲਾ ਲਏ। ਪਟੀਸ਼ਨਰ ਭਾਜਪਾ ਆਗੂ ਤੇ ਵਕੀਲ ਅਸ਼ਵਿਨੀ ਉਪਾਧਿਆਏ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਕੇ ਮੰਗ ਕੀਤੀ ਸੀ ਕਿ ਘੱਟ ਗਿਣਤੀ ਕਮਿਸ਼ਨ ਐਕਟ ਧਾਰਾ-2 (ਸੀ) ਨੂੰ ਰੱਦ ਕੀਤਾ ਜਾਵੇ, ਕਿਉਂਕਿ ਇਹ ਧਾਰਾ ਮਨਮਾਨੀ, ਗੈਰ ਤਾਰਕਿਕ ਹੈ ਤੇ ਸੰਵਿਧਾਨ ਦੀ ਧਾਰਾ 14, 15 ਤੇ 21 ਦਾ ਉਲੰਘਣ ਕਰਦੀ ਹੈ। ਇਸ ਧਾਰਾ ਵਿਚ ਕੇਂਦਰ ਸਰਕਾਰ ਨੂੰ ਕਿਸੇ ਵੀ ਭਾਈਚਾਰੇ ਨੂੰ ਘੱਟ ਗਿਣਤੀ ਐਲਾਨਣ ਦੇ ਅਸੀਮਤ ਤੇ ਮਨਮਾਣੇ ਅਧਿਕਾਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਮੰਗ ਕੀਤੀ ਗਈ ਕਿ ਕੇਂਦਰ ਸਰਕਾਰ ਦੀ 23 ਅਕਤੂਬਰ 1993 ਦੇ ਉਸ ਐਕਟ ਨੋਟਿਸ ਨੂੰ ਰੱਦ ਕੀਤਾ ਜਾਵੇ, ਜਿਸ ਵਿਚ ਪੰਜ ਕੌਮਾਂ ਮੁਸਲਮਾਨ, ਇਸਾਈ, ਬੁੱਧ, ਸਿੱਖ ਤੇ ਪਾਰਸੀ ਨੂੰ ਘੱਟ ਗਿਣਤੀ ਐਲਾਨਿਆ ਗਿਆ ਹੈ। ਤੀਸਰੀ ਮੰਗ ਇਹ ਸੀ ਕਿ ਕੇਂਦਰ ਸਰਕਾਰ ਨੂੰ ਹੁਕਮ ਦਿੱਤਾ ਜਾਵੇ ਕਿ ਉਹ ਘੱਟ ਗਿਣਤੀ ਦੀ ਪਰਿਭਾਸ਼ਾ ਤੈਅ ਕਰੇ ਤੇ ਘੱਟ ਗਿਣਤੀਆਂ ਦੀ ਪਛਾਣ ਦੇ ਲਈ ਦਿਸ਼ਾ ਨਿਰਦੇਸ਼ ਬਣਾਏ ਤਾਂ ਕਿ ਆਰਟੀਕਲ 29-30 ਵਿਚ ਅਧਿਕਾਰ ਤੇ ਸੁਰੱਖਿਆ ਮਿਲੇ, ਜੋ ਅਸਲ ਵਿਚ ਧਾਰਮਿਕ, ਭਾਸ਼ਾਈ, ਸਾਮਾਜਿਕ, ਆਰਥਿਕ ਤੇ ਰਾਜਨੀਤਕ ਤੌਰ 'ਤੇ ਪ੍ਰਭਾਵਸ਼ਾਲੀ ਨਾ ਹੋਣ ਤੇ ਜੋ ਸੰਖਿਆ ਵਿਚ ਬਹੁਤ ਘੱਟ ਹੋਣ।

ਪਟੀਸ਼ਨਰ ਦਾ ਇਹ ਵੀ ਕਹਿਣਾ ਸੀ ਕਿ ਘੱਟ ਗਿਣਤੀ ਦੀ ਪਛਾਣ ਰਾਜ ਪੱਧਰ 'ਤੇ ਕੀਤੀ ਜਾਵੇ ਨਾ ਕਿ ਕੇਂਦਰੀ ਪੱਧਰ 'ਤੇ, ਕਿਉਂਕਿ ਕਈ ਰਾਜਾਂ ਵਿਚ ਜੋ ਵਰਗ ਬਹੁਗਿਣਤੀ ਵਿਚ ਹਨ, ਉਨ੍ਹਾਂ ਨੂੰ ਘੱਟ ਗਿਣਤੀ ਹੋਣ ਦਾ ਲਾਭ ਮਿਲ ਰਿਹਾ ਹੈ। ਰਿੱਟ ਵਿਚ ਇਹ ਵੀ ਕਿਹਾ ਗਿਆ ਕਿ ਮੁਸਲਮਾਨ ਲਕਸ਼ਦੀਪ ਵਿਚ 96.20 ਫੀਸਦੀ, ਜੰਮੂ ਕਸ਼ਮੀਰ ਵਿਚ 68.30 ਫੀਸਦੀ ਬਹੁਗਿਣਤੀ ਵਿਚ ਹਨ। ਜਦ ਕਿ ਅਸਾਮ ਵਿਚ 34.20 ਫੀਸਦੀ, ਪੱਛਮ ਬੰਗਾਲ ਵਿਚ 27.5 ਫੀਸਦੀ, ਕੇਰਲਾ ਵਿਚ 26.60 ਫੀਸਦੀ, ਉੱਤਰ ਪ੍ਰਦੇਸ਼ ਵਿਚ 19.30 ਫੀਸਦੀ ਤੇ ਬਿਹਾਰ ਵਿਚ 18 ਫੀਸਦੀ ਹੁੰਦੇ ਹੋਏ ਘੱਟ ਗਿਣਤੀ ਦਰਜੇ ਦਾ ਲਾਭ ਉਠਾ ਰਹੇ ਹਨ। ਇਹ ਵੀ ਕਿਹਾ ਗਿਆ ਕਿ ਇਸਾਈ ਮਿਜ਼ੋਰਮ, ਮੇਘਾਲਿਆ, ਨਾਗਾਲੈਂਡ ਵਿਚ ਬਹੁਗਿਣਤੀ ਵਿਚ ਹਨ, ਜਦ ਕਿ ਅਰੁਣਾਚਲ ਪ੍ਰਦੇਸ਼, ਗੋਆ, ਕੇਰਲਾ, ਮਨੀਪੁਰ, ਤਾਮਿਲਨਾਡੂ ਤੇ ਪੱਛਮ ਬੰਗਾਲ ਵਿਚ ਇਨ੍ਹਾਂ ਦੀ ਗਿਣਤੀ ਚੰਗੀ ਖਾਸੀ ਹੈ। ਇਸ ਦੇ ਬਾਵਜੂਦ ਘੱਟ ਗਿਣਤੀ ਮੰਨੇ ਜਾਂਦੇ ਹਨ। ਇਸੇ ਤਰ੍ਹਾਂ ਸਿੱਖ ਪੰਜਾਬ ਵਿਚ ਬਹੁਗਿਣਤੀ ਵਿਚ ਹਨ। ਜਦ ਕਿ ਦਿੱਲੀ, ਚੰਡੀਗੜ੍ਹ ਤੇ ਹਰਿਆਣੇ ਵਿਚ ਚੰਗੀ ਸੰਖਿਆ ਹੈ। ਪਰ ਉਹ ਘੱਟ ਗਿਣਤੀ ਮੰਨੇ ਜਾਂਦੇ ਹਨ। ਅਸ਼ਵਨੀ ਉਪਾਧਿਆਏ ਨੇ ਆਰ ਐਸ ਐਸ ਵਾਲਾ ਫਾਰਮੂਲਾ ਵਰਤਦਿਆਂ ਸਮਾਨ ਸਿੱਖਿਆ, ਸਮਾਨ





ਹੈਲਥ ਸਹੂਲਤਾਂ, ਸਮਾਨ ਨਾਗਰਿਕ ਅਧਿਕਾਰ ਆਰਟੀਕਲ 370 ਤੇ ਵੀ ਜਨਹਿੱਤ ਪਟੀਸ਼ਨਰਾਂ ਦਾਇਰ ਕੀਤੀਆਂ ਹੋਈਆਂ ਹਨ।

ਇਹ ਸਭ ਕੁਝ ਤਾਂ ਵਾਪਰ ਰਿਹਾ ਹੈ ਕਿ ਭਾਰਤੀ ਸੰਵਿਧਾਨ ਵਿਚ ਕਿਸੇ ਵੀ ਕੌਮ ਨੂੰ ਘੱਟ ਗਿਣਤੀ ਕੌਮ ਐਲਾਨਣ ਹਿੱਤ ਮਾਪਦੰਡ ਨਿਰਧਾਰਿਤ ਨਹੀਂ ਕੀਤੇ ਗਏ। ਦੂਸਰਾ ਕਿਸੇ ਵੀ ਕੌਮ ਤੇ ਭਾਈਚਾਰੇ ਨੂੰ ਘੱਟ ਗਿਣਤੀ ਐਲਾਨਣ ਹਿੱਤ ਜਨਸੰਖਿਆ ਪ੍ਰਤੀਸ਼ਤ ਦੀ ਕੋਈ ਸੀਮਾ ਸੰਵਿਧਾਨ ਵਿਚ ਦਰਜ ਨਹੀਂ ਕੀਤੀ ਗਈ। ਇਹ ਜ਼ਰੂਰ ਹੈ ਕਿ ਘੱਟ ਗਿਣਤੀ ਆਯੋਗ ਐਕਟ 1992 ਦੇ ਭਾਗ-2 (ਸੀ) ਅਨੁਸਾਰ ਕੇਂਦਰ ਸਰਕਾਰ ਨੂੰ ਕਿਸੇ ਕੌਮ ਜਾਂ ਭਾਈਚਾਰੇ ਨੂੰ ਘੱਟ ਗਿਣਤੀ ਐਲਾਨਣ ਦਾ ਅਧਿਕਾਰ ਹੈ। ਐਕਟ ਅਨੁਸਾਰ 23 ਦਸੰਬਰ 1993 ਅਤੇ 27 ਜਨਵਰੀ 2014 ਦੌਰਾਨ ਸੂਚਨਾ ਜਾਰੀ ਕਰਕੇ ਕੇਂਦਰ ਸਰਕਾਰ ਨੇ ਮੁਸਲਮਾਨ, ਸਿੱਖ, ਬੁੱਧ, ਪਾਰਸੀ ਤੇ ਜੈਨ ਨੂੰ ਘੱਟ ਗਿਣਤੀਆਂ ਵਿਚ ਸ਼ਾਮਲ ਕੀਤਾ ਗਿਆ ਸੀ।

ਭਾਰਤੀ ਸੰਵਿਧਾਨ ਵਿਚ ਘੱਟ ਗਿਣਤੀਆਂ ਨਾਲ ਧੋਖਾ ਕੀਤਾ ਗਿਆ ਹੈ। ਇਸੇ ਲਈ ਇਨ੍ਹਾਂ ਦੇ ਅਧਿਕਾਰਾਂ ਦਾ ਠੋਸ ਵੇਰਵਾ ਇਸ ਵਿਚ ਦਰਜ ਨਹੀਂ ਹੈ। ਇਸ ਲਈ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹਾ ਕਿ ਘੱਟ ਗਿਣਤੀ ਕੌਮਾਂ ਨੂੰ ਇਹ ਡਰ ਲੱਗਿਆ ਰਹਿੰਦਾ ਹੈ ਕਿ ਬਹੁਗਿਣਤੀ ਉਨ੍ਹਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਮੇਰੇ ਮਿੱਤਰ ਮੈਨੂੰ ਇਹ ਕਹਿੰਦੇ ਹਨ ਕਿ ਮੈਂ ਸੰਵਿਧਾਨ ਬਣਾਇਆ ਹੈ। ਪਰ ਮੈਂ ਇਹ ਕਹਿਣ ਦੇ ਲਈ ਪੂਰੀ ਤਰ੍ਹਾਂ ਤਿਆਰ ਹਾਂ ਕਿ ਇਸ ਨੂੰ ਜਲਾ ਦੇਣ ਵਾਲਾ ਮੈਂ ਪਹਿਲਾ ਵਿਅਕਤੀ ਹੋਵਾਂਗਾ। ਮੈਨੂੰ ਇਸ ਦੀ ਜ਼ਰੂਰਤ ਨਹੀਂ। ਜੇਕਰ ਅਸੀਂ ਘੱਟ ਗਿਣਤੀਆਂ ਨੂੰ ਮਹੱਤਵ ਨਹੀਂ ਦੇ ਸਕਦੇ ਤਾਂ ਇਸ ਨਾਲ ਲੋਕਤੰਤਰ ਨੂੰ ਨੁਕਸਾਨ ਹੋਵੇਗਾ। ਮੈਂ ਸਮਝਦਾ ਹਾਂ ਕਿ ਘੱਟ ਗਿਣਤੀਆਂ ਨੂੰ ਨੁਕਸਾਨ ਪਹੁੰਚਾਉਣਾ ਸਭ ਤੋਂ ਜ਼ਿਆਦਾ ਨੁਕਾਸਨਦਾਇਕ ਹੋਵੇਗਾ। ਉਹ ਚਾਹੁੰਦੇ ਸਨ ਕਿ ਘੱਟ ਗਿਣਤੀਆਂ ਨੂੰ ਭਾਰਤੀ ਸੰਵਿਧਾਨ ਵਿਚ ਹੱਕ ਮਿਲਣ, ਪਰ ਇਹ ਹੱਕ ਨਹੀਂ ਦਿੱਤੇ ਗਏ। ਇਸ ਤੋਂ ਬਾਬਾ ਸਾਹਿਬ ਸੰਵਿਧਾਨਕ ਕਮੇਟੀ ਨਾਲ ਖਾਸੇ ਨਰਾਜ਼ ਸਨ। ਇਸੇ ਕਾਰਨ ਉਨ੍ਹਾਂ ਨੇ ਅਸਤੀਫਾ ਵੀ ਦਿੱਤਾ ਸੀ। ਭਾਰਤੀ ਸੰਵਿਧਾਨ ਦੇ ਚੌਥੇ ਸੋਧ ਬਿੱਲ 'ਤੇ ਚਰਚਾ ਕਰਦੇ ਹੋਏ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹਾ ਸੀ ਕਿ ਮੈਂ ਸੰਵਿਧਾਨ ਨੂੰ ਜਲਾਉਣਾ ਚਾਹੁੰਦਾ ਹਾਂ, ਕਾਰਨ ਹੈ ਕਿ ਅਸੀਂ ਭਗਵਾਨ ਦੇ ਰਹਿਣ ਲਈ ਇਕ ਮੰਦਰ ਬਣਾਇਆ ਸੀ, ਪਰ ਇਸ ਤੋਂ ਪਹਿਲਾਂ ਭਗਵਾਨ ਉਸ ਵਿਚ ਆ ਕੇ ਰਹਿੰਦੇ ਇਕ ਰਾਖਸ਼ ਆ ਕੇ ਉਸ ਵਿਚ ਰਹਿਣ ਲੱਗਾ। ਹੁਣ ਇਸ ਮੰਦਰ ਨੂੰ ਤੋੜ ਦੇਣ ਤੋਂ ਇਲਾਵਾ ਕੋਈ ਚਾਰਾ ਨਹੀਂ। ਅਸੀਂ ਇਨ੍ਹਾਂ ਰਾਖਸ਼ਾਂ ਦੇ ਰਹਿਣ ਲਈ ਸੰਵਿਧਾਨ ਮੰਦਰ ਨਹੀਂ ਬਣਾਇਆ ਸੀ। ਅਸੀਂ ਤਾਂ ਦੇਵਤਿਆਂ ਲਈ ਬਣਾਇਆ ਸੀ, ਇਸ ਲਈ ਮੈਂ ਇਸ ਨੂੰ ਜਲਾ ਦੇਣਾ ਚਾਹੁੰਦਾ ਹਾਂ। ਸੰਵਿਧਾਨ ਵਿਚ ਘੱਟ-ਗਿਣਤੀਆਂ ਲਈ ਜੋ ਅਧਿਕਾਰ ਮਿਲੇ ਹਨ, ਉਸ 'ਤੇ ਵੀ ਛਾਪੇ ਮਾਰੇ ਜਾ ਰਹੇ ਹਨ। ਬੋਲੀ, ਸਭਿਆਚਾਰ ਸਭ ਕੇਂਦਰੀ ਨੀਤੀਆਂ ਕਾਰਨ ਤਬਾਹ ਕੀਤੇ ਜਾ ਰਹੇ ਹਨ, ਜਿਵੇਂ ਪੰਜਾਬ ਵਿਚ ਪੰਜਾਬੀ ਤੇ ਪੰਜਾਬੀ ਸਭਿਆਚਾਰ। ਸੰਵਿਧਾਨ ਦੇ ਭਾਗ 999 ਦੇ ਅਨੁਛੇਦ 29 ਅਤੇ 30 ਘੱਟ-ਗਿਣਤੀਆਂ ਨੂੰ ਸੱਭਿਆਚਾਰਕ ਅਤੇ ਵਿੱਦਿਅਕ ਅਧਿਕਾਰਾਂ ਦੀ ਗਾਰੰਟੀ ਦਿੰਦੇ ਹਨ।

ਬਾਕੀ ਸਫ਼ਾ 28 'ਤੇ

CIS CALIFORNIA IMMIGRATION SERVICES
(Registered & Bonded)
➤ FAMILY IMMIGRATION
➤ GREEN CARD PETITION
➤ CITIZENSHIP
➤ OCI CARD / INDIAN PASSPORT
➤ BUSINESS / VISITOR VISA
➤ STUDENT VISA
➤ RELIGIOUS VISA
➤ U.K. VISA
➤ CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

### ਮਾਮਲਾ ਖ਼ਾਲਿਸਤਾਨੀ ਸਾਹਿਤ ਲਈ ਤਿੰਨ ਨੌਜਵਾਨਾਂ ਨੂੰ ਉਮਰ-ਕੈਦ ਦਾ

# ਹਾਈਕੋਰਟ ਵਿਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ

## ਸ਼੍ਰੋਮਣੀ ਕਮੇਟੀ ਨੇ ਤਿੰਨ ਨੌਜਵਾਨਾਂ ਦੇ ਹੱਕ 'ਚ ਨਾ ਉਠਾਈ ਆਵਾਜ਼



**ਜਲੰਧਰ/ਵਿਸ਼ੇਸ਼ ਰਿਪੋਰਟਰ :** ਅਰਵਿੰਦਰ ਸਿੰਘ, ਸੁਰਜੀਤ ਸਿੰਘ ਤੇ ਰਣਜੀਤ ਸਿੰਘ ਨਾਂਅ ਦੇ ਉਨ੍ਹਾਂ ਤਿੰਨ ਨੌਜਵਾਨਾਂ ਨੇ ਆਪਣੀ ਉਮਰ ਕੈਦ ਦੀ ਸਜ਼ਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ। ਉਨ੍ਹਾਂ ਨੂੰ ਇਹ ਸਜ਼ਾ ਖ਼ਾਲਿਸਤਾਨੀ ਸਾਹਿਤ ਤੇ ਪੋਸਟਰ ਆਪਣੇ ਕੋਲ ਰੱਖਣ ਬਦਲੇ ਬੀਤੇ ਦਿਨੀਂ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੀ ਅਦਾਲਤ ਵੱਲੋਂ ਸੁਣਾਈ ਗਈ ਸੀ। ਐਡਵੋਕੇਟ ਆਰਐੱਸ ਬੈਂਸ ਨੇ ਆਪਣੇ ਤਿੰਨ ਮੁਵੱਕਿਲਾਂ ਦੀ ਤਰਫ਼ੋਂ ਅਪੀਲ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦਾਖ਼ਲ ਕੀਤੀ। ਬਹੁਤ ਸਾਰੀਆਂ ਪੰਥਕ ਪਾਰਟੀਆਂ ਉਮਰ ਕੈਦ ਦੀ ਇਸ ਸਜ਼ਾ ਦਾ ਜ਼ੋਰਦਾਰ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਸਿੱਖ ਨੌਜਵਾਨਾਂ ਪ੍ਰਤੀ ਸਰਕਾਰਾਂ ਦਾ ਰਵੱਈਆ ਕਥਿਤ ਤੌਰ ਉੱਤੇ ਸਦਾ ਹੀ ਪੱਖਪਾਤੀ ਰਿਹਾ ਹੈ। ਨਵਾਂ ਸ਼ਹਿਰ ਦੀ ਇਕ ਅਦਾਲਤ ਵਲੋਂ ਤਿੰਨ ਸਿੱਖ ਨੌਜਵਾਨਾਂ ਨੂੰ ਧਾਰਮਿਕ ਸਾਹਿਤ ਰੱਖਣ ਦੇ ਦੋਸ਼ ਵਿਚ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਦਾ ਭਾਵੇਂ ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ, ਪਰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਅਖਵਾਉਂਦੀ ਸ਼੍ਰੋਮਣੀ ਕਮੇਟੀ ਵਲੋਂ ਇਸ ਮਾਮਲੇ ਪ੍ਰਤੀ ਪੂਰੀ ਤਰ੍ਹਾਂ ਧਾਰੀ ਚੁੱਪ ਤੋਂ ਪੰਥਕ ਹਲਕਿਆਂ ਵਿਚ ਕਾਫ਼ੀ ਚਰਚਾ ਚੱਲ ਰਹੀ ਹੈ। ਇਸ ਦੇ ਉਲਟ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ: ਰੂਪ ਸਿੰਘ ਨੇ ਸੋਸ਼ਲ ਮੀਡੀਆ 'ਤੇ ਇਸ ਵਰਤਾਰੇ ਪ੍ਰਤੀ ਦਿੱਤੇ ਪ੍ਰਤੀਕਰਮ ਵਿਚ ਚਿੰਤਾ ਜ਼ਾਹਿਰ ਕਰਦਿਆਂ ਹੋਇਆਂ ਕਿਹਾ ਹੈ ਕਿ ਸਾਹਿਤ ਰੱਖਣ ਦੇ ਦੋਸ਼ ਵਿਚ ਕਿਸੇ ਨੂੰ ਉਮਰ ਕੈਦ ਦੀ ਸਜ਼ਾ ਦੇਣੀ ਹਰਗਿਜ਼ ਜਾਇਜ਼ ਨਹੀਂ ਹੈ ਤੇ ਅਦਾਲਤ ਦਾ ਫ਼ੈਸਲਾ ਸਿੱਖ ਵਿਰੋਧੀ ਮਾਨਸਿਕਤਾ ਨੂੰ ਪ੍ਰਭਾਸ਼ਿਤ ਕਰਦਾ ਹੈ। ਇੱਥੇ ਜ਼ਿਕਰਯੋਗ ਹੈ ਕਿ ਸਿੱਖ ਨੌਜਵਾਨਾਂ ਨੂੰ ਸੁਣਾਈ ਗਈ ਸਜ਼ਾ ਨੂੰ ਕਈ ਦਿਨ ਬੀਤ ਗਏ ਹਨ ਤੇ ਕਈ ਸਿੱਖ ਜਥੇਬੰਦੀਆਂ ਇਸ ਵਿਰੁੱਧ ਰੋਸ ਪ੍ਰਦਰਸ਼ਨ ਵੀ ਕਰ ਰਹੀਆਂ ਹਨ, ਪਰ ਸ਼੍ਰੋਮਣੀ ਕਮੇਟੀ ਵਲੋਂ ਇਸ ਸਬੰਧੀ ਅਧਿਕਾਰਤ ਤੌਰ 'ਤੇ ਇਕ ਬਿਆਨ ਤੱਕ ਵੀ ਜਾਰੀ ਨਹੀਂ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਬਵੀਂ ਸੁਰ ਵਿਚ ਇਸ ਮਾਮਲੇ ਬਾਰੇ ਏਨਾ ਹੀ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਵਲੋਂ ਸਬੰਧਿਤ ਸਿੱਖ ਨੌਜਵਾਨਾਂ ਦੀ ਹਰ ਤਰ੍ਹਾਂ ਸਹਾਇਤਾ ਕੀਤੀ ਜਾਵੇਗੀ।

## ਗੁਰਦੇਵ ਸਿੰਘ ਗਿੱਲ ਦਾ ਅਕਾਲ ਚਲਾਣਾ

**ਫਰਿਜ਼ਨੋ/ਨੀਟਾ ਮਾਛੀਕੇ, ਕੁਲਵੰਤ ਧਾਲੀਆਂ :** ਫਰਿਜ਼ਨੋ ਨਿਵਾਸੀ ਗੁਰਦੇਵ ਸਿੰਘ ਗਿੱਲ



(62 ਸਾਲ) ਪਿਛਲੇ ਦਿਨੀਂ ਫਰਿਜ਼ਨੋ ਵਿਖੇ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਪਿਛਲਾ ਪਿੰਡ ਵਰ੍ਹੇ, ਜ਼ਿਲ੍ਹਾ ਮੋਗਾ ਸੀ। ਉਨ੍ਹਾਂ ਦੀ ਦੇਹ ਦਾ ਅੰਤਿਮ ਸੰਸਕਾਰ ਮਿਤੀ 23 ਫ਼ਰਵਰੀ 2019 ਦਿਨ ਸ਼ਨੀਵਾਰ ਸਵੇਰੇ 11:00 ਤੋਂ ਦੁਪਹਿਰ 1:00 ਵਜੇ ਦਰਮਿਆਨ ਸ਼ਾਂਤ ਭਵਨ ਫਿਊਨਰਲ ਹੋਮ ਫਰਿਜ਼ਨੋ ਵਿਖੇ ਹੋਵੇਗਾ। ਉਪਰੰਤ ਅਰਦਾਸ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਹੋਵੇਗੀ। ਵਧੇਰੇ ਜਾਣਕਾਰੀ ਜਾਂ ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ (559) 453-0612 ਹੈ।

## ਪੰਜਾਬੀ ਗਾਇਕ ਮਨਿੰਦਰ ਮੰਗਾ ਦੀ ਮੌਤ

**ਚੰਡੀਗੜ੍ਹ/ਏਟੀ ਨਿਊਜ਼ :**ਪੰਜਾਬੀ ਗਾਇਕ ਮਨਿੰਦਰ ਮੰਗਾ ਦਾ ਭਰ ਜਵਾਨੀ ਵਿਚ ਦੇਹਾਂਤ ਹੋ ਗਿਆ ਹੈ। ਗੰਭੀਰ ਬਿਮਾਰੀ ਦੇ ਚੱਲਦਿਆਂ ਉਹਨਾਂ ਨੂੰ ਇਲਾਜ ਲਈ ਪੀਜੀਆਈ. ਚੰਡੀਗੜ੍ਹ ਵਿਖੇ ਦਾਖ਼ਲ ਕੀਤਾ ਗਿਆ ਸੀ ਪਰ ਡਾਕਟਰਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਬਾਵਜੂਦ ਲੱਖਾਂ ਸਰੋਤਿਆਂ ਦੀ ਇਹ ਹਰਮਨਪਿਆਰੀ ਆਵਾਜ਼ ਸਦਾ-ਸਦਾ ਲਈ ਖਾਮੋਸ਼ ਹੋ ਗਈ। ਮਨਿੰਦਰ ਮੰਗਾ ਨੇ ਪੰਜਾਬ ਦੇ ਜ਼ਿਲ੍ਹਾ ਰੂਪਨਗਰ ਵਿਚ ਪੈਂਦੇ ਪਿੰਡ ਖਿਜ਼ਰਾਬਾਦ ਦੇ ਇਕ ਗਰੀਬ ਘਰ ਤੋਂ ਉਠ ਕੇ ਆਪਣੀ ਬੁਲੰਦ ਆਵਾਜ਼ ਨਾਲ ਦੇਸ਼-ਵਿਦੇਸ਼ ਤਕ ਸ਼ੋਹਰਤ ਦੀਆਂ ਸਿਖਰਾਂ ਛੂਹੀਆਂ ਸਨ।

## ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ

**ਲੰਡਨ/ਏਟੀ ਨਿਊਜ਼ :** ਹਰ ਸਾਲ ਦੀ ਤਰ੍ਹਾਂ 17 ਫਰਵਰੀ ਐਤਵਾਰ ਵਾਲੇ ਦਿਨ ਸ਼੍ਰੋਮਣੀ ਅਕਾਲੀ ਦਲ (ਅ) ਯੂਕੇ. ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। 15 ਫਰਵਰੀ ਐਤਵਾਰ ਵਾਲੇ ਦਿਨ ਪਾਰਟੀ ਵੱਲੋਂ ਸ੍ਰੀ ਅਖੰਡ ਪਾਠ ਅਰੰਭ ਕਰਵਾਇਆ ਗਿਆ ਜਿਸ ਦੀ ਸੰਪੂਰਨਤਾ ਦੇ ਭੋਗ ਉਪਰੰਤ ਕੀਰਤਨ ਕਥਾ ਤੋਂ ਬਾਅਦ ਕਾਨਫਰੰਸ ਦੀ ਅਰੰਭਤਾ ਕਰਦੇ ਹੋਏ ਪਾਰਟੀ ਦੇ ਜਨਰਲ ਸਕੱਤਰ ਸ. ਕੁਲਵੰਤ ਸਿੰਘ ਮੁਠੱਡਾ ਨੇ ਸਭ ਤੋਂ ਪਹਿਲਾਂ ਸੰਗਤ ਨੂੰ ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਦੇ ਗੁਰਪੁਰਬ ਦੀ ਵਧਾਈ ਦਿੱਤੀ। ਉਪਰੰਤ ਸ਼ਹੀਦ ਬਾਬਾ ਦੀਪ ਸਿੰਘ, ਸੰਤ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਨ ਸਬੰਧੀ ਸੰਖੇਪ ਜਾਣਕਾਰੀ ਦਿੰਦੇ ਹੋਏ ਮੁਬਾਰਕਬਾਦ ਦਿੱਤੀ ਅਤੇ ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਨ ਨੂੰ ਸਮਰਪਿਤ ਕਾਨਫਰੰਸਾਂ ਸ਼ੁਰੂ ਕਰਨ ਦਾ ਮਨੋਰਥ ਦੱਸਦੇ ਹੋਏ ਵਰਤਮਾਨ ਸਿੱਖ ਸੰਘਰਸ਼ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਭਾਈ ਗਜਿੰਦਰ ਸਿੰਘ ਦਲ ਖ਼ਾਲਸਾ ਦੀ ਧਰਮ ਸੁਪਤਨੀ ਬੀਬੀ ਮਨਜੀਤ ਕੌਰ ਜੀ ਨੂੰ ਪਾਰਟੀ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਪਾਰਟੀ ਵੱਲੋਂ ਇਸ ਕਾਨਫਰੰਸ ਦੌਰਾਨ ਬੀਬੀ ਤਜਿੰਦਰ ਕੌਰ ਨੂੰ ਵੂਮਿਨ ਵਿੰਗ ਦੀ ਸੀਨੀਅਰ ਮੀਤ ਪ੍ਰਧਾਨ ਅਤੇ ਬੀਬੀ ਅਮਨਦੀਪ ਕੌਰ ਨੂੰ ਪਾਰਟੀ ਦੇ ਲੀਗਲ ਅਡਵਾਈਜਰ ਨਿਯੁਕਤ ਕੀਤਾ ਗਿਆ। ਸ. ਰਜਿੰਦਰ ਸਿੰਘ ਨੇ ਯੂਥ ਵਿੰਗ ਵਿੱਚ ਸ਼ਮੂਲੀਅਤ ਕੀਤੀ ਅਤੇ ਅਨੇਕਾਂ ਨੌਜਵਾਨਾਂ ਨੇ ਪਾਰਟੀ ਦੇ ਹਿਊਮਨ ਰਾਈਟਸ ਵਿੰਗ ਵਿੱਚ ਸ਼ਮੂਲੀਅਤ ਕੀਤੀ। ਸਮੁੱਚੀ ਪਾਰਟੀ ਵੱਲੋਂ ਇਨ੍ਹਾਂ ਨਵੇਂ ਮੈਂਬਰਾਂ ਦਾ ਬੇਹੱਦ ਖੁਸ਼ੀ ਨਾਲ ਸਵਾਗਤ ਕਰਦੇ ਹੋਏ ਮੀਡੀਆ ਇੰਚਾਰਜ ਸ. ਜਗਤਾਰ ਸਿੰਘ ਵਿਰਕ ਨੇ ਕਿਹਾ ਕਿ ਜਲਦੀ ਹੀ ਸਭ ਦੀ ਯੋਗ ਅਹਦਿਆਂ 'ਤੇ ਨਿਯੁਕਤੀ ਕੀਤੀ ਜਾਵੇਗੀ। ਕਾਨਫਰੰਸ ਦੌਰਾਨ ਸੰਬੋਧਨ ਕਰਦੇ ਹੋਏ ਬੁਲਾਰਿਆਂ ਨੇ ਹਾਲ ਵਿੱਚ ਹੀ ਅਮਰੀਕਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਕਿ ਇਸ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇੰਡੀਆ ਦੀ ਕੇਂਦਰ ਸਰਕਾਰ ਦੰਗੇ ਕਰਵਾ ਸਕਦੀ ਹੈ, ਦੇ ਮੱਦੇਨਜ਼ਰ ਹਾਲ ਹੀ ਵਿੱਚ ਜੰਮੂ ਕਸ਼ਮੀਰ ਵਿੱਚ ਵਾਪਰ ਰਹੀਆਂ ਘਟਨਾਵਾਂ 'ਤੇ ਖਦਸ਼ਾ ਜ਼ਾਹਰ ਕੀਤਾ ਅਤੇ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਵੱਲੋਂ ਸਾਰੀ ਜਾਣਕਾਰੀ ਹੋਣ ਦੇ ਬਾਵਜੂਦ ਕਦੀ ਕੋਈ ਕਾਰਵਾਈ ਨਾ ਕਰਨ 'ਤੇ ਅਫਸੋਸ ਪ੍ਰਗਟ ਕੀਤਾ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035




Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh


ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਨਵਾਂਸ਼ਹਿਰ ਵਾਲੇ ਕੇਸ ਵਾਂਗ ਹੀ ਹੋਰ ਵੀ ਨੇ ਜੇਲ੍ਹਾਂ 'ਚ ਬੰਦ ਸਿੱਖ ਨੌਜਵਾਨ

**ਲੁਧਿਆਣਾ/ਗੁਰਪ੍ਰੀਤ ਸਿੰਘ ਮਹਿਦੂਦਾਂ :**
ਇਸ ਵਿਚ ਕੋਈ ਸ਼ੱਕ ਨਹੀ ਕਿ ਚਾਹੇ ਭਾਰਤੀ ਹਕੂਮਤ ਹੋਵੇ, ਮੀਡੀਆ ਹੋਵੇ, ਵਿਧਾਨ ਪਾਲਿਕਾ ਹੋਵੇ ਜਾਂ ਸਭ ਤੋਂ ਜ਼ਿਆਦਾ ਭਰੋਸੇਯੋਗਤਾ ਦੀ ਗਰੰਟੀ ਦੇਣ ਵਾਲੀ ਨਿਆਂਪਾਲਿਕਾ ਹੋਵੇ, ਉਹ ਸਿੱਖਾਂ ਨਾਲ ਕੇਵਲ ਮਤਰੇਈ ਮਾਂ ਵਾਲਾ ਸਲੂਕ ਹੀ ਨਹੀਂ ਕਰਦੇ ਬਲਕਿ ਇਸ ਦੀ ਹੋਂਦ ਤਕ ਦੇ ਖਾਤਮੇ ਦੀ ਤਾਕ ਵਿਚ ਰਹਿੰਦੇ ਹਨ।

ਮੌਜੂਦਾ ਸਮੇਂ ਸਿੱਖ ਕੌਮ ਅਤੇ ਇਸ ਦੇ ਆਗੂ ਗਾਲੜੀ ਹੋ ਗਏ ਜਾਪਦੇ ਹਨ ਜਿਸ ਦਾ ਪ੍ਰਮਾਣ ਨਵਾਂ ਸ਼ਹਿਰ ਦੀ ਅਦਾਲਤ ਵੱਲੋਂ 3 ਸਿੱਖ ਨੌਜਵਾਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਮਿਲ ਰਿਹਾ ਹੈ। ਸਿੱਖ ਕੌਮ ਦੇ ਆਗੂ ਅੱਜ ਇਨ੍ਹਾਂ ਸਿੱਖ ਨੌਜਵਾਨਾਂ ਦੇ ਪੱਖ 'ਚ ਉਦੋਂ ਖੜ੍ਹੇ ਹੋਏ, ਜਦੋਂ ਅਦਾਲਤ ਨੇ ਇਨ੍ਹਾਂ ਨੂੰ ਸਿਰਫ ਧਰਮ ਅਤੇ ਆਪਣੇ ਇਤਿਹਾਸ ਨਾਲ ਸਬੰਧਿਤ ਦਸਤਾਵੇਜ਼ ਰੱਖਣ ਉਤੇ ਹੀ ਇਹ ਵੱਡੀ ਸਜ਼ਾ ਸੁਣਾਈ। ਸਿੱਖ ਕੌਮ ਦੇ ਆਗੂਆਂ ਦੀ ਇਹ ਕਾਰਵਾਈ ਸੱਪ ਨਿਕਲਣ ਤੋਂ ਬਾਅਦ ਲਕੀਰ ਕੁੱਟਣ ਵਰਗੀ ਜਾਪ ਰਹੀ ਹੈ। ਜੇਕਰ ਸਿੱਖ ਆਗੂ ਸਮਾਂ ਰਹਿੰਦਿਆਂ ਇਨ੍ਹਾਂ ਨੌਜਵਾਨਾਂ ਨਾਲ ਸੰਪਰਕ ਕਰਦੇ ਤਾਂ ਸ਼ਾਇਦ ਜੋ ਹੋਇਆ, ਉਹ ਨਹੀਂ ਸੀ ਹੋਣਾ। ਦੇਸ਼ ਦੀ ਨਿਆਂਪਾਲਿਕਾ ਨੇ 3 ਨੌਜਵਾਨਾਂ ਨੂੰ ਸਿਰਫ ਇਤਿਹਾਸਕ ਦਸਤਾਵੇਜ਼ ਰੱਖਣ ਉਤੇ ਹੀ ਉਮਰ ਕੈਦ ਦੀ ਸਜਾ ਸੁਣਾ ਦਿੱਤੀ।

ਇਸੇ ਤਰ੍ਹਾਂ ਸ੍ਰੀ ਖਡੂਰ ਸਾਹਿਬ ਦੇ 3 ਅਤੇ ਨੌਸ਼ਹਿਰਾ ਪੰਨੂਆ ਦੇ 2 ਹੋਰ ਨੌਜਵਾਨ ਮੌਜੂਦਾ ਸਮੇਂ ਕੁਝ ਅਜਿਹੇ ਹੀ ਕੇਸਾਂ ਵਿਚ ਅੰਮ੍ਰਿਤਸਰ ਦੀ ਜੇਲ੍ਹ ਵਿੱਚ ਬੰਦ ਹਨ। ਅਕਤੂਬਰ 2018 ਤੋਂ ਜੇਲ੍ਹ ਵਿੱਚ ਬੰਦ ਇਨ੍ਹਾਂ ਨੌਜਵਾਨਾਂ ਦੀ



ਸਾਰ ਲੈਣ ਲਈ ਅਜੇ ਤਕ ਕੋਈ ਵੀ ਆਗੂ ਨਹੀਂ ਬਹੁੜਿਆ ਹੈ। ਕੱਲ੍ਹ ਨੂੰ ਜੇਕਰ ਇਨ੍ਹਾਂ ਪੰਜ ਨੌਜਵਾਨਾਂ ਨੂੰ ਵੀ ਅਜਿਹੀ ਹੀ ਸਜ਼ਾ ਸੁਣਾਈ ਜਾਂਦੀ ਹੈ, ਤਾਂ ਇਸ ਉਤੇ ਹਾਏ ਤੋਬਾ ਮਚਾਉਣ ਤੋਂ ਪਹਿਲਾਂ ਹੀ ਚੰਗਾ ਹੋਵੇਗਾ ਕਿ ਜੇਕਰ ਇਨ੍ਹਾਂ ਕੇਸਾਂ ਦੀ ਚੰਗੀ ਤਰ੍ਹਾਂ ਪੈਰਵਾਈ ਕੀਤੀ ਜਾਵੇ। ਪਿਛਲੇ ਦਿਨੀਂ ਸ੍ਰੀ ਖਡੂਰ ਸਾਹਿਬ ਦੇ ਦੋ ਪਰਿਵਾਰਾਂ ਨਾਲ ਉਨ੍ਹਾਂ ਦੇ ਘਰ ਜਾ ਕੇ ਮੁਲਾਕਾਤ ਦੌਰਾਨ ਪਤਾ ਲੱਗਾ ਹੈ ਕਿ ਹਾਲਾਂ ਤਕ ਇਨ੍ਹਾਂ ਪਰਿਵਾਰਾਂ ਦੀ ਕਿਸੇ ਨੇ ਵੀ ਬਾਂਹ ਨਹੀ ਫੜੀ। ਇੱਕ ਪਰਿਵਾਰ ਦੇ ਮੁਖੀ ਧਰਮ ਸਿੰਘ ਅਤੇ ਜੇਲ੍ਹ ਵਿੱਚ ਬੰਦ ਕੁਲਦੀਪ ਸਿੰਘ ਦੀ ਪਤਨੀ ਉਰਵਿੰਦਰ ਕੌਰ ਨੇ ਦੱਸਿਆ ਕਿ ਉਹ ਮਜਬੀ ਸਿੱਖ ਜਾਤੀ ਨਾਲ ਸਬੰਧਿਤ ਹੋਣ ਕਾਰਨ ਬੇਜ਼ਮੀਨੇ ਅਤੇ ਰੋਜ਼ ਕਮਾ ਕੇ ਖਾਣ ਵਾਲੇ ਹਨ। ਅਕਤੂਬਰ ਮਹੀਨੇ ਵਿਚ ਉਨ੍ਹਾਂ ਦੇ ਵੱਡੇ ਲੜਕੇ ਮਨਜੀਤ ਸਿੰਘ ਅਤੇ ਛੋਟੇ ਕੁਲਦੀਪ ਸਿੰਘ ਉਤੇ ਅੰਮ੍ਰਿਤਸਰ ਦੀ ਪੁਲਿਸ ਨੇ ਮੁੱਕਦਮਾ ਨੰ: 152 ਮਿਤੀ 19 ਅਕਤੂਬਰ, ਧਾਰਾ 124ਏ, 153ਏ, 153ਬੀ, 120ਬੀ ਅਤੇ ਅਨਲਾਅਫੁੱਲ ਐਕਟੀਵਿਟੀ ਐਕਟ 1967 ਚਲਾਉਣ (ਦੇਸ਼ ਧ੍ਰੋਹ) ਦਾ ਪਰਚਾ ਦਰਜ ਕਰਕੇ ਜੇਲ੍ਹ ਭੇਜ ਦਿੱਤਾ ਸੀ। ਇਸੇ ਪਿੰਡ ਦੀ ਅਤਿ ਗਰੀਬ ਬਲਵਿੰਦਰ ਕੌਰ ਅਤੇ ਉਸ ਦੇ ਅਪਾਹਜ ਪਤੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਵੱਡੇ ਲੜਕੇ ਜਤਿੰਦਰ ਸਿੰਘ 'ਤੇ ਵੀ ਇਨ੍ਹਾਂ ਹੀ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ ਜੋ ਹੁਣ ਜੇਲ੍ਹ ਵਿੱਚ ਬੰਦ ਹੈ। ਦੋਵਾਂ ਪਰਿਵਾਰਾਂ ਨੇ ਦੱਸਿਆ ਕਿ ਸਾਡੇ ਲੜਕਿਆਂ ਦੇ ਨਾਲ ਬਾਹਰੋਂ ਆਏ ਹਰਪ੍ਰੀਤ ਸਿੰਘ ਅਤੇ ਗੁਰਵਿੰਦਰ ਸਿੰਘ ਉਤੇ ਵੀ ਪਰਚਾ ਦਰਜ ਕਰ ਕੇ ਜੇਲ੍ਹ ਵਿੱਚ ਬੰਦ ਰੱਖੇ ਹੋਏ ਹਨ। ਇਨ੍ਹਾਂ ਪਰਿਵਾਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ ਦਾ ਕਸੂਰ ਸਿਰਫ ਸਿੱਖੀ ਸਰੂਪ ਦੇ ਧਾਰਨੀ ਹੋਣਾ ਅਤੇ ਪਿੰਡਾਂ ਵਿੱਚ ਸਿੱਖੀ ਦਾ ਪ੍ਰਚਾਰ ਕਰਨਾ ਹੈ। ਉਨ੍ਹਾਂ ਦੱਸਿਆ ਕਿ ਮਨਜੀਤ ਸਿੰਘ ਸਮਾਜ ਸੇਵੀਆਂ ਦੇ ਸਹਿਯੋਗ ਨਾਲ ਗਰੀਬ ਕੁੜੀਆਂ ਦੇ ਵਿਆਹ ਵੀ ਕਰਵਾਉਂਦਾ ਸੀ ਅਤੇ ਇਸ ਦੇ ਨਾਲ ਉਹ ਕਥਾ ਕਰਕੇ ਆਪਣੇ ਘਰ ਦਾ ਗੁਜ਼ਾਰਾ ਕਰਦਾ ਸੀ। ਉਸ ਦੀ ਵੱਡੀ ਲੜਕੀ 14 ਸਾਲ ਅਤੇ ਛੋਟੀ 13 ਸਾਲ ਦੀ ਹੈ। 8 ਕੁ ਸਾਲ ਦਾ ਲੜਕਾ ਹੈ ਜਦਕਿ ਕੁਲਦੀਪ ਸਿੰਘ ਅਤੇ ਉਸ ਦੀ ਪਤਨੀ ਉਰਵਿੰਦਰ ਕੌਰ ਪਿੰਡਾਂ ਵਿੱਚ ਜਾ ਕੇ ਬੱਚਿਆਂ ਨੂੰ ਗੱਤਕਾ ਅਤੇ ਗੁਰਬਾਣੀ ਬਾਰੇ ਮੁਫਤ ਜਾਣਕਾਰੀ ਦਿੰਦੇ ਸਨ। ਇਸ ਤੋਂ ਇਲਾਵਾ ਉਹ ਬੱਚਿਆਂ ਨੂੰ ਦੁਮਾਲੇ ਅਤੇ ਦਸਤਾਰ ਬੰਨ੍ਹਣ ਦੀ ਸਿਖਲਾਈ ਵੀ ਦਿੰਦੇ ਸਨ। ਉਨ੍ਹਾਂ ਨੂੰ ਕੁਝ ਬਾਹਰਲੀਆਂ ਐਨਜੀਓਜ਼ ਸਹਿਯੋਗ ਦਿੰਦੀਆਂ ਸਨ ਜਿਸ ਨਾਲ ਜਿਥੇ ਉਹ ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰਦੇ ਸਨ, ਉਥੇ ਹੀ ਆਪਣਾ ਗੁਜ਼ਾਰਾ ਵੀ ਚਲਾਉਂਦੇ ਸਨ। ਕੁਲਦੀਪ ਸਿੰਘ ਦਾ ਇੱਕ ਛੋਟਾ ਲੜਕਾ ਅਤੇ ਇੱਕ ਲੜਕੀ ਹੈ। ਮੋਟਰਾਂ ਦਾ ਕੰਮ ਕਰਦਾ ਜਤਿੰਦਰ ਸਿੰਘ ਅਜੇ ਕੁਆਰਾ ਹੈ। ਪਿਤਾ ਦੇ ਅਪਾਹਜ ਹੋਣ ਕਾਰਨ ਉਹ ਹੀ ਘਰ ਦਾ ਗੁਜ਼ਾਰਾ ਚਲਾਉਂਦਾ ਸੀ ਅਤੇ ਉਸ ਦੇ ਜੇਲ੍ਹ ਜਾਣ ਤੋਂ ਬਾਅਦ ਮਾਂ ਅਤੇ ਛੋਟਾ ਭਰਾ ਵੀ ਮਜ਼ਦੂਰੀ ਕਰਨ ਲੱਗ ਪਏ ਹਨ। ਜਤਿੰਦਰ ਸਿੰਘ ਨੂੰ ਸਿੱਖੀ ਦਾ ਪ੍ਰਚਾਰ ਕਰਨ ਦਾ ਸ਼ੌਕ ਸੀ ਜਿਸ ਦੇ ਚੱਲਦਿਆਂ ਉਹ ਮਨਜੀਤ ਸਿੰਘ ਅਤੇ ਕੁਲਦੀਪ ਸਿੰਘ ਨਾਲ ਸਮਾਗਮਾਂ ਉਤੇ ਜਾਂਦਾ ਰਹਿੰਦਾ ਸੀ। ਦੋਵਾਂ ਪਰਿਵਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰੈਫਰੈਂਡਮ ਦੀਆਂ ਗਤੀਵਿਧੀਆਂ ਚਲਾਉਣ ਦੇ ਜੁਰਮ ਵਿੱਚ ਫੜਿਆ ਗਿਆ ਹੈ ਜਿਸ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਜਿਨ੍ਹਾਂ ਦੋ ਨੌਜਵਾਨਾਂ ਨੂੰ ਮੁੱਖ ਦੋਸ਼ੀ ਬਣਾਇਆ ਗਿਆ ਸੀ ਅਤੇ ਜਿਨ੍ਹਾਂ ਕੋਲੋਂ ਸਮੱਗਰੀ ਫੜੇ ਹੋਣ ਦੀ ਗੱਲ ਕਹੀ ਜਾ ਰਹੀ ਹੈ, ਦਾ ਸਾਥੀ ਬਿਕਰਮਜੀਤ ਸਿੰਘ ਸਾਡੇ ਕੋਲ ਆਉਂਦਾ ਜਾਂਦਾ ਸੀ। ਇਸ ਨਾਲ ਹੋਈਆਂ ਫੋਨ ਕਾਲਾਂ ਦੇ ਆਧਾਰ ਉਤੇ ਹੀ ਸਾਡੇ ਬੇਕਸੂਰ ਬੱਚਿਆਂ ਉੱਤੇ ਵੀ ਝੂਠੇ ਪਰਚੇ ਦਰਜ ਕਰ ਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ। ਦੋਵਾਂ ਪਰਿਵਾਰਾਂ ਨੇ ਕਿਹਾ ਕਿ ਅਸੀ ਅੱਜ ਬਹੁਤ ਜ਼ਿਆਦਾ ਆਰਥਿਕ ਤੰਗੀ ਵਿੱਚੋਂ ਗੁਜ਼ਰ ਰਹੇ ਹਾਂ।

ਉਰਵਿੰਦਰ ਕੌਰ ਨੇ ਦੱਸਿਆ ਕਿ ਪਹਿਲਾਂ ਤਾਂ ਪਰਿਵਾਰ ਦੀਆਂ ਔਰਤਾਂ ਸਮੇਤ ਸਾਰੇ ਜੀਆਂ ਨੂੰ ਤੰਗ ਪ੍ਰੇਸ਼ਾਨ ਕੀਤਾ ਹੀ ਗਿਆ ਸੀ, ਹੁਣ ਵੀ ਸੀਆਈਏ ਸਟਾਫ ਵਾਲੇ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਰੈਫਰੈਂਡਮ 2020 ਵਾਲਿਆਂ ਤੱਕ ਉਨ੍ਹਾਂ ਨੇ ਪਹੁੰਚ ਕੀਤੀ ਪਰ ਕੋਈ ਮਦਦ ਨਹੀ ਦਿੱਤੀ ਗਈ। ਇਸ ਤੋਂ ਇਲਾਵਾ ਉਸ ਨੇ ਦੱਸਿਆ ਕਿ ਸਿੱਖ ਰਿਲੀਫ ਵਾਲੇ ਜ਼ਰੂਰ ਆਏ ਸਨ। ਅਸੀਂ ਉਨ੍ਹਾਂ ਨੂੰ ਆਪਣੇ ਕੀਤੇ ਹੋਏ ਵਕੀਲ ਦੀ ਫੀਸ ਦੇਣ ਨੂੰ ਕਿਹਾ ਸੀ। ਉਰਵਿੰਦਰ ਕੌਰ ਨੇ ਇਹ ਵੀ ਦੱਸਿਆ ਕਿ ਉਸ ਦਾ ਪਤੀ ਕੁਲਦੀਪ ਸਿੰਘ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਾਲ ਜੁੜਿਆ ਹੋਇਆ ਹੈ। ਪਾਰਟੀ ਦੇ ਕੌਮੀ ਜਨਰਲ ਸਕੱਤਰ ਭਾਈ ਕਾਹਨ ਸਿੰਘ ਵਾਲਾ ਉਸ ਦੇ ਪਤੀ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਦੋਵਾਂ ਪਰਿਵਾਰਾਂ ਨੇ ਭਰੇ ਮਨ ਨਾਲ ਕਿਹਾ ਕਿ ਉਨ੍ਹਾਂ ਦੀ ਜੇਕਰ ਕਿਸੇ ਨੇ ਮਦਦ ਨਾ ਕੀਤੀ ਤਾਂ ਉਨ੍ਹਾਂ ਦੇ ਬੱਚੇ ਬੇਕਸੂਰ ਹੋਣ ਉਤੇ ਹੀ ਦੋਸ਼ੀ ਬਣ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਨੌਸ਼ਹਿਰਾ ਦੇ ਹਰਪ੍ਰੀਤ ਸਿੰਘ, ਜਿਸ ਦੀਆਂ ਛੋਟੀਆਂ ਲੜਕੀਆਂ ਹਨ ਅਤੇ ਗੁਰਵਿੰਦਰ ਸਿੰਘ ਜੋ ਅਜੇ ਕੁਆਰਾ ਹੈ, ਵੀ ਬੇਕਸੂਰ ਹਨ। ਦੋਵਾਂ ਪਰਿਵਾਰਾਂ ਨੇ ਸਮੁੱਚੀ ਸਿੱਖ ਕੌਮ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀ ਕੋਈ ਮੱਦਦ ਕਰਨਾ ਚਾਹੁੰਦਾ ਹੈ ਤਾਂ ਖਡੂਰ ਸਾਹਿਬ ਆ ਸਕਦਾ ਹੈ ਜਾਂ ਸਾਡੇ ਫੋਨ 'ਤੇ ਸੰਪਰਕ ਕਰ ਸਕਦਾ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਪੰਜਾਬ 'ਚ ਤੀਜਾ ਬਦਲ ਤਾਕਤ ਨਾ ਫੜ ਸਕਿਆ

- 'ਆਪ' ਤੀਜੇ ਬਦਲ 'ਚੋਂ ਹੋਈ ਬਾਹਰ, ਬਸਪਾ ਵੀ ਸਮਝੌਤੇ ਤੋਂ ਇਨਕਾਰੀ
- ਬਾਦਲ ਦਲ ਦੀਆਂ ਜੜ੍ਹਾਂ ਪੰਥ ਦੀ ਅਣਹੋਂਦ ਕਾਰਨ ਕਮਜ਼ੋਰ
- ਸੌਦਾ ਸਾਧ ਦੇ ਪ੍ਰੇਮੀਆਂ ਦੀਆਂ ਵੋਟਾਂ ਬਾਰੇ ਗੈਰ-ਯਕੀਨੀ ਦੇ ਹਾਲਾਤ
- 'ਆਪ' ਤੇ ਅਕਾਲੀ ਦਲ ਨੂੰ ਨਹੀਂ ਲੱਭ ਰਹੇ ਧੜੱਲੇਦਾਰ ਉਮੀਦਵਾਰ
- ਕਾਂਗਰਸ 'ਚ ਵੱਡੀ ਗਿਣਤੀ ਉਮੀਦਵਾਰਾਂ ਕਾਰਨ ਕਾਟੋ-ਕਲੇਸ਼ ਪਿਆ



### ਵਿਸ਼ੇਸ਼ ਰਿਪੋਰਟ

**ਪ੍ਰੋ. ਬਲਵਿੰਦਰ ਪਾਲ ਸਿੰਘ**

ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਫਸਣ ਕਾਰਨ ਸਿਆਸੀ ਸਥਿਤੀ ਡਾਵਾਂਡੋਲ ਹੈ। ਬਦਲ ਵੱਜੋਂ ਕੋਈ ਮਜ਼ਬੂਤ ਤੀਸਰੀ ਧਿਰ ਵੀ ਨਹੀਂ ਬਣ ਸਕੀ ਹੈ। 'ਆਪ' ਵਿਚ ਵੀ ਖਿੱਚੋਤਾਣ ਹੈ। ਖਹਿਰਾ, ਬੈਂਸ ਤੇ ਟਕਸਾਲੀ ਤੇ ਬਸਪਾ ਦੀ ਹਾਲਤ ਵੀ ਪੰਜਾਬ ਵਿਚ ਬਹੁਤੀ ਚੰਗੀ ਨਹੀਂ ਆਖੀ ਜਾ ਸਕਦੀ।

ਇਸ ਵਾਰ ਸ਼੍ਰੋਮਣੀ ਅਕਾਲੀ ਦਲ (ਬ) ਤੇ 'ਆਪ' ਨੂੰ ਲੋਕ ਸਭਾ ਚੋਣਾਂ ਲਈ ਧੜੱਲੇਦਾਰ ਉਮੀਦਵਾਰ ਲੱਭਣ 'ਚ ਮੁਸ਼ਕਲ ਹੋ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਤਿੰਨ ਲੋਕ ਸਭਾ ਹਲਕਿਆਂ ਤੋਂ ਉਮੀਦਵਾਰ ਤਾਂ ਲਾਂਭੇ ਹੀ ਹੋ ਗਏ ਹਨ। ਇਨ੍ਹਾਂ ਵਿੱਚ ਸੰਗਰੂਰ, ਫਿਰੋਜ਼ਪੁਰ ਤੇ ਖਡੂਰ ਸਾਹਿਬ ਸ਼ਾਮਲ ਹਨ। ਸੰਗਰੂਰ ਤੋਂ ਸੁਖਦੇਵ ਸਿੰਘ ਢੀਂਡਸਾ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਹੈ। ਖਡੂਰ ਸਾਹਿਬ ਤੋਂ ਰਣਜੀਤ ਸਿੰਘ ਬ੍ਰਹਮਪੁਰਾ ਨੇ ਵੱਖਰੀ ਪਾਰਟੀ ਬਣਾ ਲਈ ਹੈ। ਇਸੇ ਤਰ੍ਹਾਂ ਫਿਰੋਜ਼ਪੁਰ ਤੋਂ ਸ਼ੇਰ ਸਿੰਘ ਘੁਬਾਇਆ ਵੀ ਕਾਂਗਰਸ ਨਾਲ ਹੱਥ ਮਿਲਾਈ ਬੈਠੇ ਹਨ। ਅਕਾਲੀ ਦਲ ਲਈ ਇਨ੍ਹਾਂ ਸੀਟਾਂ ਤੋਂ ਧੜੱਲੇਦਾਰ ਉਮੀਦਵਾਰ ਲੱਭਣਾ ਵੱਡੀ ਚੁਣੌਤੀ ਹੋਏਗਾ। ਇਸ ਤੋਂ ਇਲਾਵਾ ਦੂਜੀਆਂ ਸੀਟਾਂ ਲਈ ਵੀ ਅਕਾਲੀ ਦਲ ਅਜਿਹੇ ਉਮੀਦਵਾਰ ਲੱਭ ਰਿਹਾ ਹੈ ਜਿਹੜਾ ਜਿੱਤ ਯਕੀਨੀ ਬਣਾ ਸਕਣ। ਇਸ ਲਈ ਅਕਾਲੀ ਦਲ ਸੀਨੀਅਰ ਲੀਡਰਾਂ ਨੂੰ ਮੈਦਾਨ ਵਿੱਚ ਉਤਾਰਨ ਦੀ ਰਣਨੀਤੀ ਘੜ ਰਿਹਾ ਹੈ।

ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਤੇ ਫਤਹਿਗੜ੍ਹ ਸਾਹਿਬ ਤੋਂ ਉਮੀਦਵਾਰ ਹਰਿੰਦਰ ਸਿੰਘ ਖਾਲਸਾ ਵੀ ਬਾਗੀ ਹੋਏ ਬੈਠੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਹਲਕਿਆਂ ਤੋਂ ਵੀ 'ਆਪ' ਲਈ ਵੱਡੇ ਚਿਹਰੇ ਲੱਭਣਾ ਔਖਾ ਬਣਿਆ ਪਿਆ ਹੈ। ਸੂਤਰਾਂ ਮੁਤਾਬਕ 'ਆਪ' ਆਪਣੇ ਕੁਝ ਵਿਧਾਇਕਾਂ ਨੂੰ ਹੀ ਮੈਦਾਨ ਵਿੱਚ ਉਤਾਰ ਸਕਦੀ ਹੈ। ਦੂਜੇ ਪਾਸੇ ਕਾਂਗਰਸ ਵਿੱਚ ਉਮੀਦਵਾਰੀ ਦੇ ਦਾਅਵੇਦਾਰਾਂ ਦੀ ਭੀੜ ਲੱਗੀ ਹੋਈ ਹੈ। ਮੈਦਾਨ ਵਿੱਚ ਕੋਈ ਤਕੜੀ ਵਿਰੋਧੀ ਧਿਰ ਦੀ ਅਣਹੋਂਦ ਕਰਕੇ ਕਾਂਗਰਸੀ ਆਪਣੀ ਜਿੱਤ ਯਕੀਨੀ ਸਮਝ ਰਹੇ ਹਨ। ਇਸ ਲਈ ਕਾਂਗਰਸ ਲਈ ਉਮੀਦਵਾਰਾਂ ਦੀ ਚੋਣ ਔਖਾ ਕਾਰਜ ਬਣਿਆ ਹੋਇਆ ਹੈ। ਲੋਕ ਸਭਾ ਚੋਣਾਂ 'ਚ ਬਿਹਤਰ ਪ੍ਰਫਾਰਮੈਂਸ ਦਿਖਾਉਣ ਸਬੰਧੀ ਕਾਂਗਰਸ ਹਾਈਕਮਾਂਡ ਨਿਰੰਤਰ ਵਿਚਾਰ- ਵਟਾਂਦਰੇ ਕਰ ਰਹੀ ਹੈ ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਕਾਂਗਰਸ ਦੀ ਸੂਬਾ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਨਾਲ ਮੁਲਾਕਾਤ ਕੀਤੀ। ਰਾਹੁਲ ਗਾਂਧੀ ਨੇ ਸੂਬਾ ਕਾਂਗਰਸ ਪ੍ਰਧਾਨਾਂ ਤੇ ਕਾਂਗਰਸ ਵਿਧਾਇਕ ਪਾਰਟੀ ਦੇ ਆਗੂਆਂ ਨੂੰ ਉਨ੍ਹਾਂ ਦੇ ਸੂਬਿਆਂ ਦੇ ਹਿਸਾਬ ਨਾਲ ਸਿਆਸੀ ਹਾਲਾਤ ਬਾਰੇ ਤਾਜ਼ਾ ਸਥਿਤੀ ਤੋਂ ਜਾਣੂ ਕਰਵਾਉਣ ਲਈ ਮੀਟਿੰਗ ਸੱਦੀ। ਕੁੱਲ ਮਿਲਾ ਕੇ ਪਾਰਟੀ ਗਤੀਵਿਧੀਆਂ ਇਸ ਵੇਲੇ ਸਿਖ਼ਰਾਂ 'ਤੇ ਹਨ। ਬੀਤੇ ਦਿਨੀਂ ਜਾਖੜ ਤੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਆਸ਼ਾ ਕੁਮਾਰੀ ਨੇ ਵਿਧਾਇਕਾਂ, ਸਾਬਕਾ ਵਿਧਾਇਕਾਂ ਤੇ ਗੁਰਦਾਸਪੁਰ, ਅੰਮ੍ਰਿਤਸਰ, ਲੁਧਿਆਣਾ ਤੇ ਜਲੰਧਰ ਦੇ ਮੌਜੂਦਾ ਐੱਮਪੀਜ਼ ਨਾਲ ਮੁਲਾਕਾਤ ਕੀਤੀ ਸੀ। ਸਾਬਕਾ ਮੰਤਰੀ ਰਮਨ ਭੱਲਾ ਨੇ ਗੁਰਦਾਸਪੁਰ ਤੋਂ ਸੁਨੀਲ ਜਾਖੜ ਨੂੰ ਮੁੜ ਉਮੀਦਵਾਰ ਬਣਾਏ ਜਾਣ ਦਾ ਖੁੱਲ੍ਹੇਆਮ ਵਿਰੋਧ ਕੀਤਾ ਸੀ ਤੇ ਉਨ੍ਹਾਂ ਨੂੰ ਹਲਕੇ ਤੋਂ ਬਾਹਰ ਦਾ ਵਿਅਕਤੀ ਦੱਸਿਆ ਸੀ।

ਲੁਧਿਆਣਾ ਸੀਟ ਲਈ ਵਿਧਾਇਕ ਰਾਕੇਸ਼ ਪਾਂਡੇ ਦਾ ਨਾਂਅ ਸਾਹਮਣੇ ਆਇਆ ਸੀ। ਇਸ ਸੀਟ ਦੀ ਨੁਮਾਇੰਦਗੀ ਰਵਨੀਤ ਸਿੰਘ ਬਿੱਟੂ ਕਰਦੇ ਹਨ। ਸਰਵਣ ਸਿੰਘ ਫਿਲੌਰ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਉਨ੍ਹਾਂ ਦੇ ਨਾਂਅ ਦੀ ਸਿਫਾਰਸ਼ ਜਲੰਧਰ ਸੀਟ ਲਈ ਕੀਤੀ ਗਈ ਹੈ, ਜਿੱਥੋਂ ਚੌਧਰੀ ਸੰਤੋਖ ਸਿੰਘ ਨੁਮਾਇੰਦਗੀ ਕਰਦੇ ਹਨ। ਅੰਮ੍ਰਿਤਸਰ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਦੇ ਨਾਂਅ ਦੀ ਸਿਫ਼ਾਰਸ਼ ਕਿਸੇ ਨੇ ਅੰਮ੍ਰਿਤਸਰ ਸੀਟ ਲਈ ਕੀਤੀ ਹੈ, ਜਿੱਥੋਂ ਗੁਰਜੀਤ ਸਿੰਘ ਔਜਲਾ ਐੱਮਪੀ ਹਨ। ਸੂਤਰਾਂ ਅਨੁਸਾਰ ਪਾਰਟੀ ਆਉਂਦੀ 10 ਫ਼ਰਵਰੀ ਤੱਕ ਨਾਮਜ਼ਦਗੀਆਂ ਪ੍ਰਵਾਨ ਕਰੇਗੀ। ਬੀਤੇ ਹਫਤੇ ਤੱਕ 13 ਸੀਟਾਂ ਲਈ ਕੁੱਲ 160 ਨਾਮਜ਼ਦਗੀਆਂ ਪੁੱਜ ਚੁੱਕੀਆਂ ਸਨ। ਕੁੱਲ ਮਿਲਾ ਕੇ ਵਿਰੋਧੀਆਂ ਦੀਆਂ ਕਮਜ਼ੋਰੀਆਂ ਦਾ ਫਾਇਦਾ ਕਾਂਗਰਸ ਨੂੰ ਹੋਣ ਵਾਲਾ ਹੈ।

ਕਾਂਗਰਸ ਦਾ ਪੱਲੜਾ ਭਾਰੀ : ਪੰਜਾਬ ਦੀ ਰਾਜਨੀਤੀ ਵਿਚ ਸਥਿਤੀ ਕੋਈ ਬਹੁਤ ਜ਼ਿਆਦਾ ਨਹੀਂ ਸੁਧਰੀ। ਆਉਂਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦਾ ਮੁੱਖ ਮੁਕਾਬਲਾ ਅਕਾਲੀ ਦਲ ਬਾਦਲ ਤੇ ਭਾਜਪਾ ਗੱਠਜੋੜ ਨਾਲ ਹੋਣ ਦੇ ਆਸਾਰ ਹੀ ਨਜ਼ਰ ਆ ਰਹੇ ਹਨ, ਜਦੋਂ ਕਿ ਬਾਦਲ ਵਿਰੋਧੀ ਧਿਰਾਂ ਅਜੇ ਵੀ ਕਈ ਧੜਿਆਂ ਵਿਚ ਵੰਡੀਆਂ ਹੋਈਆਂ ਹਨ ਤੇ ਕਿਸੇ ਤੀਸਰੇ ਮਜ਼ਬੂਤ ਬਦਲ ਦੇ ਆਸਾਰ ਅਜੇ ਤੱਕ ਨਜ਼ਰ ਨਹੀਂ ਆ ਰਹੇ।

ਕਾਂਗਰਸ ਨੇ ਸਾਲ 2019 ਦੀਆਂ ਲੋਕ ਸਭਾ ਚੋਣਾਂ ਲਈ ਤਿਆਰੀਆਂ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤੀਆਂ ਹਨ। ਹਾਈਕਮਾਨ ਵੱਲੋਂ ਬਣਾਈਆਂ ਪੰਜ ਕਮੇਟੀਆਂ ਵਿਚ ਕਈ ਤਰ੍ਹਾਂ ਦੇ ਸੰਕੇਤ ਦਿੱਤੇ ਗਏ ਹਨ। ਚੋਣ ਪ੍ਰਚਾਰ ਦੀ ਕਮਾਨ ਕੈਪਟਨ ਨੂੰ ਸੌਂਪੀ ਗਈ ਹੈ ਅਤੇ ਪਾਰਟੀ ਪ੍ਰਧਾਨ ਸੁਨੀਲ ਜਾਖੜ ਨੂੰ ਚੋਣ ਕਮੇਟੀ ਦਾ ਇੰਚਾਰਜ ਬਣਾਇਆ ਗਿਆ ਹੈ। ਜਨਰਲ ਸੈਕਟਰੀ ਆਸ਼ਾ ਕੁਮਾਰੀ ਦੀ ਜ਼ਿੰਮੇਵਾਰੀ ਤਾਲਮੇਲ ਰੱਖਣ ਦੀ ਹੋਵੇਗੀ। ਦਿਲਚਸਪ ਪੱਖ ਇਹ ਹੈ ਕਿ ਮਨੀਸ਼ ਤਿਵਾੜੀ ਨੂੰ ਮੀਡੀਆ ਕਮੇਟੀ ਦੀ ਜ਼ਿੰਮੇਵਾਰੀ ਦੇ ਕੇ ਉਸ ਦਾ ਪੰਜਾਬ ਕਾਂਗਰਸ ਅੰਦਰ ਦਾਖ਼ਲੇ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ। ਕਮੇਟੀਆਂ ਵਿਚ ਸੂਬੇ ਦੇ ਸੌ ਦੇ ਕਰੀਬ ਸਾਰੇ ਸੀਨੀਅਰ ਆਗੂ ਸ਼ਾਮਿਲ ਕੀਤੇ ਗਏ ਹਨ। ਪਬਲੀਸਿਟੀ ਕਮੇਟੀ ਦਾ ਇੰਚਾਰਜ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਵਿਜੇਇੰਦਰ ਸਿੰਗਲਾ ਨੂੰ ਬਣਾਇਆ ਗਿਆ ਹੈ। ਹਾਲ ਹੀ ਵਿਚ ਹੋਈਆਂ ਤਿੰਨ ਰਾਜਾਂ ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਦੀਆਂ ਚੋਣਾਂ ਵਿਚ ਨਵਜੋਤ ਸਿੱਧੂ ਨੂੰ ਚੋਣ ਪ੍ਰਚਾਰ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ ਤੇ ਪੰਜਾਬ ਦੀ ਵੀ ਉਸ ਨੂੰ ਚੋਣ ਮੁਹਿੰਮ ਕਮੇਟੀ ਵਿੱਚ ਹੀ ਰੱਖਿਆ ਗਿਆ ਹੈ।

ਕੈਪਟਨ ਸਰਕਾਰ ਬਣਿਆਂ ਦੋ ਸਾਲ ਦੇ ਕਰੀਬ ਸਮਾਂ ਹੋ ਚੁੱਕਾ ਹੈ। ਸਮੁੱਚਾ ਕਰਜ਼ਾ ਮੁਆਫ਼ ਕਰਨ ਦੇ ਵਾਅਦੇ ਦਾ ਬਹੁਤ ਛੋਟਾ ਹਿੱਸਾ ਲਾਗੂ ਕੀਤਾ ਗਿਆ ਹੈ। ਘਰ ਘਰ ਰੁਜ਼ਗਾਰ ਅਤੇ ਨਸ਼ਿਆਂ ਉੱਤੇ ਚਾਰ ਹਫ਼ਤਿਆਂ ਵਿਚ ਕਾਬੂ ਪਾ ਲੈਣ ਵਰਗੇ ਮੁੱਦਿਆਂ ਬਾਰੇ ਵੀ ਸਰਕਾਰ ਦੀ ਕਾਰਗੁਜ਼ਾਰੀ ਵਿਚ ਵੱਡੀ ਪੱਧਰ ਦੀਆਂ ਤਬਦੀਲੀਆਂ ਦੇਖਣ ਵਿਚ ਨਹੀਂ ਮਿਲੀਆਂ। ਖਣਨ ਬਾਰੇ ਨੀਤੀ ਅਜੇ ਤਕ ਨਹੀਂ ਬਣ ਸਕੀ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਪੁਲੀਸ ਗੋਲੀਕਾਂਡ ਬਾਰੇ ਐੱਸਆਈਟੀ ਨੇ ਕੁਝ ਸਰਗਰਮੀ ਤਾਂ ਜ਼ਰੂਰ ਕੀਤੀ ਹੈ ਪਰ ਤਫ਼ਤੀਸ਼ ਦੀ ਰਫ਼ਤਾਰ ਏਨੀ ਤੇਜ਼ ਦਿਖਾਈ ਨਹੀਂ ਦਿੰਦੀ। ਇਨ੍ਹਾਂ ਸਾਰੇ ਮਾਮਲਿਆਂ ਦੇ ਬਾਵਜੂਦ ਪੰਜਾਬ ਕਾਂਗਰਸ ਦੇ ਆਗੂ ਕੋਈ ਵੱਡੀ ਚੁਣੌਤੀ ਮਹਿਸੂਸ ਨਹੀਂ ਕਰ ਰਹੇ। ਇਸ ਸਭ ਦੇ ਬਾਵਜੂਦ ਪਾਰਟੀ ਅੰਦਰ ਇਕ ਗਰੁੱਪ ਇਹ ਵੀ ਮਹਿਸੂਸ ਕਰ ਰਿਹਾ ਹੈ ਕਿ ਲੋੜੋਂ ਵੱਧ ਭਰੋਸਾ ਕਾਂਗਰਸ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

**'ਆਪ' ਗੱਠਜੋੜ ਤੋਂ ਬਾਹਰ** : ਪੰਜਾਬ ਦੇ ਹਰ ਹਲਕੇ ਵਿਚ ਅਕਾਲੀ ਭਾਜਪਾ ਗੱਠਜੋੜ ਤੋਂ ਬਿਨਾ ਆਮ ਆਦਮੀ ਪਾਰਟੀ, ਪੰਜਾਬ ਡੈਮੋਕ੍ਰੇਟਿਕ ਅਲਾਇੰਸ ਅਤੇ ਬਰਗਾੜੀ ਇਨਸਾਫ਼ ਮੋਰਚੇ ਦੇ ਉਮੀਦਵਾਰਾਂ ਦੀ ਮੌਜੂਦਗੀ ਕਾਂਗਰਸ ਲਈ ਚੁਣੌਤੀ ਦਾ ਕਾਰਨ ਨਹੀਂ ਬਣ ਰਹੀ। ਇੱਥੋਂ ਤੱਕ ਕਿ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਵਿਚ 'ਆਪ' ਨੂੰ ਕਿਨਾਰੇ ਕਰ ਦਿੱਤਾ ਗਿਆ ਹੈ। 'ਆਪ'ਦੀ ਸ਼ਰਤ ਸੀ ਕਿ ਉਹ ਖਹਿਰਾ ਤੇ ਬੈਂਸਾਂ ਨਾਲ ਗੱਠਜੋੜ ਨਹੀਂ ਕਰੇਗੀ। ਬਸਪਾ ਦੇ ਪੰਜਾਬ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਨੇ ਕਿਹਾ ਕਿ ਪੰਜਾਬ ਵਿੱਚ ਬਸਪਾ ਤੀਜੇ ਫਰੰਟ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਵਿੱਚ ਜਾਵੇਗੀ। ਰਾਜੂ ਨੇ ਕਿਹਾ ਕਿ ਸੰਗਰੂਰ, ਖਡੂਰ ਸਾਹਿਬ ਤੇ ਦੁਆਬੇ ਦੀਆਂ ਸੀਟਾਂ 'ਤੇ 'ਆਪ' ਨੇ ਪਹਿਲਾਂ ਹੀ ਆਪਣੇ ਉਮੀਦਵਾਰ ਉਤਾਰ ਦਿੱਤੇ ਹਨ। ਉਨ੍ਹਾਂ 'ਆਪ' ਵੱਲੋਂ ਐਲਾਨੀਆਂ ਗਈਆਂ ਲੋਕ ਸਭਾ ਸੀਟਾਂ ਨੂੰ ਦਲਿਤਾਂ ਦਾ ਗੜ੍ਹ ਦੱਸਦਿਆਂ ਬਸਪਾ ਦਾ ਹੱਕ ਜਤਾਇਆ। ਹਾਲਾਂ ਕਿ ਰਸ਼ਪਾਲ ਨੇ ਇਹ ਵੀ ਕਿਹਾ ਕਿ ਜੇਕਰ 'ਆਪ' ਆਪਣੇ ਉਮੀਦਵਾਰਾਂ ਦੇ ਨਾਮ ਵਾਪਸ ਲੈ ਲਵੇ, ਗੱਠਜੋੜ ਬਾਰੇ ਤਾਂ ਹੀ ਕੋਈ ਵਿਚਾਰ ਹੋ ਸਕਦਾ ਹੈ। ਖਹਿਰਾ ਦੀ ਮੌਜੂਦਗੀ ਕਰਕੇ 'ਆਪ' ਪੀਡੀਏ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੀ ਅਤੇ ਹੁਣ ਉਸ ਦੀ ਆਖਰੀ ਉਮੀਦ ਬਸਪਾ ਹੈ।

ਬਰਗਾੜੀ ਮੋਰਚਾ ਵੀ ਚੋਣਾਂ 'ਚ : ਬੀਤੇ ਦਿਨ ਬਰਗਾੜੀ ਇਨਸਾਫ਼ ਮੋਰਚੇ ਦੇ ਦੂਜੇ ਪੜਾਅ ਵਜੋਂ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਵਲੋਂ 4 ਲੋਕ ਸਭਾ ਸੀਟਾਂ ਤੋਂ ਉਮੀਦਵਾਰਾਂ ਦਾ ਐਲਾਨ ਕੀਤੇ ਜਾਣ ਤੋਂ ਉੱਚ ਅਕਾਲੀ ਹਲਕਿਆਂ ਵਿਚ ਕਿਸੇ ਫ਼ਿਕਰ ਵਾਲੀ ਗੱਲ ਨਹੀਂ ਹੈ। ਹਾਲਾਂਕਿ ਚੋਣ ਮਾਹਿਰਾਂ ਦਾ ਮੰਨਣਾ ਹੈ ਕਿ ਬਰਗਾੜੀ ਮੋਰਚਾ ਬਹੁਤੀਆਂ ਵੋਟਾਂ ਨਹੀਂ ਲਿਜਾ ਸਕੇਗਾ ਤੇ ਉਹ ਕਿਸੇ ਦਾ ਨੁਕਸਾਨ ਕਰਨ ਦੇ ਸਮਰੱਥ ਨਹੀਂ। ਦੂਸਰੇ ਪਾਸੇ ਅਕਾਲੀ ਦਲ ਦੇ ਸੀਨੀਅਰ ਨੇਤਾ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦਾ ਮੰਨਣਾ ਹੈ ਕਿ ਬਾਦਲ ਵਿਰੋਧੀ ਵੋਟਾਂ ਕਈ ਧੜਿਆਂ ਵਿਚ ਵੰਡੇ ਜਾਣ ਕਾਰਨ ਅਕਾਲੀ ਦਲ ਲਈ ਕੋਈ ਚੁਣੌਤੀ ਨਹੀਂ ਬਣ ਸਕਦੀਆਂ। ਸਮਝਿਆ ਜਾਂਦਾ ਹੈ ਕਿ ਇਸ ਸਥਿਤੀ ਨੂੰ ਅਕਾਲੀ ਦਲ ਵਿਸ਼ੇਸ਼ ਰੂਪ ਵਿਚ ਬਠਿੰਡਾ ਲੋਕ ਸਭਾ ਹਲਕੇ ਵਿਚ ਆਪਣੇ ਹੱਕ ਵਿਚ ਮੰਨ ਰਿਹਾ ਹੈ। ਬੇਸ਼ੱਕ ਬਠਿੰਡਾ ਤੋਂ ਕਾਂਗਰਸ ਵਲੋਂ ਕੋਈ ਤਕੜਾ ਉਮੀਦਵਾਰ ਹੀ ਦਿੱਤਾ ਜਾਵੇਗਾ ਪਰ ਇਥੋਂ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਵਲੋਂ ਸੁਖਪਾਲ ਸਿੰਘ ਖਹਿਰਾ ਵਰਗੇ ਚੰਗੇ ਬੁਲਾਰੇ ਨੂੰ ਉਮੀਦਵਾਰ ਬਣਾਉਣਾ ਅਤੇ 'ਆਪ' ਦੇ ਵੱਖਰੇ ਉਮੀਦਵਾਰ ਦੇ ਹੋਣ ਦੇ ਨਾਲ-ਨਾਲ ਬਰਗਾੜੀ ਇਨਸਾਫ਼ ਮੋਰਚੇ ਵਲੋਂ ਗੁਰਦੀਪ ਸਿੰਘ ਬਠਿੰਡਾ ਨੂੰ ਉਮੀਦਵਾਰ ਐਲਾਨ ਦਿੱਤੇ ਜਾਣ ਨਾਲ 5 ਕੋਨਾ ਮੁਕਾਬਲਾ ਅਕਾਲੀ ਦਲ ਦੀ ਸੰਭਾਵਿਤ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੀ ਜਿੱਤ ਲਈ ਸਹਾਈ ਹੋ ਸਕਦਾ ਹੈ। ਸਿਆਸੀ ਮਾਹਿਰ ਮੰਨਦੇ ਹਨ ਕਿ ਇਸ ਹਲਕੇ ਵਿਚ ਪੰਜਾਬ ਕਾਂਗਰਸ ਦੀ ਪਿਛਲੇ 2 ਸਾਲ ਦੀ ਕਾਰਗੁਜ਼ਾਰੀ ਨਾਲ ਸਥਾਪਤੀ ਵਿਰੋਧੀ ਰੁਝਾਨ ਬਣ ਰਿਹਾ ਹੈ ਪਰ ਲੋਕਾਂ ਨੂੰ ਕੋਈ ਹੋਰ ਬਦਲ ਨਜ਼ਰ ਨਹੀਂ ਆ ਰਿਹਾ। ਇਸ ਦੇ ਨਾਲ ਹੀ ਹਰਸਿਮਰਤ ਕੌਰ ਬਾਦਲ ਵਲੋਂ ਹਲਕੇ ਵਿਚ ਗਰਾਂਟਾਂ ਦੇਣ ਦੀ ਭਰਮਾਰ ਵੀ ਅਕਾਲੀ ਦਲ ਲਈ ਆਸ ਦਾ ਇਕ ਕਾਰਨ ਹੈ। ਹਾਲਾਂ ਕਿ ਸਚਾਈ ਇਹੀ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਲਈ ਸਭ ਤੋਂ ਵੱਧ ਨੁਕਸਾਨ ਦਾ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਅਕਾਲੀ ਦਲ ਵਲੋਂ ਡੇਰਾ ਸਿਰਸਾ ਤੋਂ ਲਈ ਹਮਾਇਤ ਹੀ ਬਣੀ ਸੀ ਪਰ ਸਮਝਿਆ ਜਾਂਦਾ ਹੈ ਕਿ ਹੁਣ ਅਕਾਲੀ ਦਲ ਵਲੋਂ ਪੰਥਕ ਮੁੱਦਿਆਂ ਵੱਲ ਪਾਏ ਮੋੜ ਦੇ ਬਾਵਜੂਦ ਡੇਰਾ ਸਿਰਸਾ ਸਮਰਥਕਾਂ ਦੀ ਵੋਟ ਵੀ ਚੁੱਪ-ਚੁਪੀਤੇ ਅਕਾਲੀ ਦਲ ਬਾਦਲ ਦੇ ਹੱਕ ਵਿਚ ਹੀ ਭੁਗਤੇਗੀ, ਕਿਉਂਕਿ ਅਜੇ ਵੀ ਡੇਰਾ ਸਮਰਥਕਾਂ ਨੂੰ ਭਾਜਪਾ ਦੇ ਹੀ ਨੇੜੇ ਸਮਝਿਆ ਜਾ ਰਿਹਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਭਾਵੇਂ ਭਾਜਪਾ ਤੇ ਅਕਾਲੀਆਂ ਵਿਚ ਕੁਝ ਚਿਰਾਂ ਤੋਂ ਖਟਪਟ ਚਲ ਰਹੀ ਸੀ ਤੇ ਗੱਠਜੋੜ ਟੁੱਟਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਸਨ ਪਰ ਬੀਤੇ ਦਿਨੀਂ ਭਾਜਪਾ ਪ੍ਰਧਾਨ ਅਮਿਤ ਸ਼ਾਹ ਤੇ ਸੁਖਬੀਰ ਬਾਦਲ ਦੀ ਮੀਟਿੰਗ ਤੋਂ ਬਾਅਦ ਇਹ ਗੱਠਜੋੜ ਹਾਲ ਦੀ ਘੜੀ ਜਾਰੀ ਰਹਿਣ ਦੀ ਸੰਭਾਵਨਾ ਹੈ।

# ਭਾਰਤੀ ਚੋਣਾਂ-2019 : ਮੁੱਦਿਆਂ ਦੀ ਥਾਂ ਤੁਰਪ ਦੇ ਪੱਤੇ

**ਡਾ. ਸ਼ਿਆਮ ਸੁੰਦਰ ਦੀਪਤੀ**

ਭਾਰਤ ਦੀ ਰਾਜਨੀਤੀ ਪਿਛਲੇ ਕੁਝ ਕੁ ਸਮੇਂ ਤੋਂ ਕਾਫ਼ੀ ਦਿਲਚਸਪ ਹੋ ਰਹੀ ਹੈ। ਦਿਲਚਸਪ ਇਸ ਮਾਇਨੇ ਵਿੱਚ ਕਿ ਇਸ ਵਿੱਚੋਂ ਮੁੱਦੇ ਗਾਇਬ ਹੋ ਰਹੇ ਹਨ ਤੇ ਲੋਕਾਂ ਨੂੰ ਜੋ ਸੁਨੇਹੇ ਦਿੱਤੇ ਜਾ ਰਹੇ ਹਨ ਜਾਂ ਪਹੁੰਚਾਏ ਜਾਣ ਦੀ ਵਿਵਸਥਾ ਬਣ ਰਹੀ ਹੈ, ਉਹ ਹਾਸੋਹੀਣੀ ਵੱਧ ਹੈ। ਇਸ ਵਿੱਚ ਸੋਸ਼ਲ ਮੀਡੀਆ ਦੀ ਇੱਕ ਵੱਡੀ ਭੂਮਿਕਾ ਹੈ। ਟੈਲੀਵਿਜ਼ਨ ਪਹਿਲਾਂ ਵੀ ਸੀ, ਪਰ ਉਸ ਦੀ ਭੂਮਿਕਾ ਸੀਮਤ ਸੀ। ਹੁਣ ਵਟਸਐਪ, ਫੇਸਬੁੱਕ ਰਾਹੀਂ ਇਹ ਪ੍ਰਚਾਰ ਝੂਠਾ ਵੀ ਹੈ, ਅਫ਼ਵਾਹਾਂ ਵਾਲਾ ਵੀ ਹੈ ਤੇ ਅੱਗ ਦੀ ਤਰ੍ਹਾਂ ਫੈਲਣ ਵਾਲਾ ਵੀ। ਸਭ ਤੋਂ ਵੱਡੀ ਗੱਲ ਹੈ ਕਿ ਇਹ ਬੇਲਗਾਮ ਹੈ। ਸਾਡੇ ਵਰਗੇ ਮੁਲਕ ਵਿੱਚ ਜਿੱਥੇ ਧਰਮ, ਜਾਤ, ਬਿਰਾਦਰੀ ਵਰਗੇ ਸੰਵੇਦਨਸ਼ੀਲ ਪਹਿਲੂ ਅਜੇ ਵੀ ਪੂਰੀ ਤਰ੍ਹਾਂ ਆਪਣੀ ਜੀਵੰਤ ਵੇਸਭੂਸ਼ਾ ਵਿੱਚ ਹਨ, ਇਹ ਪ੍ਰਭਾਵਤ ਵੀ ਕਰਦਾ ਹੈ ਤੇ ਸਿੱਟਿਆਂ ਤੱਕ ਵੀ ਪਹੁੰਚਦਾ ਹੈ ਤੇ ਕਈ ਪਾਰਟੀਆਂ ਨੂੰ ਇਹ ਸੂਤ ਵੀ ਬਹਿੰਦਾ ਹੈ।

ਭਾਰਤੀ ਸੰਵਿਧਾਨ ਦੀਆਂ ਤਰੀਫ਼ਾਂ ਲਈ ਇੱਕ ਲਫ਼ਜ਼ ਇਸਤੇਮਾਲ ਹੁੰਦਾ ਹੈ ਕਿ ਇਹ ਬਹੁਤ ਲਚਕੀਲਾ ਹੈ, ਭਾਵ ਛੇਤੀ ਢਲ ਜਾਂਦਾ ਹੈ ਜਾਂ ਸਧਾਰਨ ਭਾਸ਼ਾ ਵਿੱਚ ਕਹੀਏ ਕਿ ਕੋਈ ਵੀ ਇਸ ਨੂੰ ਆਪਣੇ ਮੁਤਾਬਕ ਵਰਤ ਸਕਦਾ ਹੈ। ਸਵਾਲ ਫਿਰ ਉਹੀ ਹੈ ਕਿ ਇੰਨੇ ਵੱਡੇ ਮੁਲਕ ਅਤੇ ਇੰਨੀਆਂ ਵਿਭਿੰਨਤਾਵਾਂ ਵਾਲੇ ਜੀਵਨ ਜਿਉਂਦੇ ਲੋਕਾਂ ਲਈ ਇੱਕ ਸੰਵਿਧਾਨ, ਔਖਾ ਤਾਂ ਲੱਗਦਾ ਹੈ, ਪਰ ਸੰਵਿਧਾਨ ਦੀ ਭਾਵਨਾ ਸਪਸ਼ਟ ਹੈ।

ਸੰਵਿਧਾਨ ਦੇ ਮੁੱਖ ਬੰਦ ਵਿੱਚ ਦਰਜ ਇਨਸਾਫ਼, ਆਜ਼ਾਦੀ, ਬਰਾਬਰੀ ਤੇ ਭਾਈਚਾਰਾ; ਇਹ ਚਾਰ ਲਫ਼ਜ਼ ਸਿਰਫ਼ ਅੱਖਰਾਂ ਤੱਕ ਮਹਿਦੂਦ ਨਹੀਂ ਹਨ, ਇਹ ਚਾਰ ਪਹਿਲੂ ਸੰਵਿਧਾਨ ਦੀ ਪੂਰੀ ਵਿਆਖਿਆ ਦਾ ਨਿਚੋੜ ਹਨ।

ਹੁਣ ਜਦੋਂ ਭਾਰਤੀ ਲੋਕ 70ਵਾਂ ਗਣਤੰਤਰ ਦਿਵਸ ਮਨਾ ਕੇ ਹਟੇ ਹਨ ਤੇ ਦੇਸ਼ 2019 ਦੀਆਂ ਸੰਸਦੀ ਚੋਣਾਂ ਵੱਲ ਵਧ ਰਿਹਾ ਹੈ ਤਾਂ ਕਈ ਸਵਾਲ ਖੜ੍ਹੇ ਹੁੰਦੇ ਹਨ।ਸੰਵਿਧਾਨ ਦੀ ਭਾਵਨਾ ਮੁਤਾਬਕ, ਚੋਣਾਂ-ਦਰ-ਚੋਣਾਂ ਹਰ ਇੱਕ ਰਾਜਨੀਤਕ ਪਾਰਟੀ ਇਨ੍ਹਾਂ ਮੁੱਖ ਸੰਵਿਧਾਨਕ ਸੰਕਲਪਾਂ ਨੂੰ ਸਾਹਮਣੇ ਰੱਖ ਕੇ ਲੜਦੀ ਰਹੀ ਹੈ। ਹਰ ਪਾਰਟੀ ਆਪਣੀ ਕਾਰਜ ਪ੍ਰਣਾਲੀ ਦਾ ਇੱਕ ਨਕਸ਼ਾ ਪੇਸ਼ ਕਰਦੀ ਅਤੇ ਦੂਸਰੇ ਦੀਆਂ ਨਾਕਾਮੀਆਂ ਨੂੰ ਉਭਾਰਦੀ ਰਹੀ ਹੈ। ਹਰ ਇੱਕ ਪਾਰਟੀ ਵਾਅਦਾ ਕਰਦੀ ਰਹੀ ਹੈ ਕਿ ਅਸੀਂ ਗ਼ਰੀਬੀ ਹਟਾ ਕੇ ਬਰਾਬਰੀ ਲਿਆਵਾਂਗੇ, ਕਿਸੇ ਤਰੀਕੇ ਨਾਲ ਸਭ ਨੂੰ ਇਨਸਾਫ਼ ਮਿਲੇਗਾ ਤੇ ਭਾਈਚਾਰਕ ਸਾਂਝ ਬਣਾ ਕੇ ਸਭ ਨੂੰ ਵਿਕਾਸ ਦੇ ਬਰਾਬਰ ਮੌਕੇ ਮਿਲਣਗੇ। ਇਸ ਤਰ੍ਹਾਂ ਦੇਸ ਨੂੰ ਅਨੇਕ ਹੀ ਦਿਲ-ਲੁਭਾਊ ਨਾਹਰੇ ਨਸੀਬ ਹੋਏ ਹਨ।

ਹੌਲੀ-ਹੌਲੀ ਚੋਣ ਪ੍ਰਚਾਰ ਵਿੱਚੋਂ ਲੋਕ ਮੁੱਦੇ ਗਾਇਬ ਹੁੰਦੇ ਗਏ ਤੇ ਨਿੱਜੀ ਹਮਲੇ ਤੇਜ਼ ਹੁੰਦੇ ਗਏ ਹਨ। ਪਾਰਟੀ ਅਤੇ ਉਸਦੀ ਵਿਚਾਰਧਾਰਾ 'ਤੇ ਹਮਲਾ ਕਰਨ ਦੀ ਬਜਾਏ ਪ੍ਰਧਾਨ ਅਤੇ ਸਕੱਤਰ ਦੀ ਕਾਰਗੁਜ਼ਾਰੀ ਤੋਂ ਵੀ ਪਰੇ, ਉਨ੍ਹਾਂ ਦੀ ਨਿੱਜੀ ਜ਼ਿੰਦਗੀ, ਪਰਵਾਰਕ ਪਿਛੋਕੜ ਨੂੰ ਨਿਸ਼ਾਨਾ ਬਣਾਇਆ ਜਾਣ ਲੱਗਿਆ ਹੈ। ਇਹ ਠੀਕ ਹੈ ਕਿ ਦੇਸ਼ ਦੇ ਨੇਤਾਵਾਂ ਦਾ ਨਿੱਜੀ ਕਿਰਦਾਰ ਬਹੁਤ ਮਹੱਤਵ ਰੱਖਦਾ ਹੈ, ਪਰ ਕੀ ਮਾਂ-ਪਿਉ, ਦਾਦੇ-ਪੜ੍ਹਦਾਦਿਆਂ ਦੀ ਗ਼ਲਤੀ ਜਾਂ ਉਸ ਸਮੇਂ ਦੀਆਂ ਹਾਲਤਾਂ ਮੁਤਾਬਕ ਹੋਈ ਕਾਰਵਾਈ ਨੂੰ ਅਜੋਕੇ ਸੰਦਰਭ ਵਿੱਚ ਇਸਤੇਮਾਲ ਕਰਨਾ ਵਾਜਬ ਹੈ? ਸੱਤਾਧਾਰੀ ਧਿਰ ਜਾਂ ਵਿਰੋਧੀ ਪਾਰਟੀਆਂ ਦਾ ਪ੍ਰਚਾਰ ਹੌਲੀ-ਹੌਲੀ ਜਿਸ ਦਿਸ਼ਾ ਵੱਲ ਜਾ ਰਿਹਾ ਹੈ, ਉਸ ਤੋਂ ਸਪਸ਼ਟ ਹੁੰਦਾ ਹੈ ਕਿ ਅਸੀਂ ਲੋਕਤੰਤਰ ਨੂੰ ਕੀ ਬਣਾ ਦਿੱਤਾ ਹੈ ਜਾਂ ਬਣਾਉਣਾ ਚਾਹੁੰਦੇ ਹਾਂ। ਭਾਰਤੀ ਸੰਵਿਧਾਨ ਦੇ ਸੰਘੀ ਢਾਂਚੇ ਤਹਿਤ ਕਦੇ ਸੰਸਦੀ ਅਤੇ ਕਦੇ ਵਿਧਾਨ ਸਭਾ ਚੋਣਾਂ ਹੁੰਦੀਆਂ ਰਹਿੰਦੀਆਂ ਹਨ। ਸੱਤਰ ਸਾਲਾਂ ਦੌਰਾਨ ਅਲੱਗ-ਅਲੱਗ ਹਾਲਤਾਂ ਦੇ ਮੱਦੇ-ਨਜ਼ਰ ਅੱਜ

ਬਾਕੀ ਸਫ਼ਾ 28 'ਤੇ

# ਕੂੜ ਦੀ ਸਿਆਸਤ ਚੱਲ ਰਹੀ ਏ ਭਾਰਤ ਵਿਚ

- **ਭ੍ਰਿਸ਼ਟਾਚਾਰ ਤੇ ਕਾਲੇ ਧਨ ਦਾ ਪ੍ਰਵਾਹ ਜਾਰੀ**
- **ਡੇਰਾਵਾਦ ਨੂੰ ਕੀਤਾ ਜਾ ਰਿਹਾ ਏ ਉਤਸ਼ਾਹਿਤ**

**ਬਲਦੇਵ ਸਿੰਘ**

ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ। ਸਵਾ ਅਰਬ ਦੀ ਆਬਾਦੀ ਵਾਲਾ ਦੇਸ਼। ਇਸ ਦੇ ਮੰਤਰੀ, ਸੰਤਰੀ, ਅਮੀਰ, ਵਜ਼ੀਰ, ਆਗੂ ਨੇਤਾ ਜਿੱਥੇ ਵੀ ਜਾਂਦੇ ਹਨ ਬੜੇ ਮਾਣ ਨਾਲ ਆਖਦੇ ਹਨ ਕਿ ਅਸੀਂ ਉਸ ਦੇਸ ਦੇ ਰਹਿਣ ਵਾਲੇ ਹਾਂ, ਜਿੱਥੇ ਪਵਿੱਤਰ ਗੰਗਾ ਵਹਿੰਦੀ ਹੈ। (ਭਾਵੇਂ ਇਹ ਹੁਣ ਪੂਰੀ ਪਲੀਤ ਹੋ ਚੁੱਕੀ ਹੈ) ਹੁਣ ਤਾਂ ਪ੍ਰਧਾਨ ਮੰਤਰੀ ਵੀ ਇਹ ਕਹਿਣ ਲੱਗੇ ਹਨ ਕਿ ਸਾਡਾ ਦੇਸ ਕਦੇ ਸੱਪਾਂ ਸਪੋਲੀਆਂ ਨਾਲ ਖੇਡਣ ਵਾਲੇ ਸਪੇਰਿਆਂ ਦਾ ਦੇਸ ਕਿਹਾ ਜਾਂਦਾ ਸੀ, ਹੁਣ ਅਸੀਂ ਮਾਊਸ ਨਾਲ ਖੇਡਣ ਲੱਗੇ ਹਾਂ। ਬੜਾ ਚੰਗਾ ਲੱਗਦਾ ਹੈ, ਸੁਣਨ ਨੂੰ, ਇਹਦਾ ਸਿੱਧਾ ਮਤਲਬ ਇਹ ਹੈ ਕਿ ਅਸੀਂ ਬੜਾ ਕੁਝ ਪ੍ਰਾਪਤ ਕਰ ਲਿਆ ਹੈ। ਦੇਸ ਦੀ ਕੁਝ ਆਬਾਦੀ ਤਾਂ ਇਹ ਸੋਚਦੀ ਹੈ 'ਹੁਣ ਅੱਛੇ ਦਿਨ ਆਉਣ ਵਾਲੇ ਹਨ।'

ਇਸ ਦੇਸ ਦਾ ਹਿੱਤ ਚਾਹੁਣ ਵਾਲੇ ਕੁਝ ਲੋਕ ਦੱਬਵੀਂ ਸੁਰ ਵਿੱਚ ਇਹ ਕਹਿੰਦੇ ਹਨ ਕਿ ਹੁਣ ਤਾਂ ਇਸ ਦੇਸ ਦੀ ਸਮੁੱਚੀ ਵਿਵਸਥਾ ਦੇ ਬਿਰਖ ਨੂੰ ਭ੍ਰਿਸ਼ਟਾਚਾਰ ਦੀ ਸਿਉਂਕ ਨੇ ਏਨਾ ਖਾ ਲਿਆ ਹੈ ਕਿ ਇਹ ਬਾਹਰੋਂ ਹੀ ਸਲਾਮਤ ਦਿਸਦਾ ਹੈ, ਪਰ ਅੰਦਰੋਂ ਪੂਰਾ ਖੋਖਲਾ ਹੋ ਗਿਆ ਹੈ। ਪਿਛਲੇ ਕੁਝ ਸਮੇਂ ਵਿੱਚ ਹੀ ਵੱਡੇ ਨੇਤਾਵਾਂ ਉੱਪਰ ਘਪਲਿਆਂ ਤੇ ਭ੍ਰਿਸ਼ਟਾਚਾਰ ਦੇ ਦੂਸ਼ਣ ਲੱਗੇ ਹਨ। ਯੂਪੀਏ ਸਰਕਾਰ ਦੇ ਪਤਨ ਦਾ ਵੱਡਾ ਕਾਰਨ ਵੀ ਇਹ ਭ੍ਰਿਸ਼ਟਾਚਾਰੀ ਘਪਲੇ ਘੁਟਾਲੇ ਬਣੇ ਹਨ। ਚਾਹੇ ਖੇਡ ਖੇਤਰ ਹੋਵੇ, ਊਰਜਾ ਖੇਤਰ ਹੋਵੇ ਜਾਂ ਕੋਲਿਆਂ ਦੀਆਂ ਖਾਣਾਂ ਨਾਲ ਸਬੰਧਿਤ ਹੋਵੇ, ਜਿੱਥੇ ਵਿੱਦਿਆ ਦਾ ਮੁਕੰਮਲ ਰੂਪ ਵਿੱਚ ਬਾਜ਼ਾਰੀਕਰਨ ਹੋ ਗਿਆ ਹੋਵੇ, ਰਾਜਨੀਤੀ ਨੂੰ ਸਭ ਤੋਂ ਵਧੀਆ ਕਾਰੋਬਾਰ ਮੰਨਿਆ ਜਾਣ ਲੱਗਾ ਹੋਵੇ, ਜਿੱਥੇ ਅਫ਼ਸਰਸ਼ਾਹੀ ਸਿਰਫ਼ ਉਦੋਂ ਤੱਕ ਹੀ ਇਮਾਨਦਾਰ ਹੋਵੇ ਜਦ ਤੱਕ ਉਸ ਨੂੰ ਬੇਈਮਾਨੀ ਕਰਨ ਦੇ ਮੌਕੇ ਨਹੀਂ ਮਿਲਦੇ, ਜਿੱਥੇ ਕਰੋੜਾਂ ਟਨ ਅਨਾਜ ਗੁਦਾਮਾਂ ਵਿੱਚ ਸੜ ਜਾਵੇ, ਪਰ ਗ਼ਰੀਬ ਲੋਕਾਂ ਨੂੰ ਦੋ ਵਕਤ ਦੀ ਰੋਟੀ ਵੀ ਨਾ ਨਸੀਬ ਹੋਵੇ।

ਸਵਾਲ ਜਿੱਥੋਂ ਤੱਕ ਸਾਂਝੇ ਨੇਤਾਵਾਂ ਦਾ ਹੈ, ਉਨ੍ਹਾਂ ਨੂੰ ਦੇਸ ਬਾਰੇ ਕੋਈ ਲੱਥੀ ਚੜ੍ਹੀ ਨਹੀਂ। ਹਾਂ, ਜੇ ਉਨ੍ਹਾਂ ਨੂੰ ਕੋਈ ਫ਼ਿਕਰ ਹੈ, ਤਾਂ ਸਿਰਫ਼ ਤੇ ਸਿਰਫ਼ ਆਪਣਾ ਤੇ ਇਸੇ ਲਈ ਸਿਆਸਤ ਵਿੱਚ ਪਰਿਵਾਰਵਾਦ ਆਏ ਦਿਨ ਭਾਰੂ ਹੋ ਰਿਹਾ ਹੈ। ਪੁੱਤ, ਭਰਾ ਅਤੇ ਹੋਰ ਰਿਸ਼ਤੇਦਾਰ ਆਪਣੇ ਜਾਨਸ਼ੀਨ ਵਾਂਗ ਅੱਗੇ ਲਿਆਂਦੇ ਜਾ ਰਹੇ ਹਨ। ਜਾਪਦਾ ਹੈ ਹੁਣ ਇਸ ਦੀ ਹਰ ਸ਼ਾਖਾ 'ਤੇ ਬੈਠਾ ਪਹੁੰਚ ਵਾਲਾ ਵਿਅਕਤੀ ਇਸ ਨੂੰ ਖਾਣ ਹੀ ਲੱਗਾ ਹੋਇਆ ਹੈ। ਹੁਣ ਵਿਸ਼ਵ ਦੀਆਂ ਨਜ਼ਰਾਂ ਵਿੱਚ ਅਜਿਹਾ ਭਾਰਤ ਦੇਸ ਬਣ ਗਿਆ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦ ਇਹ ਵੱਡੇ ਲੋਕ ਕਿਸੇ ਧੋਖਾਧੜੀ ਰਿਸ਼ਵਤ ਜਾਂ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਫਸਦੇ ਹਨ, ਤਾਂ ਇਨ੍ਹਾਂ ਨੂੰ ਚਾਹੁਣ ਵਾਲਿਆਂ ਦੀ ਮਾਨਸਿਕਤਾ ਬੜਾ ਪ੍ਰੇਸ਼ਾਨ ਕਰਦੀ ਹੈ। ਤਾਮਿਲਨਾਡੂ ਦੀ ਮੁੱਖ ਮੰਤਰੀ ਨੂੰ ਸਜ਼ਾ ਅਤੇ ਜੁਰਮਾਨਾ ਕੀ ਹੋਇਆ, ਉਸ ਦੇ ਪ੍ਰਸ਼ੰਸਕਾਂ ਵਿੱਚੋਂ 15 ਵਿਅਕਤੀ ਖ਼ੁਦਕੁਸ਼ੀ ਕਰ ਗਏ। ਪੂਰੇ ਸੂਬੇ ਵਿੱਚ ਗੜਬੜ ਹੋਈ। ਸਰਕਾਰੀ ਜਾਇਦਾਦਾਂ ਦਾ ਨੁਕਸਾਨ ਕੀਤਾ। ਉਹ ਭੁੱਲ ਗਏ ਕਿ ਇਸ ਮੁੱਖ ਮੰਤਰੀ ਕੋਲ ਨਾਜਾਇਜ਼ ਢੰਗ ਨਾਲ 28 ਕਿਲੋ ਸੋਨਾ 9 ਕੁਇੰਟਲ ਚਾਂਦੀ, ਸਾੜ੍ਹੀਆਂ, ਘੜੀਆਂ ਅਤੇ ਜੁੱਤੀਆਂ, ਸੈਂਡਲਾਂ ਦੇ ਜੋੜਿਆਂ ਦਾ ਤਾਂ ਕੋਈ ਹਿਸਾਬ-ਕਿਤਾਬ ਹੀ ਨਹੀਂ ਸੀ। ਇਹ ਕੇਹੀ ਅੰਨ੍ਹੀ ਸ਼ਰਧਾ ਹੈ ਕਿ ਲੋਕਾਂ ਨੂੰ ਦੋਸ਼ੀ ਦਾ ਦੋਸ਼ ਨਹੀਂ ਦਿਸਦਾ। ਉਹ ਭਾਵੇਂ ਕਾਲੇ ਕੰਮ ਕਰੀ ਜਾਣ, ਅਨੈਤਿਕ ਕੰਮ ਕਰੀ ਜਾਣ, ਉਨ੍ਹਾਂ ਲਈ ਉਹ ਕਿਸੇ ਦੇਵੀ ਜਾਂ ਦੇਵਤੇ ਤੋਂ ਘੱਟ ਨਹੀਂ ਹਨ। ਕੀ ਇਨ੍ਹਾਂ ਪ੍ਰਸ਼ੰਸਕਾਂ ਦੀ ਸੋਚ ਸ਼ਕਤੀ ਏਨੀ ਗਈ ਗੁਜ਼ਰੀ ਹੋ ਗਈ ਹੈ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਭ੍ਰਿਸ਼ਟਾਚਾਰ ਤਾਂ ਉਨ੍ਹਾਂ ਦਾ ਸੰਵਿਧਾਨਕ ਹੱਕ ਹੈ। ਕਿਸੇ ਡੇਰੇ ਜਾਂ ਮੱਠ ਦਾ ਬਾਬਾ ਕਿਸੇ ਦਾ ਜਿਨਸੀ ਸ਼ੋਸ਼ਣ ਕਰਦਾ ਹੈ ਜਾਂ ਕਤਲ ਕਰਦਾ ਹੈ। ਇਸ ਦੇਸ ਦਾ ਪ੍ਰਬੰਧ ਜੇ ਉਸ ਨੂੰ ਕਿਸੇ ਦਬਾਅ ਹੇਠ ਗ੍ਰਿਫ਼ਤਾਰ ਕਰਦਾ ਹੈ, ਤਾਂ ਉਸ ਨੂੰ ਰਿਹਾਅ ਕਰਨ ਕਰਵਾਉਣ ਲਈ ਦੰਗੇ ਭੜਕਦੇ ਹਨ। ਲੱਖਾਂ ਕਰੋੜਾਂ ਸ਼ਰਧਾਲੂ ਸੜਕਾਂ 'ਤੇ ਨਿਕਲ ਆਉਂਦੇ ਹਨ। ਹਜ਼ਾਰਾਂ ਨਿਰਦੋਸ਼ੇ ਮਾਰੇ ਜਾਂਦੇ ਹਨ। ਅਜਿਹੇ ਸਾਧਾਂ, ਬਾਬਿਆਂ, ਰਾਜਨੀਤਕ ਆਗੂਆਂ ਉੱਪਰ ਚੱਲਦੇ ਮੁਕੱਦਮੇ ਏਨੇ ਲਟਕ ਜਾਂਦੇ ਹਨ ਜਾਂ ਲਟਕਾ ਦਿੱਤੇ ਜਾਂਦੇ ਹਨ ਕਿ ਕਦੇ ਸਿਆਸੀ ਦਬਾਅ ਕਾਰਨ ਕਦੇ ਸਬੂਤਾਂ ਦੀ ਘਾਟ ਕਾਰਨ ਜਾਂ ਗਵਾਹਾਂ ਨੂੰ ਮੁਕਰਾਉਣ ਕਾਰਨ ਇਹ ਵੱਡੇ ਲੋਕ ਅਕਸਰ ਸਜ਼ਾ ਤੋਂ ਬਚ ਜਾਂਦੇ ਹਨ। ਇਹੀ ਕਾਰਨ ਹੈ ਇਸ ਦੇਸ ਦੀ ਪਾਰਲੀਮੈਂਟ ਵਿੱਚ 34 ਫ਼ੀਸਦੀ ਐਮਪੀਜ਼ ਉੱਪਰ ਅਪਰਾਧਕ ਮਾਮਲੇ ਦਰਜ ਹਨ। ਡੇਰਿਆਂ ਤੇ ਮੱਠਾਂ ਦੀ ਨੇਤਾਵਾਂ ਨੂੰ ਬੇਹੱਦ ਲੋੜ ਰਹਿੰਦੀ ਹੈ। ਸੰਤਾਂ ਦੇ ਲੜ ਜਾਂ ਚਰਨੀਂ ਲੱਗ ਕੇ ਹੀ ਕਰੋੜਾਂ ਸ਼ਰਧਾਲੂਆਂ ਦੀਆਂ ਵੋਟਾਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਆਖਿਰ ਬਾਬੇ ਸੰਤ ਇਹ ਸਭ ਵਰਤਾਰਾ ਹੁਣ ਸਮਝਣ ਲੱਗੇ ਹਨ।



ਰਾਜਨੀਤੀ ਦਾ ਤਾਂ ਅਪਰਾਧੀਕਰਨ ਹੋ ਗਿਆ ਹੈ ਤੇ ਡੇਰਿਆਂ ਅਤੇ ਮੱਠਾਂ ਦਾ ਵੀ ਰਾਜਨੀਤੀ ਕਾਰਨ ਹੋ ਗਿਆ ਹੈ। ਇਸ ਤਰ੍ਹਾਂ ਜਾਪਦਾ ਹੈ ਦੇਸ ਦੇ ਨੇਤਾਵਾਂ ਨੇ ਅਤੇ ਸੰਤਾਂ, ਬਾਬਿਆਂ ਨੇ ਦੇਸ ਦੇ ਲੋਕਾਂ ਨੂੰ ਅਜਿਹੀ ਭੀੜ ਵਿੱਚ ਬਦਲ ਦਿੱਤਾ ਹੈ ਜੋ ਆਪਣੇ ਨੇਤਾਵਾਂ ਅਤੇ ਇਨ੍ਹਾਂ ਬਾਬਿਆਂ ਨੂੰ ਇਹ ਖੁੱਲ੍ਹ ਦਿੰਦੀ ਹੈ ਕਿ ਭ੍ਰਿਸ਼ਟਾਚਾਰ ਕਰੀ ਜਾਓ, ਕਤਲ ਕਰਵਾਈ ਜਾਓ, ਧਾਰਮਿਕ ਜਾਂ ਰਾਜਸੀ ਗੱਦੀਆਂ ਹਾਸਲ ਕਰਨ ਲਈ ਸਾਜ਼ਿਸ਼ਾਂ ਰਚੀ ਜਾਓ, ਤੁਸੀਂ ਜਿਸ ਤਰ੍ਹਾਂ ਦੇ ਵੀ ਹੋ ਸਾਡੇ ਸਭ ਕੁਝ ਹੋ। ਤੁਸੀਂ ਧੁੱਪੇ ਖੜ੍ਹਨ ਲਈ ਕਹੋ, ਅਸੀਂ ਖੜ੍ਹਾਂਗੇ। ਦੰਗੇ ਕਰਵਾਉਣ ਲਈ ਕਹੋ, ਅਸੀਂ ਕਰਾਂਗੇ, ਆਤਮ-ਦਾਹ ਲਈ ਕਹੋ, ਅਸੀਂ ਤਿਆਰ ਹਾਂ। ਸਾਡਾ ਤਨ, ਮਨ, ਧਨ, ਸਾਡਾ ਦਿਮਾਗ਼ ਤੁਸੀਂ ਜਿਵੇਂ ਚਾਹੋ, ਵਰਤ ਲਓ ਸਾਡੇ ਬੱਚੇ ਭਾਵੇਂ ਭੁੱਖੇ ਵਿਲਕਣ ਅਸੀਂ ਤੁਹਾਡੇ ਲਈ ਪੱਕੇ ਪਕਾਏ ਪਕਵਾਨ ਲੈ ਕੇ ਪੁੱਜਾਂਗੇ। ਬੱਚਿਆਂ ਨੂੰ ਸਕੂਲ ਭੇਜਣ ਲਈ ਭਾਵੇਂ ਸਾਡੇ ਕੋਲ ਫੀਸ ਨਾ ਜੁੜੇ, ਪਰ ਅਸੀਂ ਉਧਾਰ ਫੜ ਕੇ ਜਾਂ ਭੀਖ ਮੰਗ ਕੇ ਵੀ ਦੂਰ-ਦੁਰਾਡੇ ਤੁਹਾਡੇ ਦਰਸ਼ਨ ਕਰਨ ਆਵਾਂਗੇ। ਤੁਹਾਡੀ ਇੱਕ ਦ੍ਰਿਸ਼ਟੀ ਨਾਲ ਸਾਡੀ ਗ਼ਰੀਬੀ ਦੂਰ ਹੋ ਜਾਵੇਗੀ। ਸਾਡਾ ਹਰ ਸੰਕਟ ਕੱਟਿਆ ਜਾਵੇਗਾ ਤੇ ਸਾਡਾ ਜਿਊਣਾ ਸਫਲ ਹੋ ਜਾਵੇਗਾ। ਜਦ ਕੋਈ ਔਰਤ ਆਪਣੀ ਗੁਆਂਢਣ ਨੂੰ ਦੱਸਦੀ ਹੈ ਕਿ ਇਸ ਵਾਰ ਤਾਂ ਬਾਬਾ ਜੀ ਦੇ ਭਰਵੇਂ ਦਰਸ਼ਨ ਹੋਏ। ਮੇਰੇ ਤਾਂ ਸਾਰੇ ਰੋਗ ਕੱਟੇ ਗਏ। ਘਰੇ ਆਈ ਤਾਂ ਜੁਆਕ ਭੁੱਖਾ ਵਿਲਕੀ ਜਾਵੇ ਤਾਂ ਰੋਹ ਭਰੀ ਖਿੱਝ ਚੜ੍ਹਦੀ ਹੈ।

ਅਸੀਂ ਕਿਹੜੀ ਸਦੀ ਵਿੱਚ ਜਿਉਂ ਰਹੇ ਹਾਂ? ਕੀ ਸੱਚਮੁੱਚ ਇਸ ਦੇਸ ਦੇ ਲੋਕ ਸੱਪਾਂ ਨਾਲ ਖੇਡਦੇ-ਖੇਡਦੇ 'ਮਾਊਸ' ਨਾਲ ਖੇਡਣ ਲੱਗੇ ਹਨ। ਜਿਸ ਦੇਸ ਦੇ ਨੇਤਾ ਖੁੱਲ੍ਹੇਆਮ ਐਲਾਨ ਕਰਨ ਕਿ ਮੈਂ ਜੇਲ੍ਹ ਵਿੱਚੋਂ ਹੀ ਮੰਤਰੀ ਜਾਂ ਮੁੱਖ ਮੰਤਰੀ ਦੀ ਸਹੁੰ ਚੁੱਕਾਂਗਾ ਤਾਂ ਇਹ ਕੋਈ ਅਤਿਕਥਨੀ ਵੀ ਨਹੀਂ ਹੈ, ਕਿਉਂਕਿ ਇਹ ਭਾਰਤ ਵਿੱਚ ਹੀ ਸੰਭਵ ਹੈ। ਬਾਹਰਲੇ ਮੁਲਕਾਂ ਵਿੱਚ ਇਸ ਤਰ੍ਹਾਂ ਸੋਚਿਆ ਵੀ ਨਹੀਂ ਜਾ ਸਕਦਾ। ਸਾਡੇ ਕੁਝ ਨੇਤਾ ਤਾਂ ਜੇਲ੍ਹ ਵਿੱਚੋਂ ਹੀ ਇਸ ਦੇਸ ਦੇ 'ਵਿਕਾਸ' ਵਿੱਚ ਧੜੱਲੇ ਨਾਲ ਅਹਿਮ 'ਯੋਗਦਾਨ' ਪਾਉਂਦੇ ਰਹੇ ਹਨ। ਚਿੰਤਾ ਤੇ ਸੋਚਣ ਵਾਲੀ ਗੱਲ ਹੁਣ ਇਹ ਹੈ ਕਿ 125 ਲੋਕਾਂ ਦੀ ਆਬਾਦੀ ਨੂੰ ਭੀੜ ਬਣਾਉਣ ਜਾਂ ਸਮਝਣ ਵਾਲੇ ਕੁਝ ਕੁ ਇਹ ਨੇਤਾ ਅਤੇ 'ਮਹਾਂਪੁਰਖ' ਜਿਨ੍ਹਾਂ ਨੇ ਸਦਾ ਦੇਸ ਹਿੱਤਾਂ ਅਤੇ ਲੋਕ ਹਿੱਤਾਂ ਨਾਲੋਂ ਸਵਾਰਥੀ ਹਿੱਤਾਂ ਨੂੰ ਤਰਜ਼ੀਹ ਦਿੱਤੀ ਹੈ ਤੇ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰੀ ਢਾਂਚੇ ਨੂੰ ਪਰਿਵਾਰ ਤਾਂਤਰਿਕ ਢਾਂਚਾ ਬਣਾ ਛੱਡਿਆ ਹੈ।

ਕੀ ਨੌਜਵਾਨ ਵਰਗ ਇਨ੍ਹਾਂ ਲੋਕਾਂ ਦੀ ਸੋਚ ਨੂੰ ਮੋੜਾ ਪਾ ਕੇ ਲੋਕ ਹਿੱਤਾਂ ਵੱਲ ਮੋੜਨ ਲਈ ਸਮਰੱਥ ਹੈ? ਦਿਨ-ਬ-ਦਿਨ ਨਸ਼ਿਆਂ ਵਿੱਚ ਗਰਕ ਹੁੰਦੀ ਜਾ ਰਹੀ ਇਸ ਪੀੜ੍ਹੀ ਤੋਂ ਕੀ ਅਜਿਹੀ ਆਸ ਕੀਤੀ ਜਾ ਸਕਦੀ ਹੈ? ਨੇਤਾ ਵੀ ਦਾਅਵੇ ਕਰਦੇ ਹਨ ਕਿ ਇਸ ਦੇਸ ਦਾ ਭਵਿੱਖ ਹੁਣ ਨੌਜਵਾਨਾਂ ਉੱਤੇ ਹੀ ਨਿਰਭਰ ਕਰਦਾ ਹੈ ਅਤੇ ਇਸ ਲਈ ਯਤਨ ਵੀ ਜਾਰੀ ਹਨ, ਪਰ ਲੱਖਾਂ ਨੌਜਵਾਨ ਆਪਣੀਆਂ ਡਿਗਰੀਆਂ ਹੱਥਾਂ ਵਿੱਚ ਫੜੀ ਨੌਕਰੀਆਂ ਦੀ ਇੰਤਜ਼ਾਰ ਵਿੱਚ ਖੜ੍ਹੇ ਹਨ ਅਤੇ ਲੰਬਾ ਸਮਾਂ ਵਿਹਲੇ ਰਹਿਣ ਕਾਰਨ ਇਹੀ ਪੜ੍ਹੇ-ਲਿਖੇ ਨੌਜਵਾਨ ਨਸ਼ਿਆਂ ਅਤੇ ਹੋਰ ਫਾਹੂ ਰੁਚੀਆਂ ਵੱਲ ਮੁੜ ਜਾਂਦੇ ਹਨ। ਇਨ੍ਹਾਂ ਯੁਵਕਾਂ ਨੂੰ ਪੈਰਾਂ 'ਤੇ ਕਿਵੇਂ ਖੜ੍ਹਾ ਕੀਤਾ ਜਾਵੇ, ਡੂੰਘੀ ਸੋਚਣ ਵਾਲੀ ਗੱਲ ਹੈ। ਕੀ ਉਹ ਅਜੇ ਵੀ ਅਜਿਹੇ ਭ੍ਰਿਸ਼ਟ ਨੇਤਾਵਾਂ ਦੀ ਰਿਹਾਈ ਦੀ ਖ਼ੁਸ਼ੀ ਵਿੱਚ ਵਿਆਹ ਵਰਗੇ ਜਸ਼ਨ ਮਨਾਉਂਦੇ ਰਹਿਣਗੇ? ਇਹ ਸਵਾਲ ਇਸ ਦੇਸ ਦਾ ਭਲਾ ਚਾਹੁਣ ਵਾਲੇ ਹਰ ਸ਼ਖਸ ਨੂੰ ਵਾਰ-ਵਾਰ ਪ੍ਰੇਸ਼ਾਨ ਕਰ ਰਹੇ ਹਨ।

ਜਉ ਤਉ ਪ੍ਰੇਮ ਖੇਲਨ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

*"If you wish to play the Game of Love, place your head in your palm and walk on My Path."*



Sunday, April 14, 2019

BAISAKHI 2019 CELEBRATION

KEERTAN DARBAR & NAGAR KEERTAN

7am-6pm • Los Angeles Convention Center

1201 S. FIGUEROA STREET, LOS ANGELES, CA 90015




KEERTAN DARBAR PROGRAM

Convention Center, Concourse Hall

7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras, Guest Ragi Jethas & Honored Guests

*Children's Activities Room • Baisakhi Bazaar*
*Langar served all day*

3:00 pm Grand Procession of Siri Guru Granth Sahib Ji to the Guru's Nagar Keertan Float

NAGAR KEERTAN PROGRAM

Gilbert Lindsey Plaza and Downtown Los Angeles

*Gatka Demonstrations, Delicious snacks served after the parade*

3:00 pm - 6:00 pm

Please call: (310) 201-0954

For more Baisakhi Celebration information, visit www.gururamdasashram.org

PLEASE ATTEND WITH YOUR FAMILY AND FRIENDS!
ALL ARE WELCOME!

47975

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ

ਅੰਮ੍ਰਿਤਸਰ ਟਾਈਮਜ਼ AMRITSAR TIMES

20 ਫਰਵਰੀ 2019 ਤੋਂ 26 ਫਰਵਰੀ 2019

### ਹੈ ਅੱਖ ਚੁਭੀ ਅਮਨ ਦੀ-ਆਇਓ ਵੇ ਫੂਕਾਂ ਮਾਰਿਓ

## ਪੰਜਾਬ ਨਹੀਂ ਚਾਹੁੰਦਾ ਭਾਰਤ-ਪਾਕਿ ਜੰਗ

**-ਮਨਜੀਤ ਸਿੰਘ ਟਿਵਾਣਾ**

ਪੰਜਾਬੀ ਦੇ ਮਰਹੂਮ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਕਿਸੇ ਵੇਲੇ ਆਪਣੀ ਕਵਿਤਾ 'ਜ਼ਖ਼ਮ' ਵਿਚ ਲਿਖਿਆ ਸੀ : "ਸੁਣਿਓ ਵੇ ਕਲਮਾਂ ਵਾਲਿਓ,
ਸੁਣਿਓ ਵੇ ਅਕਲਾਂ ਵਾਲਿਓ, ਸੁਣਿਓ ਵੇ ਹੁਨਰਾਂ ਵਾਲਿਓ,
ਹੈ ਅੱਖ ਚੁਭੀ ਅਮਨ ਦੀ, ਆਇਓ ਵੇ ਫੂਕਾਂ ਮਾਰਿਓ।"

ਇਹ ਕਵਿਤਾ ਉਸ ਵੇਲੇ ਭਾਰਤ-ਚੀਨ ਸਰਹੱਦ ਉਤੇ ਗਈਆਂ ਮਨੁੱਖੀ ਜਾਨਾਂ ਦੀ ਨੂੰ ਸਮਰਪਿਤ ਸੀ। ਅੱਜ ਇਹ ਕਵਿਤਾ ਮੌਜੂਦਾ ਸਮੇਂ ਵਿਚ ਭਾਰਤ-ਪਾਕਿ ਸਰਹੱਦ ਉਤੇ ਪੈਦਾ ਕੀਤੇ ਜਾ ਰਹੇ ਜੰਗ ਵਰਗੇ ਮਾਹੌਲ ਨੂੰ ਸਮਰਪਿਤ ਕਰਨ ਦੀ ਵੀ ਓਨੀ ਹੀ ਜ਼ਰੂਰਤ ਹੈ, ਜਿੰਨੀ ਇਸ ਕਵਿਤਾ ਦੇ ਰਚਣ ਵੇਲੇ ਸੀ। ਹਾਲ ਹੀ ਵਿਚ ਜੰਮੂ ਕਸ਼ਮੀਰ ਵਿਚ ਪੁਲਵਾਮਾ ਵਿਖੇ ਸੀਆਰਪੀਐੱਫ਼ ਦੇ ਕਾਫਲੇ 'ਤੇ ਹੋਏ ਆਤਮਘਾਤੀ ਹਮਲੇ ਤੋਂ ਬਾਅਦ ਭਾਰਤ ਵਿਚ ਇਕ ਖ਼ਤਰਨਾਕ ਰੁਝਾਨ ਤਹਿਤ ਵੱਖ-ਵੱਖ ਥਾਵਾਂ 'ਤੇ ਮੁਸਲਮਾਨਾਂ ਤੇ ਖ਼ਾਸ ਕਰਕੇ ਕਸ਼ਮੀਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਦੇਹਰਾਦੂਨ ਤੇ ਹੋਰ ਸ਼ਹਿਰਾਂ ਵਿਚ ਫਿਰਕੂ, ਭਗਵਾਂ ਰਾਜਨੀਤੀ ਦੇ ਕਲਾਵੇ ਵਿਚ ਆਈਆਂ ਭੀੜਾਂ ਨੇ ਕਸ਼ਮੀਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਇਆ ਹੈ। ਕੁਝ ਥਾਵਾਂ 'ਤੇ ਹਿੰਦੂਵਾਦੀ ਜਥੇਬੰਦੀਆਂ ਨੇ ਮਕਾਨ ਮਾਲਕਾਂ ਨੂੰ ਇਹ ਧਮਕੀਆਂ ਦਿੱਤੀਆਂ ਕਿ ਉਹ ਕਿਰਾਏ 'ਤੇ ਰਹਿ ਰਹੇ ਕਸ਼ਮੀਰੀ ਵਿਦਿਆਰਥੀਆਂ ਨੂੰ ਆਪਣੇ ਘਰਾਂ ਵਿਚੋਂ ਕੱਢ ਦੇਣ। ਚੰਡੀਗੜ੍ਹ, ਮੁਹਾਲੀ ਅਤੇ ਅੰਬਾਲਾ ਤੋਂ ਵੀ ਅਜਿਹੀਆਂ ਹੀ ਖ਼ਬਰਾਂ ਮਿਲੀਆਂ ਹਨ। ਖ਼ੌਫ਼ ਕਾਰਨ ਕਸ਼ਮੀਰੀ ਵਿਦਿਆਰਥੀ ਇਨ੍ਹਾਂ ਸ਼ਹਿਰਾਂ ਨੂੰ ਛੱਡ ਕੇ ਵਾਪਸ ਘਰ ਪਰਤ ਰਹੇ ਹਨ।

ਇਸ ਤਰ੍ਹਾਂ ਦੇ ਹਾਲਾਤ ਭਾਰਤ-ਪਾਕਿ ਦੇ 150 ਕਰੋੜ ਲੋਕਾਂ ਦੇ ਭੋਰਾ ਵੀ ਹਿੱਤ ਵਿਚ ਨਹੀਂ ਹਨ। ਖਾਸ ਕਰਕੇ ਦੋਵੇਂ ਪਾਸਿਆਂ ਦੇ ਪੰਜਾਬ ਨੂੰ ਬੀਤੇ ਵਿਚ ਕਈ ਜੰਗਾਂ ਦਾ ਹਮੇਸ਼ਾ ਖਾਜਾ ਬਣਨਾ ਪਿਆ ਹੈ। ਜੰਮੂ-ਕਸ਼ਮੀਰ ਅਤੇ ਪੰਜਾਬ ਵਰਗੇ ਸਰਹੱਦੀ ਸੂਬਿਆਂ ਦੇ ਲੋਕ ਜੰਗ ਦੇ ਅਰਥ ਬਾਕੀ ਭਾਰਤ ਦੇ ਲੋਕਾਂ ਤੋਂ ਬਿਹਤਰ ਸਮਝਦੇ ਹਨ। ਇਨ੍ਹਾਂ ਲੋਕਾਂ ਨੇ ਸੰਨ 1965, 1971 ਤੇ ਕਾਰਗਿਲ ਵਰਗੀਆਂ ਜੰਗਾਂ ਦੇ ਮਾੜੇ ਦਿਨ ਆਪਣੇ ਪਿੰਡੇ ਉਤੇ ਹੰਢਾਏ ਹੋਏ ਹਨ।

ਸਰਹੱਦ ਦੇ ਨਾਲ-ਨਾਲ ਲਗਦੇ ਹਜ਼ਾਰਾਂ ਪਿੰਡਾਂ ਦੇ ਲੱਖਾਂ-ਕਰੋੜਾਂ ਲੋਕ ਸਹਿਮ ਦੇ ਸਾਏ ਹੇਠ ਹਨ। ਭਰੇ-ਭਕੁੰਨੇ ਘਰ-ਬਾਰ, ਡੰਗਰ-ਪਸ਼ੂ ਅਤੇ ਪੱਕੀਆਂ ਫ਼ਸਲਾਂ ਛੱਡ ਕੇ ਜਾਣ ਦੀ ਪੀੜਾ ਬਹੁਤ ਹੀ ਕਸ਼ਟਦਾਇਕ ਹੁੰਦੀ ਹੈ, ਜਿਸ ਨੂੰ ਸੱਤਾ ਦੇ ਗਲਿਆਰਿਆਂ ਵਿਚ ਕੁਰਸੀਆਂ ਦਾ ਆਨੰਦ ਮਾਨਣ ਵਾਲੇ ਤੇ ਟੀਵੀ ਚੈਨਲਾਂ ਉਤੇ ਬੈਠ ਕੇ ਲੜ ਮਰਨ ਦੀਆਂ ਫੋਕੀਆਂ ਟਾਹਰਾਂ ਮਾਰਨ ਵਾਲੇ ਲੋਕ ਕਦੇ ਮਹਿਸੂਸ ਨਹੀਂ ਕਰ ਸਕਦੇ।

ਭਾਰਤ ਵਿਚ ਲੋਕ ਸਭਾ ਚੋਣਾਂ ਸਿਰ ਉਤੇ ਹਨ। ਇਸ ਕਰ ਕੇ ਪੁਲਵਾਮਾ ਹਮਲੇ ਨੂੰ ਬਹਾਨਾ ਬਣਾ ਕੇ ਵੋਟਾਂ ਦੇ ਧਰੁਵੀਕਰਨ ਦੀ ਗੰਦੀ ਰਾਜਨੀਤੀ ਵੀ ਖੇਡੀ ਜਾ ਰਹੀ ਹੈ। ਸਿਤਮਜ਼ਰੀਫੀ ਦੀ ਗੱਲ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਵਰਗੇ ਜ਼ਿੰਮੇਵਾਰ ਅਹੁਦੇ ਉਤੇ ਬੈਠਾ ਨਰੇਂਦਰ ਮੋਦੀ ਖੁਦ ਹੀ "ਲਹੂ ਦੇ ਇਕ ਇਕ ਕਤਰੇ ਦਾ ਮੁੱਲ ਲੈਣ" ਦੀਆਂ ਗੱਲਾਂ ਕਰਦਾ ਹੈ। ਸਵਾਲ ਹੈ ਕਿ ਕੀ ਉਹ ਭਾਰਤੀ ਸੁਰੱਖਿਆ ਜਵਾਨਾਂ ਦੀ ਮੌਤ ਦਾ ਬਦਲਾ ਹਜ਼ਾਰਾਂ ਹੋਰ ਬੇਦੋਸ਼ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਧੱਕ ਕੇ ਲੈਣਾ ਚਾਹੁੰਦੇ ਹਨ। ਸ਼ਾਇਦ ਇਹ ਹੀ ਉਸ ਦੀ ਭਗਵਾਂ ਜਮਾਤ ਤੇ ਉਸ ਦੀ ਕਥਿਤ ਰਾਸ਼ਟਰਵਾਦੀ ਰਾਜਨੀਤੀ ਦਾ ਖਾਸਾ ਰਿਹਾ ਹੈ। ਗੁਜਰਾਤ ਵਿਚ ਘੱਟ ਗਿਣਤੀ ਮੁਸਲਮਾਨਾਂ ਦੇ ਗੋਧਰਾ ਕਤਲੇਆਮ ਨੂੰ ਆਖਰ ਕੌਣ ਭੁਲਾ ਸਕਦਾ ਹੈ, ਜਦੋਂ ਨਰੇਂਦਰ ਮੋਦੀ ਗੁਜਰਾਤ ਦਾ ਮੁੱਖ ਮੰਤਰੀ ਸੀ। ਇਸ ਮੌਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਤਾਰੀਫ ਕਰਨੀ ਬਣਦੀ ਹੈ। ਉਨ੍ਹਾਂ ਨੇ ਬਹੁਤ ਹੀ ਜ਼ਿੰਮੇਵਾਰੀ ਵਾਲਾ ਬਿਆਨ ਦੇ ਕੇ ਨਾ-ਸਿਰਫ ਗੱਲਬਾਤ ਦਾ ਮਾਹੌਲ ਸਿਰਜਣ ਲਈ ਭਾਰਤ ਵੱਲ ਹੱਥ ਵਧਾਇਆ ਹੈ, ਸਗੋਂ ਪਾਕਿਸਤਾਨੀ ਹਾਕਮਾਂ ਦੀ ਰਵਾਇਤੀ ਕੱਟੜਤਾ ਵਾਲੀ ਸੋਚ ਨੂੰ ਵੀ ਨਕਾਰਿਆ ਹੈ।

ਕੁਝ ਸਮਾਂ ਪਹਿਲਾਂ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਨੇ ਦਾਅਵਾ ਕੀਤਾ ਸੀ ਕਿ ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤ ਵਿਚ ਫਿਰਕੂ ਹਿੰਸਾ ਭੜਕ ਸਕਦੀ ਹੈ। ਅਮਰੀਕੀ ਸੰਸਦ ਵਿਚ ਅਜਿਹੀ ਇਕ ਰਿਪੋਰਟ ਪੇਸ਼ ਹੋਈ ਸੀ, ਜਿਸ ਵਿਚ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਪ੍ਰਮੁੱਖ ਡਾਨ ਕੋਟਸ ਨੇ ਦਾਅਵਾ ਕੀਤਾ ਸੀ ਕਿ ਭਾਰਤ ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਜੇਕਰ ਨਰੇਂਦਰ ਮੋਦੀ ਦੀ ਪਾਰਟੀ ਹਿੰਦੂ-ਰਾਸ਼ਟਰਵਾਦ ਉਤੇ ਜ਼ੋਰ ਦਿੰਦੀ ਹੈ, ਤਾਂ ਭਾਰਤ ਵਿਚ ਫਿਰਕੂ ਹਿੰਸਾ ਭੜਕਣ ਦੀ ਵੱਡੀ ਸੰਭਾਵਨਾ ਹੈ। ਰਿਪੋਰਟ ਵਿਚ ਇਲਜ਼ਾਮ ਲਾਇਆ ਗਿਆ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਧੀਨ ਜਿਹੋ ਜਿਹੀਆਂ ਨੀਤੀਆਂ ਬਣ ਰਹੀਆਂ ਹਨ, ਉਸ ਨਾਲ ਬੀਜੇਪੀ ਦੀ ਸਰਕਾਰ ਵਾਲੇ ਸੂਬਿਆਂ ਵਿਚ ਫਿਰਕੂ ਤਣਾਅ ਵਧਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਸੂਬਿਆਂ ਦੇ ਬੀਜੇਪੀ ਨੇਤਾ ਵੋਟਾਂ ਲਈ ਹਿੰਸਾ ਦਾ ਸਹਾਰਾ ਲੈ ਸਕਦੇ ਹਨ। ਪੁਲਵਾਮਾ ਹਮਲੇ ਤੋਂ ਬਾਅਦ ਆਰਐਸਐਸ, ਬੀਜੇਪੀ ਤੇ ਦੂਜੀਆਂ ਹਿੰਦੂਵਾਦੀ ਜਥੇਬੰਦੀਆਂ ਇਸ ਰਿਪੋਰਟ ਨੂੰ ਸੱਚ ਕਰਦੀਆਂ ਜਾਪ ਰਹੀਆਂ ਹਨ।

ਸਰਹੱਦੀ ਤਣਾਅ ਦਾ ਕਾਫੀ ਅਸਰ ਪੰਜਾਬ ਦੇ ਅਟਾਰੀ ਰਸਤੇ ਦੋਵਾਂ ਦੇਸ਼ਾਂ ਵਿਚਾਲੇ ਹੋ ਰਹੇ ਵਪਾਰ ਉੱਪਰ ਵੀ ਪਿਆ ਹੈ। ਇਸ ਕਾਰਨ ਤਕਰੀਬਨ ਪੰਜ ਹਜ਼ਾਰ ਪਰਿਵਾਰ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ। ਕਰੋੜਾਂ ਰੁਪਏ ਦਾ ਮਾਲ ਅਟਾਰੀ ਬਾਰਡਰ ਉਤੇ ਅਟਕ ਗਿਆ ਹੈ ਕਿਉਂਕਿ ਭਾਰਤ ਨੇ ਕਸਟਮ ਡਿਊਟੀ ਪੰਜ ਫ਼ੀਸਦੀ ਤੋਂ ਵਧਾ ਕੇ ਅਚਾਨਕ 200 ਫ਼ੀਸਦੀ ਕਰ ਦਿੱਤੀ ਹੈ। ਅੰਦਾਜ਼ੇ ਅਨੁਸਾਰ ਹਰ ਮਹੀਨੇ ਪੰਦਰਾਂ ਤੋਂ ਵੀਹ ਕਰੋੜ ਰੁਪਏ ਦਾ ਸਿੱਧਾ ਨੁਕਸਾਨ ਹੋ ਸਕਦਾ ਹੈ।

ਭਾਰਤੀ ਹਾਕਮ ਜੰਮੂ-ਕਸ਼ਮੀਰ ਦਾ ਮਸਲਾ ਬੁਨਿਆਦੀ ਤੌਰ 'ਤੇ ਹੱਲ ਕਰਨ ਦੀ ਥਾਂ ਪਿਛਲੇ 69 ਸਾਲਾਂ ਤੋਂ ਉਥੋਂ ਦੀ ਲੋਕਾਈ ਨੂੰ ਫੌਜੀ ਬੂਟਾਂ ਹੇਠ ਦਰੜਨ ਦੀ ਆਪਣੀ ਨੀਤੀ ਉਤੇ ਹੀ ਚਲਦੇ ਆ ਰਹੇ ਹਨ। ਪੁਲਵਾਮਾ ਹਮਲੇ ਲਈ ਕੌਣ ਜ਼ਿੰਮੇਵਾਰ ਹੈ, ਕੌਣ ਨਹੀਂ ਹੈ ਪਰ ਸਾਰੇ ਕਸ਼ਮੀਰੀ ਇਸ ਦੇ ਜ਼ਿੰਮੇਵਾਰ ਕਦੇ ਵੀ ਨਹੀਂ ਹਨ। ਇਹ ਸੱਚ ਸਿੱਖਾਂ ਤੋਂ ਜ਼ਿਆਦਾ ਹੋਰ ਕਿਸ ਨੂੰ ਮਹਿਸੂਸ ਹੋ ਸਕਦਾ ਹੈ? ਸੰਨ 1984 ਵਿਚ ਜਦੋਂ ਤਤਕਾਲੀਨ ਪ੍ਰਧਾਨ ਮੰਤਰੀ ਦੀ ਹੱਤਿਆ ਹੋਈ ਤਾਂ ਇਸ ਦਾ ਖਮਿਆਜ਼ਾ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਹੋਏ ਸਿੱਖ ਕਤਲੇਆਮ ਦੇ ਰੂਪ ਵਿਚ ਸਾਰੇ ਸਿੱਖਾਂ ਨੂੰ ਭੁਗਤਣਾ ਪਿਆ ਸੀ। ਇਸ ਕਰ ਕੇ ਕਸ਼ਮੀਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਉਣਾ ਅਤੇ ਭਾਰਤ-ਪਾਕਿ ਸਰਹੱਦ ਉਤੇ ਜੰਗ ਵਰਗੇ ਹਾਲਾਤ ਬਣਾਉਣ ਦੀ ਫਿਰਕੂ ਖੇਡ ਸਿੱਖਾਂ ਤੇ ਪੰਜਾਬ ਨੂੰ ਮਨਜ਼ੂਰ ਨਹੀਂ ਹੈ। ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ।

### ਪੁਲਵਾਮਾ ਹਮਲੇ ਦਾ ਇਕ ਪੱਖ ਇਹ ਵੀ

# ਤੁਹਾਡਾ ਜ਼ੁਲਮ ਹੀ ਸਾਡੇ ਸੰਘਰਸ਼ ਨੂੰ ਭੜਕਾਉਂਦਾ ਹੈ...

**- ਸਿੱਖ ਸਿਆਸਤ**



ਪੁਲਵਾਮਾ 'ਚ ਸੀਆਰਪੀਐਫ ਦੇ ਕਾਫਲੇ ਉਤੇ ਹੋਏ ਹਮਲੇ ਤੋਂ ਬਾਅਦ ਦੇ ਭਿਆਨਕ ਦ੍ਰਿਸ਼।

ਪੁਲਵਾਮਾ ਵਿਚ ਹੋਏ ਹਮਲੇ ਵਿਚ ਭਾਰਤ ਸਰਕਾਰ ਦੇ ਨੀਮ ਫੌਜੀ ਦਸਤੇ ਸੀਆਰਪੀਐਫ. ਦੇ 42 ਨੀਮ-ਫੌਜੀ ਮਾਰੇ ਗਏ। ਭਾਰਤ ਸਰਕਾਰ ਨੇ ਇਸ ਹਮਲੇ ਦਾ ਦੋਸ਼ ਪਾਕਿਸਤਾਨ ਸਿਰ ਮੜ੍ਹਦਿਆਂ ਫੌਜ ਨੂੰ ਆਪਣੇ ਤਰੀਕੇ ਨਾਲ ਇਸ ਹਮਲੇ ਦਾ 'ਮੂੰਹ-ਤੋੜਵਾਂ ਜਵਾਬ' ਦੇਣ ਦੀ ਖੁੱਲ੍ਹ ਦੇਣ ਦਾ ਐਲਾਨ ਕੀਤਾ ਹੈ। ਭਾਰਤੀ ਮੀਡੀਆ ਭਾਰਤ ਸਰਕਾਰ ਦੇ ਪੱਖ ਤੋਂ ਹਮਲੇ ਵਿਚ ਮਾਰੇ ਗਏ ਫੌਜੀਆਂ ਦੇ ਪਰਿਵਾਰਾਂ ਦੇ ਦੁੱਖ ਨੂੰ ਬਿਆਨ ਕਰਦਿਆਂ ਪੱਤਰਕਾਰਿਤਾ ਦੇ ਮਿਆਰ ਦੀਆਂ ਹੱਦਾਂ ਪਾਰ ਕਰ ਰਿਹਾ ਹੈ। ਪਾਕਿਸਤਾਨ ਦੀ ਸਰਕਾਰ ਆਪਣੇ ਉੱਤੇ ਲੱਗ ਰਹੇ ਦੋਸ਼ਾਂ ਨੂੰ ਝੂਠ ਕਰਾਰ ਦੇ ਰਹੀ ਹੈ। ਇਸ ਸਾਰੇ ਦੇ ਦਰਮਿਆਨ ਇਸ ਹਮਲੇ ਨੂੰ ਅੰਜਾਮ ਦੇਣ ਵਾਲੇ ਅਦਿਲ ਦਰ ਤੇ ਉਸ ਦੇ ਪਰਿਵਾਰ ਬਾਰੇ ਸਕਰੌਲ ਡਾਟ ਇਨ ਵਿਚ ਸਫਾਵਤ ਜ਼ਰਗਰ ਦੀ ਇਕ ਲਿਖਤ ਛਪੀ ਹੈ ਜੋ ਕਿ ਇਸ ਮਸਲੇ ਬਾਰੇ ਇਕ ਵੱਖਰਾ ਪੱਖ ਬਿਆਨ ਕਰਦੀ ਹੈ। ਇਸ ਲਿਖਤ ਦਾ ਖੁੱਲ੍ਹਾ ਪੰਜਾਬੀ ਉਲਥਾ ਪਾਠਕਾਂ ਲਈ ਸਾਂਝਾ ਕਰ ਰਹੇ ਹਾਂ।

ਖਬਰਾਂ ਹਨ ਕਿ 14 ਫਰਵਰੀ ਦੀ ਸ਼ਾਮ ਨੂੰ ਜੈਸ਼-ਏ-ਮੁਹੰਮਦ ਵਲੋਂ ਇਕ 10 ਮਿੰਟ ਦਾ ਪਹਿਲਾਂ ਤੋਂ ਭਰਿਆ ਬੋਲਦਾ ਸੁਨੇਹਾ (ਵੀਡੀਓ) ਜਾਰੀ ਕੀਤਾ। ਇਹ ਸੁਨੇਹਾ 19 ਸਾਲਾਂ ਦੇ ਆਦਿਲ ਦਰ ਵਲੋਂ ਸੀ ਜਿਸ ਨੇ ਬਾਰੂਦ ਦੀ ਭਰੀ ਹੋਈ ਗੱਡੀ ਸੀਆਰਪੀਐਫ. ਦੇ ਜਵਾਨਾਂ ਨੂੰ ਲਿਜਾ ਰਹੀ ਬੱਸ ਵਿਚ ਟੱਕਰ ਮਾਰ ਕੇ ਪੁਲਵਾਮਾ ਹਮਲੇ ਨੂੰ ਅੰਜਾਮ ਦਿੱਤਾ ਸੀ। ਅਹਿਮਦ ਦਰ ਉਰਫ ਵਾਕਾਸ ਕਮਾਂਡੋ ਪੁਲਵਾਮਾ ਦੇ ਗੁੰਦੀਬਾਗ ਇਲਾਕੇ ਦਾ ਰਹਿਣ ਵਾਲਾ ਸੀ ਤੇ ਮੰਨਿਆ ਜਾਂਦਾ ਹੈ ਕਿ ਉਸ ਨੂੰ ਸਿੱਧਾ ਜੈਸ਼-ਏ-ਮੁਹੰਮਦ ਦੇ ਫਿਦਾਈਨ ਦਸਤੇ ਵਿਚ ਭਰਤੀ ਕੀਤਾ ਗਿਆ ਸੀ।

ਅਰਬੀ ਵਿਚ ਫਿਦਾਈਨ ਦਾ ਮਤਲਬ 'ਜਾਨ ਕੁਰਬਾਨ ਕਰਨ ਵਾਲਾ' ਹੁੰਦਾ ਹੈ। ਮੀਡੀਆ ਰਾਹੀਂ ਜੋ ਜਾਣਕਾਰੀ ਮਿਲੀ ਹੈ, ਉਸ ਮੁਤਾਬਕ ਇਸ ਵੀਡੀਓ ਸੁਨੇਹੇ ਵਿਚ ਅਹਿਮਦ ਦਰ ਨੇ ਭਾਰਤੀ ਤੇ ਕਸ਼ਮੀਰੀ ਮੁਸਲਮਾਨਾਂ ਦੀ 'ਵਿਥਿਆ' ਬਾਰੇ ਗੱਲ ਕੀਤੀ ਤੇ ਕਿਹਾ ਕਿ 'ਤੁਹਾਡਾ ਜ਼ੁਲਮ ਸਾਡੇ ਜਿਹਾਦ ਨੂੰ ਭੜਕਾਉਂਦਾ ਹੈ'। ਉਸ ਨੇ ਦੱਖਣੀ ਕਸ਼ਮੀਰ ਵਲੋਂ ਲਹਿਰ ਵਿਚ ਪਾਏ ਜਾ ਰਹੇ ਹਿੱਸੇ ਦੀਆਂ ਸਿਫਤਾਂ ਕਰਦਿਆਂ ਉੱਤਰੀ ਤੇ ਕੇਂਦਰੀ ਕਸ਼ਮੀਰ ਦੇ ਲੋਕਾਂ ਨੂੰ ਵੀ ਇਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਸ ਸੁਨੇਹੇ 'ਚ ਆਦਿਲ ਦਰ ਨੇ ਇਹ ਵੀ ਕਿਹਾ ਕਿ 'ਜਦੋਂ ਤੱਕ ਇਹ ਸੁਨੇਹਾ ਤੁਹਾਡੇ ਤੱਕ ਪਹੁੰਚੇਗਾ ਮੈਂ ਜੰਨਤ ਵਿਚ ਹੋਵਾਂਗਾ'।

ਇਸ ਸੁਨੇਹੇ ਦੇ ਇੰਟਰਨੈਟ ਤੇ ਸੋਸ਼ਲ ਮੀਡੀਆ ਉੱਤੇ ਫੈਲਣ ਤੋਂ ਕੁਝ ਘੰਟੇ ਪਹਿਲਾਂ ਆਦਿਲ ਦਰ ਨੇ ਇਕ ਬਾਰੂਦ ਨਾਲ ਭਰੀ ਹੋਈ ਸਕਾਰਪੀਓ ਗੱਡੀ ਨਾਲ ਜੰਮੂ-ਸ਼੍ਰੀਨਗਰ ਜਰਨੈਲੀ ਸੜਕ ਉੱਤੇ ਸੀਆਰਪੀਐਫ. ਦੀਆਂ 70 ਗੱਡੀਆਂ ਦੇ ਕਾਫਲੇ ਵਿਚੋਂ ਇਕ ਬੱਸ ਵਿਚ ਟੱਕਰ ਮਾਰੀ।ਇਹ ਹਮਲਾ ਪੁਲਵਾਮਾ ਜਿਲ੍ਹੇ ਦੇ ਅਵੰਤੀਪੋਰਾ ਇਲਾਕੇ ਵਿਚ ਲੇਥਪੋਰਾ ਨੇੜੇ ਕੀਤਾ ਗਿਆ ਸੀ।

ਸੀਆਰਪੀਐਫ. ਵਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ ਇਸ ਹਮਲੇ ਵਿਚ 37 ਜਣੇ ਮਾਰੇ ਗਏ ਜਦੋਂਕਿ ਗੈਰ-ਅਧਿਕਾਰਤ ਅੰਕੜਿਆਂ ਮੁਤਾਬਕ ਮਰਨ ਵਾਲਿਆਂ ਦੀ ਗਿਣਤੀ 42 ਦੱਸੀ ਜਾ ਰਹੀ ਹੈ। ਪਰਤੱਖ ਦਰਸ਼ੀਆਂ ਦਾ ਕਹਿਣਾ ਹੈ ਕਿ ਹਮਲਾ ਏਨਾ ਜ਼ਿਆਦਾ ਤਕੜਾ ਸੀ ਕਿ ਇਸ ਨਾਲ ਨੇੜਲੇ ਇਲਾਕੇ ਵਿਚ 'ਭੁਚਾਲ-ਵਰਗੀ' ਲਹਿਰ ਫੈਲ ਗਈ ਸੀ। ਕੁਝ ਹੀ ਪਲਾਂ ਵਿਚ ਇਹ ਹਮਲਾ ਆਪਣੇ ਪਿੱਛੇ ਤਬਾਹੀ ਦੇ ਨਿਸ਼ਾਨ ਛੱਡ ਗਿਆ। ਪੁਲਿਸ ਦੇ ਕਹਿਣ ਮੁਤਾਬਕ ਸੁਰੱਖਿਆ ਦਸਤਿਆਂ ਨੇ ਇਸ ਹਮਲੇ ਤੋਂ ਬਾਅਦ ਨੇੜਲੇ ਤਕਰੀਬਨ 15 ਪਿੰਡਾਂ ਨੂੰ ਘੇਰਾ ਪਾ ਲਿਆ। ਲੰਘੀ 8 ਫਰਵਰੀ ਨੂੰ ਸੂਬੇ ਦੀ ਪੁਲਿਸ ਵਲੋਂ ਸੀਆਰਪੀਐਫ. ਨੂੰ ਭੇਜੀ ਗਈ ਜਾਣਕਾਰੀ ਵਿਚ ਕਿਹਾ ਗਿਆ ਸੀ ਕਿ ਉਹਨਾਂ ਕੋਲ ਸੰਭਾਵੀ ਆਈਈਡੀ. ਹੋਣ ਦੀ ਜਾਣਕਾਰੀ ਮਿਲੀ ਹੈ। ਪੁਲਿਸ ਨੇ ਸੀਆਰਪੀਐਫ ਨੂੰ ਕਿਹਾ ਸੀ ਕਿ ਆਪਣਾ ਥਾਂ ਮੱਲਣ ਤੋਂ ਪਹਿਲਾਂ ਇਲਾਕਾ ਚੰਗੀ ਤਰ੍ਹਾਂ ਛਾਣ ਲਿਓ।

'ਜ਼ਿੰਮੇਵਾਰ ਔਲਾਦ' : ਧਮਾਕੇ ਤੋਂ ਕੁਝ ਕੁ ਘੰਟਿਆਂ ਬਾਅਦ ਹੀ ਬੀਬੀਆਂ ਤੇ ਬੱਚਿਆ ਸਮੇਤ ਇਲਾਕਾ ਵਾਸੀ ਮੀਂਹ ਤੇ ਠੰਡ ਦੇ ਬਾਵਜੂਦ ਆਦਿਲ ਦਰ ਦੇ ਘਰ ਆਉਣੇ ਸ਼ੁਰੂ ਹੋ ਗਏ। ਦੋ ਮੰਜ਼ਿਲਾ ਮਕਾਨ ਉੱਤੇ ਜੈਸ਼-ਏ-ਮੁਹੰਮਦ ਦਾ ਝੰਡਾ ਟੰਗਿਆ ਹੋਇਆ ਸੀ।

ਆਦਿਲ ਦਰ ਦਾ ਪਿਤਾ, ਗ਼ੁਲਾਮ ਹੁਸੈਨ ਦਰ, ਆਪਣੇ ਗਵਾਂਢ ਵਿਚ ਆਪਣੇ ਭਰਾ ਦੇ ਘਰ ਵਿਚ ਅਫਸੋਸ ਕਰਨ ਆਏ ਲੋਕਾਂ ਨਾਲ ਘਿਰਿਆ ਬੈਠਾ ਸੀ।"ਉਹ ਬਹੁਤ ਜ਼ਿੰਮੇਵਾਰ ਬੱਚਾ ਸੀ," ਗ਼ੁਲਾਮ ਹੁਸੈਨ ਦਰ ਨੇ ਕਿਹਾ। ਉਹ ਆਪ ਘਰ-ਘਰ ਜਾ ਕੇ ਕੱਪੜੇ ਵੇਚਣ ਦਾ ਕੰਮ ਕਰਦਾ ਹੈ। ਉਸ ਨੇ ਕਿਹਾ ਕਿਜੇਕਰ ਉਹਦੀ (ਆਦਿਲ ਦਰ ਦੀ) ਜੇਬ ਵਿਚ ਦਸ ਰੁਪਏ ਹੁੰਦੇ ਸਨ ਤੇ ਉਹ ਵਿਚੋਂ ਪੰਜ ਘਰ ਲਈ ਦਿੰਦਾ ਸੀ ਤੇ ਉਹ ਘਰ ਦੇ ਕੰਮਾਂ ਵਿਚ ਆਪਣੀ ਮਾਂ ਦਾ ਹੱਥ ਵਟਾਉਂਦਾ ਹੁੰਦਾ ਸੀ।

ਤਿੰਨ ਭਰਾਵਾਂ ਵਿਚੋਂ ਵਿਚਕਾਰਲਾ ਆਦਿਲ ਦਰ 12 ਜਮਾਤਾਂ ਪੜ੍ਹਿਆ ਸੀ ਤੇ ਫਿਰ ਉਸ ਨੇ ਧਰਮ ਦੀ ਸਿੱਖਿਆ ਲਈ ਸੀ। ਉਹ ਮੌਲਵੀ ਬਣਨਾ ਚਾਹੁੰਦਾ ਸੀ ਤੇ ਉਸ ਨੇ ਕੁਰਾਨ ਦੇ 12 ਹਿੱਸੇ ਕੰਠ ਕਰ ਲਏ ਸਨ। ਆਦਿਲ ਦਰ ਦੇ ਪਿਤਾ ਨੇ ਕਿਹਾ ਕਿਜਦੋਂ ਵੀ ਉਹਦੇ ਕੋਲ ਸਮਾਂ ਹੁੰਦਾ ਸੀ, ਉਹ ਕੋਈ ਨਾ ਕੋਈ ਕੰਮ ਲੱਭ ਕੇ, ਆਪਣੇ ਲਈ ਪੈਸੇ ਜੋੜ ਲੈਂਦਾ ਸੀ। ਸਾਲ 2017 ਵਿਚ ਉਸ ਨੇ ਨੇੜੇ ਦੇ ਹੀ ਇਕ ਆਰੇ 'ਤੇ ਲੱਕੜੀ ਦੇ ਡੱਬੇ ਬਣਾ ਕੇ 50-60 ਹਜ਼ਾਰ ਰੁਪਏ ਕਮਾਏ ਸਨ। ਅਸੀਂ ਉਸ ਨੂੰ ਮਾਰਚ 19, 2018 ਨੂੰ ਆਖਰੀ ਵਾਰ ਵੇਖਿਆ ਸੀ। ਉਸ ਦੇ ਪਿਤਾ ਨੇ ਕਿਹਾ ਕਿ ਉਹ ਇਕ ਰਾਜ ਮਿਸਤਰੀ ਦੇ ਨਾਲ ਦਿਹਾੜੀਆਂ ਲਾਉਂਦਾ ਸੀ। ਉਸ ਦਿਨ ਉਹ ਦੁਪਹਿਰ ਦੀ ਰੋਟੀ ਖਾਣ ਘਰ ਆਇਆ ਤੇ ਫਿਰ ਸਾਇਕਲ ਲੈ ਕੇ ਘਰੋਂ ਚਲਾ ਗਿਆ। ਕੁਝ ਦਿਨਾਂ ਬਾਅਦ, ਆਦਿਲ ਦਰ ਦੀ ਬੰਦੂਕ ਨਾਲ ਇਕ ਤਸਵੀਰ ਸੋਸ਼ਲ ਮੀਡੀਆ ਉੱਤੇ ਫੈਲ ਗਈ। ਸਾਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਉਹ ਇਹ ਰਾਹ ਚੁਣੇਗਾ।

ਪੁਲਿਸ ਮੁਤਾਬਕ ਆਦਿਲ ਦਰ ਨੂੰ ਜੈਸ਼-ਏ-ਮੁਹੰਮਦ ਦੀ ਫਿਦਾਈਨ ਟੁਕੜੀ 'ਚ ਪਹਿਲੇ ਫਿਦਾਈਨ ਫਰਦੀਨ ਅਹਿਮਦ ਖਾਂ ਦੇ ਸਾਲ 2018 ਵਿਚ ਮਾਰੇ ਜਾਣ ਤੋਂ ਬਾਅਦ ਸ਼ਾਮਲ ਕੀਤਾ ਗਿਆ ਸੀ। ਖਾਂ ਉਸ ਟੁਕੜੀ 'ਚ ਸ਼ਾਮਲ ਸੀ, ਜਿਸ ਨੇ ਸੀਆਰਪੀਐਫ. ਦੇ ਲੈਥਪੋਰਾ ਕੈਂਪ ਉੱਤੇ ਜਨਵਰੀ 2018 ਵਿਚ ਹਮਲਾ ਕਰਕੇ ਤਿੰਨ ਨੀਮ ਫੌਜੀਆਂ ਨੂੰ ਮਾਰ ਦਿੱਤਾ ਸੀ।

ਜਦੋਂ ਆਦਿਲ ਦਰ ਦਾ ਪਰਵਾਰ ਇਸ ਸਵਾਲ ਦਾ ਜਵਾਬ ਲੱਭਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹਨਾਂ ਦਾ ਮੁੰਡਾ ਕਸ਼ਮੀਰ ਵਿਚਲੇ ਇਸ ਵੱਡੇ ਹਮਲੇ ਦਾ ਚਿਹਰਾ-ਮੁਹਰਾ ਕਿਵੇਂ ਬਣ ਗਿਆ ਤਾਂ ਉਹਨਾਂ ਨੂੰ ਸਾਲ 2016 ਦੀ ਇਕ ਘਟਨਾ ਚੇਤੇ ਆਉਂਦੀ ਹੈ। ਇਕ ਦਿਨ ਆਦਿਲ ਸਕੂਲ ਤੋਂ ਵਾਪਸ ਆ ਰਿਹਾ ਸੀ, ਤਾਂ ਐਸਟੀਐਫ. ਦੇ ਬੰਦਿਆਂ ਨੇ ਉਹਨੂੰ ਰੋਕ ਲਿਆ ਤੇ ਉਹਦੇ ਕੋਲੋਂ ਨੱਕ ਨਾਲ ਲਕੀਰਾਂ ਕਢਵਾਈਆਂ। ਇਹ ਵਾਕਿਆ ਆਦਿਲ ਦਰ ਦੇ ਪਿਤਾ ਨੇ ਖੁਦ ਦੱਸਿਆ।

ਦੱਸ ਦੇਈਏ ਕਿ ਜੰਮੂ ਅਤੇ ਕਸ਼ਮੀਰ ਪੁਲਿਸ ਨੂੰ ਲਹਿਰ ਵਿਰੋਧੀ ਦਸਤੇ ਨੂੰ ਪਹਿਲਾਂ 'ਸਪੈਸ਼ਲ ਟਾਸਕ ਫੋਰਸ' (ਐਸਟੀਐਫ.) ਦਾ ਨਾਂ ਦਿੱਤਾ ਗਿਆ ਸੀ। ਭਾਵੇਂ ਕਿ ਹੁਣ ਇਸ ਦਾ ਨਾਂ ਬਦਲ ਕੇ 'ਸਪੈਸ਼ਲ ਅਪਰੇਸ਼ਨਜ਼ ਗਰੁੱਪ' (ਐਸਓਜੀ.) ਕਰ ਦਿੱਤਾ ਗਿਆ ਹੈ ਪਰ ਹਾਲਾਂ ਵੀ ਮੁਕਾਮੀ ਬੋਲੀ 'ਚ ਇਹਦਾ ਨਾਂ ਐਸਟੀਐਫ. ਹੀ ਚੱਲਦਾ ਹੈ। ਆਦਿਲ ਦਰ ਦੇ ਪਿਤਾ ਨੇ ਅੱਗੇ ਦੱਸਿਆ ਕਿ ਐਸਟੀਐਫ. ਵਾਲਿਆਂ ਨੇ ਉਹਦੇ ਪੁੱਤਰ ਕੋਲੋਂ ਆਪਣੀ ਗੱਡੀ (ਜੀਪ) ਦੇ ਦੁਆਲੇ ਨੱਕ ਨਾਲ ਲਕੀਰ ਵਾਰ ਕੇ ਪੂਰਾ ਚੱਕਰ ਬਣਵਾਇਆ ਸੀ। ਉਹਨੇ ਅੱਗੇ ਦੱਸਿਆਕਿ ਉਹ ਇਸ ਘਟਨਾ ਦਾ ਵਾਰ-ਵਾਰ ਜ਼ਿਕਰ ਕਰਦਾ ਰਹਿੰਦਾ ਸੀ।

ਆਦਿਲ ਦਰ ਦੇ ਪਿਤਾ ਦੇ ਭਰਾ ਅਬਦੁਲ ਰਾਸ਼ਿਦ ਦਰ ਨੇ ਦੱਸਿਆ ਕਿ ਉਹਦੇ ਭਤੀਜੇ ਨੂੰ ਕਸ਼ਮੀਰ ਦੀ ਅਜ਼ਾਦੀ-ਪੱਖੀ ਸਿਆਸਤ ਦਾ ਜਨੂੰਨ ਸੀ ਤੇ ਉਹ ਮੁਜ਼ਾਹਰਿਆਂ ਵਿਚ ਸਰਗਰਮੀ ਨਾਲ ਹਿੱਸਾ ਲੈਂਦਾ ਸੀ। ਸਾਲ 2016 ਵਿਚ ਬੁਰਹਾਨ ਵਾਨੀ ਵਾਲੇ ਉਭਾਰ ਵਿਚ ਉਹਦੀ ਲੱਤ ਵਿਚ ਗੋਲੀ ਵੀ ਵੱਜੀ ਸੀ ਤੇ ਤਿੰਨ ਮਹੀਨੇ ਲੱਤ ਨੂੰ ਪਲਸਤਰ ਲੱਗਾ ਰਿਹਾ ਸੀ। ਜ਼ਿਕਰਯੋਗ ਹੈ ਕਿ 8 ਜੁਲਾਈ 2016 ਨੂੰ ਹਿਜ਼ਬੁਲ ਮੁਜ਼ਾਹਿਦੀਨ ਦੇ ਕਮਾਂਡਰ ਬੁਰਹਾਨ ਵਾਨੀ ਦੇ ਮਾਰੇ ਜਾਣ ਤੋਂ ਬਾਅਦ ਵਾਦੀ ਵਿਚ ਭਾਰੀ ਮੁਜ਼ਾਹਰੇ ਹੋਏ ਸਨ ਜੋ ਕਿ ਕਈ ਮਹੀਨੇ ਜਾਰੀ ਰਹੇ ਸਨ।

ਆਦਿਲ ਦਰ ਪਰਿਵਾਰ ਦਾ ਖਾੜਕੂਆਂ ਵਿਚ ਜਾਣ ਵਾਲਾ ਪਹਿਲਾ ਜੀਅ ਨਹੀਂ ਸੀ। ਪਹਿਲਾਂ ਅਬਦੁਲ ਰਸ਼ੀਦ ਦਰ ਦਾ ਮੁੰਡਾ ਮਨਜ਼ੂਰ ਰਸ਼ੀਦ ਦਰ ਸਾਲ 2016 ਵਿਚ ਲਸ਼ਕਰ-ਏ-ਤਾਇਬਾ ਵਿਚ ਸ਼ਾਮਲ ਹੋਇਆ ਸੀ। ਖਾੜਕੂ ਬਣਨ ਤੋਂ 11 ਦਿਨਾਂ ਬਾਅਦ ਹੀ ਉਹ 30 ਜੂਨ 2016 ਨੂੰ ਇਕ ਮੁਕਾਬਲੇ ਵਿਚ ਮਾਰਿਆ ਗਿਆ ਸੀ।"ਮੇਰਾ ਮੁੰਡਾ ਤੌਸੀਫ ਅਹਿਮਦ ਵੀ ਖਾੜਕੂਆਂ ਵਿਚ ਸ਼ਾਮਲ ਹੋਣ ਲਈ ਪਿਛਲੇ ਸਾਲ ਮਾਰਚ ਵਿਚ ਘਰੋਂ ਚਲਾ ਗਿਆ ਸੀ," ਅਬਦੁਲ ਰਸ਼ੀਦ ਦਰ ਨੇ ਦੱਸਿਆ ਕਿਉਹਦੇ ਜਾਣ ਤੋਂ ਚਾਰ ਦਿਨ ਬਾਅਦ ਆਦਿਲ ਨੇ ਵੀ ਘਰ ਛੱਡ ਦਿੱਤਾ, ਜਦਕਿ ਸਾਡਾ ਮੁੰਡਾ ਤਾਂ 14 ਦਿਨਾਂ ਬਾਅਦ ਮੁੜ ਆਇਆ ਸੀ ਪਰ ਆਦਿਲ ਨਹੀਂ ਆਇਆ।

ਦਰ ਪਰਵਾਰ ਦੇ ਘਰ ਵਿਚ ਸੋਗ ਦੇ ਨਾਲ-ਨਾਲ ਜੰਮੂ ਕਸ਼ਮੀਰ ਦੇ ਭਾਰਤ-ਪੱਖੀ ਸਿਆਸਤਦਾਨਾਂ ਬਾਰੇ ਗੁੱਸਾ ਵੀ ਸੀ। ਗ਼ੁਲਾਮ ਹੁਸੈਨ ਦਰ ਨੇ ਕਿਹਾ, "ਖ਼ੂਨ ਖਰਾਬਾ ਕੌਣ ਵੇਖਣਾ ਚਾਹੁੰਦਾ ਹੈ ਪਰਜੇਕਰ ਪਰਿਵਾਰ ਵਿਚ ਕੁਝ ਠੀਕ ਨਾ ਹੋਵੇ ਤਾਂ ਪਰਿਵਾਰ ਦੇ ਮੁਖੀ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਉਹ ਹਾਲਾਤ ਨੂੰ ਠੀਕ ਕਰੇ। ਤੇ ਇਹੀ ਕੰਮ ਸਾਡੇ ਸਿਆਸਤਦਾਨਾਂ ਦਾ ਹੋਣਾ ਚਾਹੀਦਾ ਹੈ।"

ਉਹਨੇ ਅੱਗੇ ਕਿਹਾ ਕਿ ਪਰ ਅਸਲੀਅਤ ਇਹ ਹੈ ਕਿ ਉਹ ਸਿਰਫ ਸੱਤਾ ਬਾਰੇ ਹੀ ਸੋਚਦੇ ਨੇ। ਕੋਈ ਵੀ ਰੋਜ਼ ਅੰਨ੍ਹੇ ਹੋ ਰਹੇ ਲੋਕਾਂ, ਮੌਤਾਂ ਅਤੇ ਮੁਕਾਬਲਿਆਂ ਬਾਰੇ ਗੱਲ ਨਹੀਂ ਕਰਦਾ। ਇਹ

ਬਾਕੀ ਸਫ਼ਾ 28 'ਤੇ

# ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਬਾਦਲ ਵਿਰੁੱਧ ਕੈਪਟਨ, ਫੂਲਕਾ ਤੇ 'ਆਪ' ਇਕੱਠੇ

## ਪੰਜਾਬ ਵਿਧਾਨ ਸਭਾ ਵਲੋਂ ਫੂਲਕਾ ਦੀ ਤਜਵੀਜ਼ 'ਤੇ ਸ਼੍ਰੋਮਣੀ ਕਮੇਟੀ ਚੋਣਾਂ ਦਾ ਮੁੱਦਾ ਕੇਂਦਰ ਸਰਕਾਰ ਕੋਲ ਉਠਾਉਣ ਲਈ ਮੁੱਖ ਮੰਤਰੀ ਨੂੰ ਅਧਿਕਾਰਤ ਕਰਨ ਸਬੰਧੀ ਮਤੇ ਨੂੰ ਪ੍ਰਵਾਨਗੀ

- **ਐਚ.ਐਸ. ਫੂਲਕਾ ਵੱਲੋਂ ਸ਼੍ਰੋਮਣੀ ਕਮੇਟੀ ਬਾਰੇ ਲਿਆਂਦੇ ਮਤੇ ਦਾ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਮਰਥਨ**
- **ਬਾਦਲ ਅਕਾਲੀ ਦਲ ਮਤੇ ਦੇ ਹੱਕ ਜਾਂ ਵਿਰੋਧ 'ਚ ਬੋਲਣ ਦੀ ਥਾਂ ਕੈਪਟਨ, 'ਆਪ' ਤੇ ਫੂਲਕਾ 'ਤੇ ਭੜਕਿਆ**
- **ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਨੇ ਸ਼੍ਰੋਮਣੀ ਕਮੇਟੀ ਦੀਆਂ ਲੰਮੇ ਸਮੇਂ ਤੋਂ ਬਕਾਇਆ ਪਈਆਂ ਚੋਣਾਂ ਦੇ ਮਾਮਲੇ 'ਤੇ ਅਕਾਲੀ ਦਲ ਦੇ ਦੋਗਲੇ ਹੋਣ ਦਾ ਕੀਤਾ ਦਾਅਵਾ**
- **ਲੌਂਗੋਵਾਲ ਦੱਬੀ ਜ਼ੁਬਾਨ 'ਚ ਬੋਲੇ, "ਕਰਾ ਲਓ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਪਰ ਸਰਕਾਰੀ ਦਖਲਅੰਦਾਜ਼ੀ ਨਾ ਹੋਵੇ"**



**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਦੀਆਂ ਲੰਮੇ ਸਮੇਂ ਤੋਂ ਬਕਾਇਆ ਪਈਆਂ ਚੋਣਾਂ ਦੇ ਮਾਮਲੇ 'ਤੇ ਅਕਾਲੀ ਦਲ ਦੀ ਭੂਮਿਕਾ ਸਾਰਥਕ ਨਹੀਂ ਰਹੀ। ਜਦ ਐਚਐਸ ਫੂਲਕਾ ਨੇ ਸ਼੍ਰੋਮਣੀ ਕਮੇਟੀ ਚੋਣਾਂ ਤੁਰੰਤ ਕਰਾਉਣ ਸਬੰਧੀ ਮਤੇ ਪੇਸ਼ ਕੀਤਾ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਸਮਰਥਨ ਕੀਤਾ। ਇਸ ਕਾਰਨ ਬਿਕਰਮ ਸਿੰਘ ਮਜੀਠੀਆ ਸਮੇਤ ਅਕਾਲੀਆਂ ਦੇ ਮੂੰਹ ਹੀ ਉੱਤਰ ਗਏ। ਅਕਾਲੀ ਵਿਧਾਇਕਾਂ ਨੇ ਇਸ ਮਤੇ ਦਾ ਨਾ ਵਿਰੋਧ ਕੀਤਾ ਤੇ ਨਾ ਹੀ ਇਨ੍ਹਾਂ ਨੇ ਸਮਰਥਨ ਕੀਤਾ।

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਨੇ ਇਸ ਬਾਰੇ ਸਪੱਸ਼ਟ ਕੀਤਾ ਕਿ ਅਕਾਲੀ ਵਿਧਾਇਕਾਂ ਨੇ ਸਥਿਤੀ ਸਪਸ਼ਟ ਕਰਨ ਦੀ ਥਾਂ 'ਆਪ' ਤੇ ਫੂਲਕਾ 'ਤੇ ਹੀ ਕਾਂਗਰਸ ਨਾਲ ਮਿਲੇ ਹੋਣ ਦੇ ਬੇਬੁਨਿਆਦ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ। ਜਦ ਕਿ ਫੂਲਕਾ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਦੇ ਜਵਾਬ ਵਿਚ ਮਿਲੇ ਪੱਤਰ ਨੂੰ ਬੀਤੇ ਦਿਨੀਂ 13 ਫਰਵਰੀ ਨੂੰ ਸਦਨ ਦੇ ਟੇਬਲ 'ਤੇ ਰੱਖ ਦਿੱਤਾ ਸੀ। ਇਸ ਦੇ ਆਧਾਰ 'ਤੇ ਮਤਾ ਪੇਸ਼ ਕੀਤਾ ਗਿਆ। ਚੀਮਾ ਨੇ ਕਿਹਾ ਕਿ ਬਾਦਲਾਂ ਦੇ ਦੋਗਲੇ ਚਿਹਰੇ ਦੀ ਹੱਦ ਉਦੋਂ ਹੋ ਗਈ ਜਦੋਂ ਐਸਜੀਪੀਸੀ ਦੀਆਂ ਚੋਣਾਂ 'ਤੇ ਸਦਨ ਵਿਚ ਮਤੇ ਸਮੇਂ ਚੁੱਪ ਰਹੇ ਪਰ ਬਾਹਰ ਮੀਡੀਆ ਸਾਹਮਣੇ ਸ਼੍ਰੋਮਣੀ ਕਮੇਟੀ ਚੋਣਾਂ ਦਾ ਸਮਰਥਨ ਕਰਦੇ ਨਜ਼ਰ ਆਏ।

ਫੂਲਕਾ ਦੀ ਤਜਵੀਜ਼ 'ਤੇ ਮੁੱਖ ਮੰਤਰੀ ਵਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਛੇਤੀ ਕਰਵਾਉਣ ਅਤੇ ਇਹ ਮੁੱਦਾ ਕੇਂਦਰ ਸਰਕਾਰ ਕੋਲ ਉਠਾਉਣ ਲਈ ਮੁੱਖ ਮੰਤਰੀ ਨੂੰ ਅਧਿਕਾਰਤ ਕਰਨ ਸਬੰਧੀ ਇਕ ਮਤੇ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਫੂਲਕਾ ਨੇ ਕਿਹਾ ਕਿ ਮੌਜੂਦਾ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਮਿਆਦ ਦਸੰਬਰ 2016 ਵਿਚ ਖ਼ਤਮ ਹੋ ਗਈ ਸੀ ਅਤੇ ਉਨ੍ਹਾਂ ਵਲੋਂ ਪ੍ਰਧਾਨ ਮੰਤਰੀ ਨੂੰ ਇਸ ਸਬੰਧੀ ਪੱਤਰ ਵੀ ਲਿਖਿਆ ਗਿਆ ਸੀ ਅਤੇ ਪ੍ਰਧਾਨ ਮੰਤਰੀ ਦਫ਼ਤਰ ਵਲੋਂ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਵਲੋਂ ਛੇਤੀ ਹੀ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਲਗਾਉਣ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਪੈਨਲ ਭੇਜਣ ਲਈ ਲਿਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਇਕ ਅਹਿਮ ਲੋਕਤੰਤਰੀ ਜਮਾਤ ਹੈ ਅਤੇ ਉਹ ਮੁੱਖ ਮੰਤਰੀ ਨੂੰ ਵੀ ਬੇਨਤੀ ਕਰਨਗੇ ਕਿ ਉਹ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰੀ ਕੋਲ ਉਠਾਉਣ।

ਮੁੱਖ ਮੰਤਰੀ ਕੈਪਟਨ ਨੇ ਸਦਨ ਵਿਚ ਕਿਹਾ ਕਿ ਉਹ ਮੈਂਬਰ ਨਾਲ ਪੂਰੀ ਤਰ੍ਹਾਂ ਸਹਿਮਤ ਹਨ ਲੇਕਿਨ ਕੇਂਦਰ ਸਰਕਾਰ ਵਲੋਂ 2 ਸਾਲ ਦਾ ਸਮਾਂ ਲੰਘ ਜਾਣ ਦੇ ਬਾਵਜੂਦ ਇਹ ਚੋਣ ਨਹੀਂ ਕਰਵਾਈ ਜਾ ਰਹੀ। ਇਜਲਾਸ ਤੋਂ ਬਾਅਦ ਉਹ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲ ਕੇ ਉਨ੍ਹਾਂ ਕੋਲ ਇਹ ਚੋਣਾਂ ਬਿਨ੍ਹਾਂ ਕਿਸੇ ਦੇਰੀ ਦੇ ਕਰਵਾਉਣ ਦਾ ਮੁੱਦਾ ਉਠਾਉਣਗੇ। ਇਸ ਤੋਂ ਬਾਅਦ ਮੁੱਖ ਮੰਤਰੀ ਵਲੋਂ ਖ਼ੁਦ ਹੀ ਪੇਸ਼ ਕੀਤੇ ਮਤੇ ਜਿਸ ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੁਰੰਤ ਕਰਾਉਣ ਅਤੇ ਇਹ ਮਾਮਲਾ ਕੇਂਦਰ ਸਰਕਾਰ ਕੋਲ ਉਠਾਏ ਜਾਣ ਲਈ ਮਤਾ ਵੀ ਸਦਨ ਵਲੋਂ ਪਾਸ ਕਰ ਦਿੱਤਾ ਗਿਆ।

ਮੁੱਖ ਮੰਤਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਮੁੱਦੇ 'ਤੇ ਸਦਨ ਵਿੱਚ ਸਰਬਸੰਮਤੀ ਸੀ, ਕਿਉਂਕਿ ਇਹ ਚੋਣਾਂ ਤਿੰਨ ਸਾਲ ਤੋਂ ਪੈਡਿੰਗ ਹਨ, ਸਿਰਫ ਅਕਾਲੀ ਤੇ ਭਾਜਪਾ ਇਸ ਦੇ ਹੱਕ ਵਿੱਚ ਨਹੀਂ ਸਨ।

### ਸਪੀਕਰ ਵਲੋਂ ਐਚ.ਐਸ. ਫੂਲਕਾ ਬਾਰੇ ਸਪੱਸ਼ਟੀਕਰਨ

ਬਾਦਲ ਦਲ ਦੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਣੀਆਂ ਚਾਹੀਦੀਆਂ ਹਨ ਪਰ ਸਪੀਕਰ ਦੱਸੇ ਕਿ ਫੂਲਕਾ ਕਿਸ ਅਧਿਕਾਰ ਨਾਲ ਸਦਨ ਵਿਚ ਮੌਜੂਦ ਹਨ। ਵਿਧਾਨ ਸਭਾ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਸਦਨ ਵਿਚ ਸਪੱਸ਼ਟ ਕੀਤਾ ਕਿ ਵਿਧਾਇਕ ਫੂਲਕਾ ਵਲੋਂ ਜੋ ਅਸਤੀਫ਼ਾ ਉਨ੍ਹਾਂ ਨੂੰ ਦਿੱਤਾ ਗਿਆ ਸੀ ਉਹ ਨਿਰਧਾਰਤ ਨਿਯਮਾਂ ਅਨੁਸਾਰ ਨਾ ਹੋਣ ਕਾਰਨ ਪੈਂਡਿੰਗ ਚੱਲ ਰਿਹਾ ਹੈ ਤੇ ਫੂਲਕਾ ਨੂੰ ਵਿਧਾਨ ਸਭਾ ਵਲੋਂ 20 ਫਰਵਰੀ ਲਈ ਨੋਟਿਸ ਜਾਰੀ ਕੀਤਾ ਹੋਇਆ ਹੈ। ਲੇਕਿਨ ਉਨ੍ਹਾਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੇ ਅਸਤੀਫ਼ੇ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ ਉਹ ਉਸ ਸਮੇਂ ਤੱਕ ਸਦਨ ਦੇ ਬਕਾਇਦਾ ਮੈਂਬਰ ਹਨ।

### ਬ੍ਰਹਮਪੁਰਾ ਤੇ ਫੂਲਕਾ ਬਾਦਲਾਂ ਨੂੰ ਸ਼੍ਰੋਮਣੀ ਕਮੇਟੀ ਵਿਚੋਂ ਬਾਹਰ ਕਰਨ ਲਈ ਆਪਸ 'ਚ ਮਿਲੇ

ਅਕਾਲੀ ਦਲ (ਟਕਸਾਲੀ) ਨੇ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਵਿਧਾਇਕ ਐਚ.ਐਸ. ਫੂਲਕਾ ਨੇ ਸ਼੍ਰੋਮਣੀ ਕਮੇਟੀ ਤੋਂ ਬਾਦਲ ਪਰਿਵਾਰ ਦਾ ਗਲਬਾ ਤੋੜਨ ਲਈ ਹੱਥ ਮਿਲਾ ਲਿਆ ਹੈ। ਐਡਵੋਕੇਟ ਐਚ.ਐਸ ਫੂਲਕਾ ਨੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਚੰਡੀਗੜ੍ਹ ਸਥਿਤ ਬ੍ਰਹਮਪੁਰਾ ਦੇ ਨਿਵਾਸ ਸਥਾਨ 'ਤੇ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਜਥੇਦਾਰ ਸੇਵਾ ਸਿੰਘ ਸੇਖਵਾਂ ਵੀ ਹਾਜ਼ਰ ਸਨ।

### ਕੀ ਕਹਿੰਦੇ ਹਨ ਲੌਂਗੋਵਾਲ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ 'ਬੇਸ਼ਕ ਚੋਣਾਂ ਕਰਾ ਲਈਆਂ ਜਾਣ ਸਾਨੂੰ ਕੋਈ ਇਤਰਾਜ਼ ਨਹੀਂ ਪਰ ਇਸ ਲਈ ਕਾਨੂੰਨੀ ਤਰੀਕਾ ਅਪਣਾਇਆ ਜਾਏ, ਜਿਵੇਂ ਕਿ ਸਭ ਤੋਂ ਪਹਿਲਾਂ ਭਾਰਤ ਸਰਕਾਰ ਮੁੱਖ ਗੁਰਦੁਆਰਾ ਚੋਣ ਕਮਿਸ਼ਨ ਨਿਯੁਕਤ ਕਰੇ, ਉਸ ਦੀ ਨਿਗਰਾਨੀ ਹੇਠ ਉਕਤ ਰਾਜਾਂ ਵਿਚ 21 ਸਾਲ ਦੀ ਉਮਰ ਵਾਲੇ ਪੂਰਨ ਗੁਰਸਿੱਖਾਂ ਦੀਆਂ ਵੋਟਾਂ ਬਣਾਈਆਂ ਜਾਣ, ਜੇ ਕਾਨੂੰਨੀ ਤੌਰ 'ਤੇ ਨਵੇਂ ਹਲਕੇ ਬਣਾਉਣ ਦੀ ਲੋੜ ਹੈ ਤਾਂ ਉਸ ਬਾਰੇ ਵੀ ਸੋਚ ਲਿਆ ਜਾਏ ਆਦਿ।" ਭਾਈ ਲੌਂਗੋਵਾਲ ਨੇ ਕਿਹਾ ਕਿ ਜੇ ਫੂਲਕਾ ਸੱਚਮੁੱਚ ਹੀ ਗੁਰਦੁਆਰਾ ਚੋਣਾਂ ਕਰਾਉਣ ਦੇ ਇੱਛੁਕ ਹਨ ਤਾਂ ਉਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਸਰਕਾਰ ਦਾ ਸਹਾਰਾ ਨਹੀਂ ਲੈਣਾ ਚਾਹੀਦਾ।

ਕੰਵਰ ਸੰਧੂ ਨੇ ਦਿੱਤਾ ਅਕਾਲੀਆਂ ਦਾ ਸਾਥ ਤੇ ਕੀਤਾ ਫੂਲਕਾ ਦਾ ਵਿਰੋਧ : ਪੰਜਾਬ ਵਿਧਾਨ ਸਭਾ ਅੰਦਰ ਐਚ ਐਸ ਫੂਲਕਾ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦ ਕਰਵਾਏ ਜਾਣ ਸਬੰਧੀ ਮਤਾ ਲਿਆਂਦਾ ਜੋ ਕਿ ਵਿਧਾਨ ਸਭਾ ਵੱਲੋਂ ਪਾਸ ਕਰ ਦਿੱਤਾ ਗਿਆ। ਫੂਲਕਾ ਅਨੁਸਾਰ ਇਸ ਦੌਰਾਨ ਵਿਰੋਧ ਮੱਤ ਵਿੱਚ ਇੱਕ ਅਵਾਜ਼ 'ਆਪ' ਦੇ ਬਾਗੀ ਵਿਧਾਇਕ ਕੰਵਰ ਸੰਧੂ ਦੀ ਵੀ ਸੀ, ਜਿਸ ਨੇ ਕਿ ਉਨ੍ਹਾਂ ਨੂੰ ਹੈਰਾਨੀ ਵਿੱਚ ਪਾ ਦਿੱਤਾ ਹੈ। ਇਸ ਸਬੰਧ ਵਿੱਚ ਫੂਲਕਾ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਬੇਹੱਦ ਦੁੱਖ ਹੋਇਆ ਹੈ ਕਿ ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਮਤੇ ਦਾ ਉਨ੍ਹਾ ਦੇ ਸਾਥੀ ਰਹਿ ਚੁੱਕੇ ਕੰਵਰ ਸੰਧੂ ਨੇ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਕੰਵਰ ਸੰਧੂ ਉਨ੍ਹਾਂ ਨਾਲ ਇਸ ਮਸਲੇ 'ਤੇ ਕਿਉਂ ਨਹੀਂ ਖੜ੍ਹੇ ਹੋਏ।

### ਬਾਦਲ ਦਲ ਵਲੋਂ ਵਿਰੋਧ

ਅਕਾਲੀ ਦਲ ਵਲੋਂ ਸ. ਬਿਕਰਮ ਸਿੰਘ ਮਜੀਠੀਆ ਨੇ ਸਦਨ ਵਿਚ ਉਠ ਕੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਕਾਂਗਰਸ ਦੀ ਬੀ ਟੀਮ ਬਣ ਕੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸ: ਐਚ.ਐਸ. ਫੂਲਕਾ ਸਦਨ ਦੀ ਮੈਂਬਰੀ ਅਤੇ ਆਮ ਆਦਮੀ ਪਾਰਟੀ ਤੋਂ ਵੀ ਅਸਤੀਫ਼ਾ ਦੇ ਚੁੱਕੇ ਹਨ ਅਤੇ ਉਨ੍ਹਾਂ ਦੇ ਹਲਕੇ ਵਿਚ ਦੁਬਾਰਾ ਜ਼ਿਮਨੀ ਚੋਣ ਹੋਣੀ ਚਾਹੀਦੀ ਹੈ ਲੇਕਿਨ ਉਹ ਸਦਨ ਦੀ ਕਾਰਵਾਈ ਵਿਚ ਬਰਾਬਰ ਕਿਵੇਂ ਹਿੱਸਾ ਲੈ ਰਹੇ ਹਨ ਇਹ ਸਾਡੇ ਸਾਰਿਆਂ ਲਈ ਵੱਡੀ ਹੈਰਾਨੀ ਦਾ ਮੁੱਦਾ ਹੈ। ਲੇਕਿਨ ਸ: ਫੂਲਕਾ ਨੇ ਕਿਹਾ ਕਿ ਅੱਜ ਇਹ ਸਪੱਸ਼ਟ ਹੋ ਗਿਆ ਹੈ ਕਿ ਸਿੱਖ ਵਿਰੋਧੀ ਕੌਣ ਹੈ, ਜਦੋਂਕਿ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਸਪੀਕਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਪਾਸ ਕੀਤੇ ਗਏ ਉਕਤ ਮਤੇ 'ਤੇ ਬਕਾਇਦਾ ਵੋਟਾਂ ਚਾਹੁੰਦੀ ਹੈ ਤਾਂ ਜੋ ਇਹ ਖੁੱਲ੍ਹ ਕੇ ਸਾਹਮਣੇ ਆ ਜਾਵੇ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਿਰਧਾਰਤ ਸਮੇਂ 'ਤੇ ਕਰਾਉਣ ਦਾ ਕੌਣ ਵਿਰੋਧੀ ਹੈ ? ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਵੀ ਸਦਨ ਵਿਚ ਉਠ ਕੇ ਕਿਹਾ ਕਿ ਫੂਲਕਾ ਸਦਨ ਦੇ ਚੁਣੇ ਹੋਏ ਮੈਂਬਰ ਹਨ ਅਤੇ ਫੂਲਕਾ ਅਤੇ ਕੈਪਟਨ ਵਲੋਂ ਜੋ ਸਟੈਂਡ ਲਿਆ ਗਿਆ ਉਸ ਨੂੰ ਇਤਿਹਾਸਕ ਸਮਝਿਆ ਜਾਣਾ ਚਾਹੀਦਾ ਹੈ।

### ਸ਼੍ਰੋਮਣੀ ਅਕਾਲੀ ਦਲ ਦੇ ਦੋਸ਼ਾਂ ਦੀ ਮੈਨੂੰ ਕੋਈ ਪ੍ਰਵਾਹ ਨਹੀਂ : ਐਚ.ਐਸ. ਫੂਲਕਾ

ਸੀਨੀਅਰ ਵਕੀਲ ਐੱਚਐੱਸ ਫੂਲਕਾ ਨੇ ਆਖਿਆ ਕਿ ਉਨ੍ਹਾਂ ਨੂੰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਭਾਜਪਾ ਅਤੇ ਸ਼੍ਰੋਮਣੀ ਕਮੇਟੀ ਵਿਚੋਂ ਬਾਦਲ ਅਕਾਲੀ ਦਲ ਦਾ ਗਲਬਾ ਖ਼ਤਮ ਕਰਵਾਉਣ ਲਈ ਕਾਂਗਰਸ ਕੋਲੋਂ ਮਦਦ ਲੈਣ ਵਿਚ ਕੋਈ ਝਿਜਕ ਨਹੀਂ ਹੈ। ਫੂਲਕਾ ਨੇ ਕਿਹਾ ਕਿ ਸਾਫ ਕਿਹਾ ਕਿ ਕੇਂਦਰ ਵਿਚ ਭਾਜਪਾ ਦੀ ਸਰਕਾਰ ਹੈ ਅਤੇ ਇਸ ਸਰਕਾਰ ਦੀ ਮਦਦ ਤੋਂ ਬਿਨਾਂ ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਦਿਵਾਉਣਾ ਬੜਾ ਮੁਸ਼ਕਲ ਕਾਰਜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਹੈ ਅਤੇ ਸ਼੍ਰੋਮਣੀ ਕਮੇਟੀ ਵਿੱਚੋਂ ਸਿਆਸੀ ਗਲਬਾ ਖ਼ਤਮ ਕਰਨ ਲਈ ਇੱਥੇ ਕੈਪਟਨ ਸਰਕਾਰ ਕੋਲੋਂ ਉਹ ਬਿਨਾਂ ਕਿਸੇ ਝਿਜਕ ਦੇ ਮਦਦ ਲੈਣਗੇ। ਉਨ੍ਹਾਂ ਮੰਨਿਆ ਕਿ ਐੱਸਜੀਪੀਸੀ ਦੀਆਂ ਚੋਣਾਂ ਜਲਦ ਕਰਵਾਉਣ ਲਈ ਉਨ੍ਹਾਂ ਵਿਧਾਨ ਸਭਾ ਵਿੱਚ ਮਤਾ ਪਾਸ ਕਰਵਾਉਣ ਤੋਂ ਪਹਿਲਾਂ ਕਾਂਗਰਸ ਦੇ ਕੁਝ ਮੰਤਰੀਆਂ ਨਾਲ ਮੁਲਾਕਾਤਾਂ ਕੀਤੀਆਂ ਸਨ, ਕਿਉਂਕਿ ਸਦਨ ਵਿਚ ਇਹ ਮਤਾ ਕਾਂਗਰਸ ਦੀ ਸਹਿਮਤੀ ਤੋਂ ਬਿਨਾਂ ਸੰਭਵ ਹੀ ਨਹੀਂ ਸੀ, ਜਿਸ ਕਾਰਨ ਉਨ੍ਹਾਂ ਨੂੰ ਅਕਾਲੀਆਂ ਵੱਲੋਂ ਕੈਪਟਨ ਸਰਕਾਰ ਨਾਲ ਗਿੱਟਮਿੱਟ ਕਰਨ ਦੇ ਲਾਏ ਜਾ ਰਹੇ ਦੋਸ਼ਾਂ ਦੀ ਕੋਈ ਪ੍ਰਵਾਹ ਨਹੀਂ ਹੈ। ਸ੍ਰੀ ਫੂਲਕਾ ਨੇ ਕਿਹਾ ਕਿ ਉਹ ਸਿਆਸਤ ਵਿਚ ਆਪਣਾ ਵਪਾਰ ਵਧਾਉਣ ਜਾਂ ਰੋਟੀ-ਪਾਣੀ ਦਾ ਜੁਗਾੜ ਕਰਨ ਲਈ ਨਹੀਂ ਆਏ ਸਨ ਅਤੇ ਅਕਾਲੀਆਂ ਦੇ ਅਜਿਹੇ ਦੋਸ਼ਾਂ ਤੋਂ ਬੇਪ੍ਰਵਾਹ ਹੋ ਕੇ ਉਹ ਆਪਣੇ ਮਿਸ਼ਨ ਵੱਲ ਵਧਦੇ ਜਾਣਗੇ। ਫੂਲਕਾ ਨੇ ਕਿਹਾ ਕਿ ਜਦੋਂ ਸਿੱਖ ਕਤਲੇਆਮ ਦੇ ਮੁੱਖ ਦੋਸ਼ੀ ਸੱਜਣ ਕੁਮਾਰ ਨੂੰ ਸਜ਼ਾ ਮਿਲੀ ਸੀ ਤਾਂ ਸਿਆਸੀ ਪਾਰਟੀਆਂ ਨੇ ਇਸ ਦੇ ਬਦਲੇ ਉਨ੍ਹਾਂ ਨੂੰ ਪਾਰਲੀਮੈਂਟ ਭੇਜਣ ਦੀਆਂ ਪੇਸ਼ਕਸ਼ ਕੀਤੀਆਂ ਸਨ। ਇਨ੍ਹਾਂ ਪੇਸ਼ਕਸ਼ਾਂ ਬਾਬਤ ਉਨ੍ਹਾਂ ਨੇ ਆਪਣੀ ਪਤਨੀ ਨਾਲ ਗੰਭੀਰ ਮੰਥਨ ਕੀਤਾ ਸੀ। ਇਸ ਦੌਰਾਨ ਫੈਸਲਾ ਕੀਤਾ ਸੀ ਕਿ ਉਹ ਸੱਜਣ ਕੁਮਾਰ ਨੂੰ ਸਜ਼ਾ ਦਿਵਾਉਣ ਦਾ ਕੋਈ ਮੁੱਲ ਨਹੀਂ ਪਵਾਉਣਗੇ।

## ਬਸਪਾ ਤੇ ਟਕਸਾਲੀ ਦਲ ਦਰਮਿਆਨ ਨਰਾਜ਼ਗੀ ਵਧੀ

### ਟਕਸਾਲੀ ਅਕਾਲੀ ਲੋਕ ਸਭਾ ਚੋਣਾਂ ਲੜਨ ਦੇ ਫੈਸਲੇ ਬਾਰੇ ਦੁਚਿੱਤੀ 'ਚ

**ਜਲੰਧਰ /ਵਿਸ਼ੇਸ਼ ਪ੍ਰਤੀਨਿਧੀ :**

ਟਕਸਾਲੀ ਅਕਾਲੀ ਦਲ 2019 ਦੀਆਂ ਲੋਕ ਸਭਾ ਚੋਣਾਂ ਲੜਨ ਦੇ ਆਪਣੇ ਫ਼ੈਸਲੇ ਬਾਰੇ ਦੋਚਿੱਤੀ ਵਿਚ ਹੈ, ਕਿਉਂਕਿ ਮਾਝੇ ਵਿਚ ਉਨ੍ਹਾਂ ਨੂੰ ਲੋਕਾਂ ਦਾ ਬਹੁਤਾ ਹੁੰਗਾਰਾ ਨਹੀਂ ਮਿਲਦਾ ਜਾਪ ਰਿਹਾ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਉਹ ਚਾਹੁੰਦੇ ਸਨ ਕਿ ਉਹ ਬਾਦਲ ਦਲ ਦਾ ਬਦਲ ਬਣ ਕੇ ਭਾਜਪਾ ਦੀ ਸਹਾਇਤਾ ਦੇ ਨਾਲ ਸ਼੍ਰੋਮਣੀ ਕਮੇਟੀ ਤੇ ਅਗਲੀਆਂ ਵਿਧਾਨ ਸਭਾ ਚੋਣਾਂ 'ਤੇ ਕਬਜ਼ਾ ਕੀਤਾ ਜਾ ਸਕੇ। ਇਸ ਲਈ ਇਹ ਵੀ ਕਨਸੋਆਂ ਮਿਲੀਆਂ ਹਨ ਕਿ ਉਨ੍ਹਾਂ ਨੇ ਕੁਝ ਚਿਰ ਪਹਿਲਾਂ ਆਰ ਐਸ ਐਸ ਦੇ ਵੱਡੇ ਆਗੂਆਂ ਨਾਲ ਗੱਲਬਾਤ ਵੀ ਕੀਤੀ ਸੀ ਤਾਂ ਜੋ ਭਾਜਪਾ ਦੀ ਸਿਆਸੀ ਸਹਾਇਤਾ ਮਿਲ ਸਕੇ ਤੇ ਕੇਂਦਰ ਸਰਕਾਰ ਵੀ ਉਨ੍ਹਾਂ ਦੀ ਪਿੱਠ 'ਤੇ ਖੜ੍ਹ ਸਕੇ। ਪਤਾ ਲੱਗਾ ਹੈ ਕਿ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਬਣਨ ਤੋਂ ਪਹਿਲਾਂ ਹੀ ਇਸ ਵਿਚ ਅਵਿਸ਼ਵਾਸ ਦੀਆਂ ਤਰੇੜਾਂ ਪੈਣੀਆਂ ਸ਼ੁਰੂ



ਹੋ ਗਈਆਂ ਹਨ। ਸੁਖਪਾਲ ਸਿੰਘ ਖਹਿਰਾ ਦੀ ਪੰਜਾਬੀ ਏਕਤਾ ਪਾਰਟੀ ਤੇ ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਇਕ ਪਾਸੇ ਹਨ ਤੇ ਟਕਸਾਲੀ ਅਕਾਲੀ ਦਲ ਦੂਜੇ ਪਾਸੇ, ਜਦੋਂ ਕਿ ਬਸਪਾ ਟਕਸਾਲੀ ਅਕਾਲੀਆਂ ਨਾਲ ਨਰਾਜ਼ ਦਿਖਾਈ ਦੇ ਰਹੀ ਹੈ, ਕਿਉਂਕਿ ਬਸਪਾ ਅਨੰਦਪੁਰ ਸਾਹਿਬ ਤੋਂ ਆਪਣਾ ਉਮੀਦਵਾਰ ਖੜ੍ਹਾ ਕਰਨਾ ਚਾਹੁੰਦੀ ਹੈ, ਕਿਉਂਕਿ ਉਸ ਦਾ ਇੱਥੇ ਆਧਾਰ ਚੰਗਾ ਹੈ। ਜਦ ਕਿ ਟਕਸਾਲੀ ਅਕਾਲੀ ਬੀਰਦਵਿੰਦਰ ਸਿੰਘ ਨੂੰ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਗੱਠਜੋੜ ਦਾ ਉਮੀਦਵਾਰ ਐਲਾਨਿਆ ਹੈ। ਟਕਸਾਲੀ ਅਕਾਲੀ ਦਲ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਪੰਜਾਬ ਡੈਮੋਕ੍ਰੈਟਿਕ ਅਲਾਇੰਸ ਦੀਆਂ ਭਾਈਵਾਲ ਪਾਰਟੀਆਂ ਵਿਚਾਲੇ ਲੋਕ ਸਭਾ ਚੋਣਾਂ ਲਈ ਗੱਠਜੋੜ ਦੀ ਗੱਲਬਾਤ ਜਾਰੀ ਹੈ ਜੋ ਕਿ ਅਗਲੇ ਕੁੱਝ ਦਿਨਾਂ ਦੌਰਾਨ ਮੁਕੰਮਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਬੇਸ਼ੱਕ ਗੱਠਜੋੜ ਵਿਚਲੀਆਂ ਪਾਰਟੀਆਂ ਵਿਚਾਲੇ ਹਾਲੇ ਤੱਕ ਕੋਈ ਸਹਿਮਤੀ ਨਹੀਂ ਹੋਈ ਪਰ ਟਕਸਾਲੀ ਦਲ ਨੇ ਆਪਣੇ ਹਿੱਸੇ ਦੀ ਸ੍ਰੀ ਆਨੰਦਪੁਰ ਸਾਹਿਬ ਦੀ ਸੀਟ ਤੋਂ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦਾ ਇੱਕੋ ਇੱਕ ਨਿਸ਼ਾਨਾ ਪੰਥ ਅਤੇ ਪੰਜਾਬ ਨੂੰ ਬਾਦਲਾਂ ਦੇ ਪਰਿਵਾਰਕ ਚੁੰਗਲ ਤੋਂ ਆਜ਼ਾਦ ਕਰਾਉਣਾ ਹੈ। ਇਸ ਮੌਕੇ ਬੀਰ ਦਵਿੰਦਰ ਸਿੰਘ ਨੇ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਹ ਸੀਟ ਬਾਦਲਾਂ ਅਤੇ ਕਾਂਗਰਸ ਨੂੰ ਹਰਾ ਕੇ ਗੱਠਜੋੜ ਦੀ ਝੋਲੀ ਪਾਉਣਗੇ।

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SERVICE TRUST
SKYWAY TRAVEL
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



www.indiventy.com
indiventy
Indiventy Technologies
CERTIFIED ISO 9001:2015 COMPANY
Full Website for $300 Only
UX · SEO · CMS · HTML 5
No Hidden Charges

Our Services
Website Designing · Website Development
Desktop Application Development · Mobile Application Development
Graphic Designing · SEO (search Engine Optimiztation)

Plans

Basic website
- Website + Domain + Hosting
- Full Website with uptown 8 Pages
- 5 Social Media Handles of Choice up to 4 Branded Emails accounts with 250mb storage each
- Full Responsive Design
- SEO friendly Structure
- 200 Backlinks

$300

Custom websites
- Custom Web Solutions with Framework
- Full Responsive Design
- SEO friendly Structure
- Online Branding including logo and Graphic Support
- Virus Protection and Malware Scanning
- SSL Certificate
- 500 backlinks

Starting $500
*Request Custom Quotation

Softwares/Applications
- Android and IOS applications
- Desktop Applications
- Online Offline Softwares

Starting $500
*Request Custom Quotation

More Information: 775-293-4666





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਸਾਲਾਨਾ ਬੇਅ ਏਰੀਆ ਅਖੰਡ ਕੀਰਤਨ ਸਮਾਗਮ

## 16 ਫਰਵਰੀ ਤੋਂ 24 ਫਰਵਰੀ, 2019 ਤੱਕ




ਵਾਹਿਗੁਰੂ ਦੀ ਅਪਾਰ ਕਿਰਪਾ ਸਦਕਾ ਬੇਅ ਏਰੀਆ, ਕੈਲੀਫੋਰਨੀਆ ਦੀ ਸੰਗਤ ਵਲੋਂ ਸਮੂਹ ਸ਼ਹੀਦ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਸਾਲਾਨਾ ਅਖੰਡ ਕੀਰਤਨ ਸਮਾਗਮ 16 ਫਰਵਰੀ ਤੋਂ 24 ਫਰਵਰੀ, 2019 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਗੁਰਦੁਆਰਾ ਸੈਨ ਹੋਜੇ ਵਿਖੇ ਕਰਵਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਗੁਰਬਾਣੀ ਕੀਰਤਨ ਦਾ ਲਾਹਾ ਲੈਣ ਦੀ ਬੇਨਤੀ ਹੈ ਜੀ।

## ਪ੍ਰੋਗਰਾਮ ਦਾ ਵੇਰਵਾ

### 16 ਫਰਵਰੀ, 2019 (ਸਨਿਚਰਵਾਰ)

ਕੀਰਤਨ ਆਸਾ ਦੀ ਵਾਰ: ਸਵੇਰੇ 4 ਤੋਂ 6 ਵਜੇ ਤੱਕ
ਅਰੰਭ ਸ੍ਰੀ ਅਖੰਡ ਪਾਠ: ਸਵੇਰੇ 6 ਵਜੇ

### 18 ਫਰਵਰੀ, 2019 (ਸੋਮਵਾਰ)

ਭੋਗ ਸ੍ਰੀ ਅਖੰਡ ਪਾਠ: ਸਵੇਰੇ 6 ਵਜੇ
ਕੀਰਤਨ ਆਸਾ ਦੀ ਵਾਰ: ਸਵੇਰੇ 6 ਤੋਂ 11 ਵਜੇ ਤੱਕ
ਭਾਈ ਸੋਹਨ ਸਿੰਘ ਦੇ ਗ੍ਰਹਿ ਵਿਖੇ
ਪਤਾ: 1259 S. Wilshire Avenue,
Mountain House, CA 95931

### 20 ਫਰਵਰੀ, 2019 (ਬੁੱਧਵਾਰ)

ਅਖੰਡ ਕੀਰਤਨ: ਸ਼ਾਮ 5:30 ਤੋਂ ਰਾਤ 8:30 ਵਜੇ ਤੱਕ
ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ
2356 Walsh Avenue, Santa Clara, CA 95051

**ਕਿਰਤ ਕਰੋ, ਨਾਮ ਜਪੋ, ਵੰਡ ਛਕੋ**

### 21 ਫਰਵਰੀ, 2019 (ਵੀਰਵਾਰ)

ਅੰਮ੍ਰਿਤ ਵੇਲਾ (ਲਾਇਬਰੇਰੀ): ਤੜਕੇ 3 ਵਜੇ ਤੋਂ 6 ਵਜੇ ਤੱਕ
ਕੀਰਤਨ ਆਸਾ ਦੀ ਵਾਰ (ਨਾਰਥ ਹਾਲ): ਸਵੇਰੇ 6 ਵਜੇ ਤੋਂ 11 ਵਜੇ ਤੱਕ
ਅਖੰਡ ਕੀਰਤਨ (ਨਾਰਥ ਹਾਲ): ਸ਼ਾਮ 5:30 ਤੋਂ ਰਾਤ 9:30 ਵਜੇ ਤੱਕ

### 22 ਫਰਵਰੀ, 2019 (ਸ਼ੁੱਕਰਵਾਰ)

ਅੰਮ੍ਰਿਤ ਵੇਲਾ (ਲਾਇਬਰੇਰੀ): ਤੜਕੇ 3 ਵਜੇ ਤੋਂ 6 ਵਜੇ ਤੱਕ
ਕੀਰਤਨ ਆਸਾ ਦੀ ਵਾਰ (ਨਾਰਥ ਹਾਲ): ਸਵੇਰੇ 6 ਤੋਂ ਦੁਪਹਿਰ 12 ਵਜੇ ਤੱਕ
ਵਰਕਸ਼ਾਪ-ਪਿਆਰ ਦਾ ਤੋਹਫਾ (ਲਾਇਬਰੇਰੀ): ਦੁਪਹਿਰ ਇਕ ਵਜੇ
ਅਖੰਡ ਕੀਰਤਨ (ਨਾਰਥ ਹਾਲ): ਸ਼ਾਮ 5:30 ਵਜੇ ਤੋਂ ਰਾਤ 9:30 ਵਜੇ ਤੱਕ

### 23 ਫਰਵਰੀ, 2019 (ਸਨਿਚਰਵਾਰ)

ਅੰਮ੍ਰਿਤ ਵੇਲਾ (ਲਾਇਬਰੇਰੀ): ਤੜਕੇ 3 ਵਜੇ ਤੋਂ 6 ਵਜੇ ਤੱਕ
ਅੰਮ੍ਰਿਤ ਸੰਚਾਰ: ਸਵੇਰੇ 8 ਵਜੇ ਤੋਂ
ਕੀਰਤਨ ਆਸਾ ਦੀ ਵਾਰ (ਨਾਰਥ ਹਾਲ): ਸਵੇਰੇ 6 ਤੋਂ ਦੁਪਹਿਰ 12 ਵਜੇ ਤੱਕ
ਰੈਨ ਸਬਾਈ ਕੀਰਤਨ (ਨਾਰਥ ਹਾਲ): ਸ਼ਾਮ 6 ਵਜੇ ਤੋਂ ਸਵੇਰੇ 5 ਵਜੇ ਤੱਕ

**Sikh Gurdwara San Jose**
ਪਤਾ: 3636 Gurdwara Avenue, San Jose, CA 95148

ਫੋਨ: 657-464-4534, 408-540-6680, 503-929-4252, 408-418-8053 ਜਾਂ Email: sevaa@isangat.org

Khalsa School Sikh Gurdwara San Jose | SJC, SFO, OAK | Live Broadcast: AKJ.Org | YouTube.com/AKJdotOrg | Akhand Keertanee Jathaa




# ਸਤਨਾਮ ਸਿੰਘ 8ਵੇਂ ਮਿਸਟਰ ਇੰਡੀਆ ਫੈਸ਼ਨ ਮੁਕਾਬਲੇ 'ਚੋਂ ਅੱਵਲ

**ਚੰਡੀਗੜ੍ਹ/ਮਨਜੀਤ ਸਿੰਘ ਚਾਨਾ)** : ਸਿਆਣੇ ਕਹਿੰਦੇ ਨੇ ਕਿ ਹੁਨਰ ਕਿਸੇ ਪਛਾਣ ਦਾ ਮੁਹਤਾਜ਼ ਨਹੀਂ ਹੁੰਦਾ ਅਤੇ ਹੁਨਰ ਹੀ ਕਲਾਕਾਰ ਨੂੰ ਸਿਖਰਾਂ 'ਤੇ ਲਿਜਾਂਦਾ ਹੈ। ਇਹ ਵੀ ਸੱਚਾਈ ਹੈ ਕਿ ਆਮ ਲੋਕਾਂ ਦੇ ਮੁਕਾਬਲੇ ਸਰੀਰਕ ਪੱਖੋਂ ਕਿਸੇ ਵੀ ਅਪਾਹਜ ਵਿਅਕਤੀ ਨੂੰ ਜ਼ਿੰਦਗੀ ਵਿਚ ਅੱਗੇ ਵਧਣ ਲਈ ਉਮਰ ਦੇ ਹਰ ਪੜਾਅ 'ਤੇ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਹੀ ਨਹੀਂ ਕਰਨਾ ਪੈਂਦਾ ਸਗੋਂ ਪਰਿਵਾਰਕ ਮੈਂਬਰਾਂ 'ਤੇ ਨਿਰਭਰ ਰਹਿਣਾ ਪੈਂਦਾ ਹੈ। ਕਈ ਵਾਰ ਵਿੱਤੀ ਮਜ਼ਬੂਰੀਆਂ ਵੀ ਕਲਾਕਾਰ ਦੇ ਰਾਹ 'ਚ ਅੜਿੱਕਾ ਬਣਦੀਆਂ ਹਨ, ਜਿਸ ਲਈ ਸਰਕਾਰਾਂ ਨੂੰ ਅਗੇ ਆ ਕੇ ਦੇਸ਼ ਅੰਦਰਲੇ ਹੁਨਰ ਨੂੰ ਬਾਹਰ ਲਿਆਉਣ ਦੇ ਯਤਨ ਕਰਨੇ ਚਾਹੀਦੇ ਹਨ।



ਇਸੇ ਤਰ੍ਹਾਂ ਦੀ ਕਹਾਣੀ ਚੰਡੀਗੜ੍ਹ ਦੇ ਪਿੰਡ ਪਲਸੌਰਾ ਦੇ ਇਕ ਸਾਧਾਰਨ ਪਰਿਵਾਰ ਵਿਚ ਜਨਮੇ ਨੌਜਵਾਨ ਸਤਨਾਮ ਸਿੰਘ ਦੀ ਹੈ, ਜਿਸ ਨੇ ਜਨਮ ਤੋਂ ਹੀ ਅਪਾਹਜ (100 ਫੀਸਦੀ ਗੂੰਗਾ ਤੇ ਬੋਲਾ) ਹੋਣ ਦੇ ਬਾਵਜੂਦ ਇਸ ਸੱਚਾਈ ਨੂੰ ਪਿੱਛੇ ਛੱਡਦਿਆਂ ਇਕ ਵੱਖਰਾ ਮੁਕਾਮ ਹਾਸਲ ਕੀਤਾ ਹੈ, ਜੋ ਕਿ ਸਭ ਲਈ ਪ੍ਰੇਰਨਾ ਸਰੋਤ ਬਣ ਚੁੱਕਾ ਹੈ। ਸਤਨਾਮ ਹਾਲੇ 13 ਸਾਲਾਂ ਦਾ ਸੀ ਕਿ ਉਸਦੇ ਪਿਤਾ ਦੀ ਮੌਤ ਹੋ ਗਈ ਅਤੇ ਪਰਿਵਾਰ ਨੂੰ ਤੰਗੀਆਂ-ਤਰੁਸ਼ੀਆਂ ਵੀ ਝੱਲਣੀਆਂ ਪਈਆਂ। ਸਾਰੀਆਂ ਤੰਗੀਆਂ ਦੇ ਬਾਵਜੂਦ ਸਤਨਾਮ ਸਿੰਘ ਨੇ ਬੀਤੇ ਦਿਨੀਂ ਇੰਡੀਆ ਫੈਸ਼ਨ ਮੁਕਾਬਲੇ ਵਿੱਚ ਭਾਗ ਲੈ ਕੇ ਪਹਿਲਾ ਸਥਾਨ ਹਾਸਲ ਕਰਕੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ।

ਦੱਸਣਯੋਗ ਹੈ ਕਿ ਦੇਸ਼ ਦੇ ਵੱਖ ਵੱਖ ਸੂਬਿਆਂ ਤੋਂ ਆਏ ਅਨੇਕਾਂ ਪ੍ਰਤੀਯੋਗੀਆਂ ਨੇ ਅਸਾਮ ਵਿੱਚ ਹੋਏ 8ਵੇਂ ਮਿਸ ਐਂਡ ਮਿਸਟਰ ਇੰਡੀਆ (ਡੈਫ ਐਂਡ ਡੰਬ) ਫੈਸ਼ਨ ਮੁਕਾਬਲੇ ਵਿੱਚ ਭਾਗ ਲਿਆ ਸੀ, ਇਸ ਮੁਕਾਬਲੇ ਵਿੱਚ ਸਤਨਾਮ ਸਿੰਘ ਨੇ ਪੰਜਾਬ ਦੀ ਪ੍ਰਤੀਨਿਧਤਾ ਕਰਦਿਆਂ (ਡੈਫ ਐਂਡ ਡੰਬ) ਫੈਸ਼ਨ ਮੁਕਾਬਲੇ ਵਿਚੋਂ ਮਿਸਟਰ ਇੰਡੀਆ (ਡੈਫ) ਦਾ ਪਹਿਲਾ ਸਥਾਨ ਹਾਸਲ ਕਰਕੇ ਆਪਣਾ, ਆਪਣੇ ਪਰਿਵਾਰ ਅਤੇ ਸੂਬੇ ਦਾ ਨਾਮ ਰੌਸ਼ਨ ਕਰਕੇ ਇਕ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਦੇਸ਼ ਭਰ ਦੇ ਮੀਡੀਆ ਨੂੰ ਇਸ ਪ੍ਰਤੀਯੋਗਤਾ ਦੀ ਕੋਈ ਖ਼ਬਰ ਨਹੀਂ। ਕਰੀਬ ਇਕ ਹਫ਼ਤੇ ਬਾਅਦ ਸਤਨਾਮ ਸਿੰਘ ਇਕ ਨੈਸ਼ਨਲ ਪੱਧਰ ਦੀ ਪ੍ਰਤੀਯੋਗਤਾ ਜਿੱਤ ਕੇ ਚੁੱਪ ਚੁਪੀਤੇ ਚੰਡੀਗੜ੍ਹ ਏਅਰਪੋਰਟ ਤੋਂ ਆਪਣੇ ਘਰ ਪਹੁੰਚ ਗਿਆ, ਜਿਸਦੀ ਨਾ ਹੀ ਮੀਡੀਆ ਅਤੇ ਨਾ ਹੀ ਪ੍ਰਸ਼ਾਸਨ ਨੇ ਕੋਈ ਸਾਰ ਲਈ।

ਜ਼ਿਕਰਯੋਗ ਹੈ ਕਿ ਸਤਨਾਮ ਸਿੰਘ ਨੇ ਇਕ ਮੱਧ ਵਰਗੀ ਪਰਿਵਾਰ ਵਿਚ ਮਾਤਾ ਜਸਵਿੰਦਰ ਕੌਰ ਦੀ ਕੁੱਖੋਂ ਜਨਮ ਲਿਆ। ਪਰਿਵਾਰ ਨੂੰ ਸਤਨਾਮ ਦੇ ਬਚਪਨ ਤੋਂ ਹੀ ਸਿਹਤ ਪੱਖੋਂ 'ਗੂੰਗਾ ਤੇ ਬੋਲਾ' ਹੋਣ ਦਾ ਦੁੱਖ ਅਸਹਿਣਯੋਗ ਸੀ ਕਿ 13 ਸਾਲ ਦੀ ਉਮਰ ਵਿਚ ਹੀ ਉਸਦੇ ਪਿਤਾ ਦੀ ਮੌਤ ਹੋ ਗਈ। ਪਰਿਵਾਰ 'ਤੇ ਜਿਵੇਂ ਦੁੱਖਾਂ ਦਾ ਪਹਾੜ ਟੁੱਟ ਗਿਆ ਪਰ ਸਤਨਾਮ ਨੇ ਆਪਣੀ ਹਿੰਮਤ ਨਾ ਛੱਡੀ ਅਤੇ ਮਿਹਨਤ ਨਾਲ ਪੰਜਾਬ ਸਕੂਲ ਸਿਖਿਆ ਬੋਰਡ ਤੋਂ 10ਵੀਂ ਤੇ 12ਵੀਂ ਜਮਾਤਾਂ ਪਾਸ ਕਰਦਿਆਂ 80 ਫੀਸਦੀ ਤੋਂ ਵੱਧ ਨੰਬਰ ਹਾਸਲ ਕੀਤੇ। ਇਸ ਸਮੇਂ ਸਤਨਾਮ ਚੰਡੀਗੜ੍ਹ ਸਥਿਤ ਵਾਟਿਕਾ ਹਾਈ ਸਕੂਲ ਵਿਖੇ ਗਰੈਜੂਏਸ਼ਨ ਭਾਗ-3 ਦੀ ਤਿਆਰੀ ਕਰ ਰਿਹਾ ਹੈ। ਇਸ ਤੋਂ ਇਲਾਵਾ ਸਤਨਾਮ ਨੇ ਕਈ ਕੰਪਿਊਟਰ ਕੋਰਸ ਸਫ਼ਲਤਾਪੂਰਵਕ ਪਾਸ ਕੀਤੇ ਹਨ ਅਤੇ ਉਸਦੀ ਇਕ ਖਾਸੀਅਤ ਇਹ ਵੀ ਹੈ ਕਿ ਉਹ ਆਪਣੇ ਆਪ ਨੂੰ ਕਦੇ ਵੀ ਵਿਹਲਾ ਨਹੀਂ ਰਹਿਣ ਦਿੰਦਾ ਅਤੇ ਜ਼ਿੰਦਗੀ ਵਿਚ ਕੁਝ ਵੱਖਰਾ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਹੁਣ ਵੀ ਉਹ ਇਕ ਵਕੀਲ ਨਾਲ ਬਿਨਾ ਕੋਈ ਪੈਸਾ ਲਏ ਅੰਗਰੇਜ਼ੀ ਵਿਚ ਟਾਈਪਿੰਗ ਦਾ ਕੰਮ ਕਰ ਰਿਹਾ ਹੈ। ਸਤਨਾਮ ਸਿੰਘ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸਿਹਤ ਪੱਖੋਂ ਅਪਾਹਜ ਵਿਅਕਤੀ ਵੀ ਇਕ ਸਿਹਤਮੰਦ ਵਿਅਕਤੀ ਵਾਂਗ ਜ਼ਿੰਦਗੀ ਵਿਚ ਅੱਗੇ ਨਿਕਲ ਸਕਦਾ ਹੈ। ਉਸਦਾ ਕਹਿਣਾ ਹੈ ਕਿ ਉਹ ਇਸ ਮੁਕਾਮ 'ਤੇ ਆਪਣੇ ਦੋਸਤਾਂ-ਮਿੱਤਰਾਂ ਦੇ ਸਹਿਯੋਗ ਨਾਲ ਪੁੱਜ ਸਕਿਆ ਹੈ। ਇਸ ਸਮੇਂ ਉਹ ਏਸ਼ੀਆ ਪੱਧਰ 'ਤੇ 'ਸਾਊਥ ਅਫ਼ਰੀਕਾ' ਵਿਖੇ ਕਰਵਾਈ ਜਾਣ ਵਾਲੀ ਪ੍ਰਤੀਯੋਗਤਾ ਲਈ ਤਿਆਰੀ ਕਰ ਰਿਹਾ ਹੈ ਪਰ ਘਰ ਦੀ ਆਰਥਿਕ ਸਥਿਤੀ ਵੀ ਬਹੁਤੀ ਚੰਗੀ ਨਹੀਂ ਹੈ। ਉਸਦੇ ਪਰਿਵਾਰ ਵਿਚ ਇਕ ਛੋਟਾ ਭਰਾ ਅਤੇ ਇਕ ਅਣਵਿਆਹੀ ਵੱਡੀ ਭੈਣ ਹੈ। ਇਸ ਸਬੰਧੀ ਜਦੋਂ ਸਤਨਾਮ ਦੀ ਮਾਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਮੈਨੂੰ ਆਪਣੇ ਪੁੱਤਰ ਦੇ ਮਾਣ ਹੈ ਅਤੇ ਉਹ ਜ਼ਿੰਦਗੀ ਵਿਚ ਹੋਰ ਅੱਗੇ ਵਧੇ।

ਉਹਨਾਂ ਇਹ ਵੀ ਕਿਹਾ ਕਿ ਜੇਕਰ ਪ੍ਰਸ਼ਾਸਨ ਜਾਂ ਸਰਕਾਰ ਜਾਂ ਸੰਸਥਾ ਮੇਰੇ ਹੋਣਹਾਰ ਨੌਜਵਾਨ ਨੂੰ ਘਰ ਦੀ ਮਾਲੀ ਹਾਲਤ ਨੂੰ ਧਿਆਨ ਵਿਚ ਰੱਖਦਿਆਂ ਕੋਈ ਰੁਜ਼ਗਾਰ ਜਾਂ ਵਿੱਤੀ ਸਹਾਇਤਾ ਦੇ ਦੇਵੇ ਤਾਂ ਇਹ ਨੌਜਵਾਨ ਆਪਣੇ ਘਰ ਦੀ ਹਾਲਤ ਸੁਧਾਰਨ ਦੇ ਨਾਲ ਨਾਲ ਸੂਬੇ ਦਾ ਨਾਮ ਵਿਸ਼ਵ ਪੱਧਰ 'ਤੇ ਰੌਸ਼ਨ ਕਰ ਸਕਦਾ ਹੈ।






# 6TH ANNUAL FUNCTION SANJHI SOCH NEWSPAPER






RABINA UPPAL (BABY STAGE HOST) | APNA PUNJAB BHANGRA TEAM | ASHA SHARMA (STAGE HOST) | APNA PUNJAB BHANGRA TEAM | ARVEEN (MISS MANTECA)

## 23RD, FEB. 2019, SATURDAY AT 5PM TO 9PM
## PLACE: NIRVAANA BANQUET HALL
## 1005-E, PESCADERO AVE. TRACY, CA- 95304

**CHIEF GUEST**
**MANVIR PAWAR & MIKE SANDHU**

## OUR SPONSOR

MANVIR PAWAR, PAUL SAHOTA, SARABJIT (SHABBA) THIARA, PARDEEP SHARMA (FALMINGO PALACE), GURMIT SINGH DHALIWAL (GAZIANA), HARRY SIDHU, SATNAM SINGH KHAIRA (SINGH TRANSPORT), HARVINDER SINGH KULAR, SARBJIT SINGH SABI (YUBA CITY), RANJIT BARIYAR (WHITE HAWK), GURJEET CHAHAL (GORA TRUCKING), BHAGDEEP SINGH (SEA TRANSPORTATION), TIRE & WHEEL OUTLET (STOCKTON), SAKINDER GREWAL (PUBNJABI DHABA DIXON), GURDEEP CHAUHAN (BULDOG TRANSPORT), HARPREET SINGH SIDHU, MANMEET GREWAL, RAJA CHANDI, ASHWANI BHAKHRI (ATTORNEY AT LAW), MANJIT UPPAL, AVTAR GILL (GILL INSURANCE), SARDOOL BAJWA, PAUL CHADDA (CHADDA CONSTRUCTION), GURI KANG, JASJEET SINGH (AMRITSAR TIMES), TONY DHALIWAL (MANTECA), SUMAN TRANSPORT, JASBIR TAKHAR (AAA AUTO BODY SHOP HAYWARD), SURJIT MALHI, JAGROOP SIDHU, SIMRAN HUNDAL, GOLDEN STATE TRUCK, MANJIT RAI, DHARMVIR GARCHA, TONY GILL, G.S.PANNU, AKB TRASPORTATION, AMBIENCE FURNITURE, AI TRUCKING, JOGA SINGH MINHAS (FILL SMART ARCO), HARINDER SINGH TOOR (TOOR CONSTRUCTION), BHAJAN BHINDER, GURCHARAN MANN, JAGJIT SINGH, AMARJIT SINGH, ROSY KAUR (CALIFORNIA IMMIGRATION SERVICES), MAGAR SINGH (MOON LIGHT ICE CREAM), NIRVAIL SINGH, RANA SANDHU, DALWINDER DHOOT, JAGTAR SIDHU, KULWINDER DHALIWAL (PUNJAB EXPRESS), DARSHAN AUJHLA, RAMA KANT DAWAR, PARDEEP SINGH (A-ONE AUTO SHOP), BHAI MANJIT SINGH (HEAD GRANTHI MODESTO CERES GURU GHAR) AVON DISHNETWORK (HAYWARD), SUDESH ATWAL, HARKRISHAN KHATTKAR, DAVINDER BAINS, PUNJAB INSURANCE, THIANINDER SINGH CHAUHAN, MALUK DHAMI, CHAAT BHAVAN FREMONT, CHAAT BHAVAN SUNNYVALE, CHAAT BHAVAN DUBLIN, MANTRA INDIA MOUNTAIN VIEW

**CHICAGO'S PIZZA WITH-A-TWIST**
ਵਲੋਂ ਪੀਜ਼ੇ ਵੀ ਖਵਾਏ ਜਾਣਗੇ

ਪ੍ਰੋਗਰਾਮ ਦੀ ਸ਼ੁਰੂਆਤ ਭਾਈ ਮਨਜੀਤ ਸਿੰਘ ਹੈੱਡ ਗ੍ਰੰਥੀ ਮੋਡੈਸਟੋ ਸੇਰੀਸ ਗੁਰੂ ਘਰ ਅਤੇ ਭਾਈ ਅਮਰਜੀਤ ਸਿੰਘ ਵਲੋਂ ਸ਼ਬਦ ਪੜ੍ਹ ਕੇ ਕੀਤੀ ਜਾਵੇਗੀ।

## RSVP

PAUL SAHOTA, RANA GILL, AVTAR GILL, JASWANT SINGH PANNU, SARDOOL SINGH BAJWA, HARPINDER CHAUHAN, PARAMJIT SINGH DAKHA, GURMIT SINGH GAZIANA, GURI KANG, INDERJIT, SINGH KALLIRAI, BOOTA SINGH BASI CHIEF EDITOR "SANJHI SOCH"

Beyond Bancard
FREE
No Contract
1-844-365-3050

## OUR SPONSOR

CHICAGO'S PIZZA With-A-Twist | Raja Chandi Group | MGN EXPRESS INC | JRP GROUP | TRANS-ALLIANCE | MISSIONPEAK | Denny's | ARCO FILL SMART

## RAFFEL SPONSORS

AMBIENCE FURNITURE | Film Productions | PJ PRINCE JEWELERS | BAGGA PALACE (SACRAMENTO) | PAUL FASHION TURLOCK | PUNJAB PLAZA MODESTO SURJIT SINGH

SUNRISE TRUCK DRIVING SCHOOL (559) 417-0877

## MEDIA PARTNER

ਅੰਮ੍ਰਿਤਸਰ ਟਾਈਮਜ਼ | ਸਾਂਝੀ ਸੋਚ | ਪੰਜਾਬ ਮੇਲ | CHARDIKLA TIME TV | GARV PUNJAB | ਚੜ੍ਹਦੀ ਕਲਾ

## SPECIAL THANKS

Jagdev Singh Bhandal
TV Media Coverage
Barjesh Malhotra
Facebook Live

LIVE ON facebook

CATERING PUNJAB GRILL AT NIRVAANA

PHOTOGRAPHY & VIDEO BY KB BRARA

DECORATION SAI DECOR

Contact & information: PHONE **(209)-303-1260**, Email : **Info@sanjhisoch.com**


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves Travel Stops & Country Stores

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700
gbsingh84@gmail.com

# ਪੁਲਵਾਮਾ ਹਮਲੇ ਨੇ ਭਾਰਤੀ ਖ਼ੂਫੀਆ ਤੰਤਰ ਦੀ ਖੋਲ੍ਹੀ ਪੋਲ

- **21 ਵਰ੍ਹਿਆਂ ਦਾ ਬੰਬਾਰ ਪਿਛਲੇ ਸਾਲ ਹੀ ਜੈਸ਼ ਵਿਚ ਹੋਇਆ ਸੀ ਸ਼ਾਮਲ**
- **ਮੋਦੀ ਨੇ ਦਿੱਤੀ ਫੌਜੀ ਕਾਰਵਾਈ ਲਈ ਖੁੱਲ੍ਹੀ ਛੂਟ**
- **ਪਾਕਿ ਵੱਲੋਂ ਜੈਸ਼ ਖ਼ਿਲਾਫ਼ ਪਾਬੰਦੀਆਂ ਦੀ ਜ਼ਿੰਮੇਵਾਰੀ ਨਿਭਾਉਣ ਦਾ ਦਾਅਵਾ**







**ਸ੍ਰੀਨਗਰ/ਏਟੀ ਨਿਊਜ਼ :**
ਜੰਮੂ ਕਸ਼ਮੀਰ ਦੇ ਪੁਲਵਾਮਾ ਜ਼ਿਲੇ ਵਿਚ ਜਿਸ ਆਤਮਘਾਤੀ ਹਮਲੇ ਵਿਚ ਸੀਆਰਪੀਐਫ ਦੇ ਘੱਟੋ-ਘੱਟ 42 ਜਵਾਨ ਹਲਾਕ ਹੋ ਗਏ, ਨੇ ਭਾਰਤੀ ਖ਼ੂਫੀਆ ਤੰਤਰ ਉਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ। ਕਿਹਾ ਜਾਂਦਾ ਹੈ ਕਿ ਜੈਸ਼-ਏ-ਮੁਹੰਮਦ ਦੇ ਖਾੜਕੂ ਨੇ ਵਿਸਫੋਟ ਨਾਲ ਭਰੇ ਵਾਹਨ ਦੀ ਸੁਰੱਖਿਆ ਜਵਾਨਾਂ ਵਾਲੀ ਬੱਸ ਨਾਲ ਟੱਕਰ ਮਾਰ ਦਿੱਤੀ। ਕੇਂਦਰੀ ਸੁਰੱਖਿਆ ਬਲਾਂ ਦੇ 2500 ਤੋਂ ਵੱਧ ਜਵਾਨਾਂ ਦੀਆਂ 78 ਗੱਡੀਆਂ ਦਾ ਕਾਫ਼ਲਾ ਸ੍ਰੀਨਗਰ-ਜੰਮੂ ਕੌਮੀ ਮਾਰਗ 'ਤੇ ਆ ਰਿਹਾ ਸੀ ਜਦੋਂ ਅਵੰਤੀਪੁਰਾ ਦੇ ਲਾਟੂਮੋੜ 'ਤੇ ਅਤਿਵਾਦੀ ਨੇ ਘਾਤ ਲਗਾ ਕੇ ਇਸ 'ਤੇ ਹਮਲਾ ਕੀਤਾ। ਫਿਦਾਇਨ ਦੀ ਪਛਾਣ ਆਦਿਲ ਅਹਿਮਦ ਵਾਸੀ ਕਾਕਾਪੁਰਾ ਵਜੋਂ ਹੋਈ ਹੈ।

**ਕੌਣ ਸੀ ਹਮਲਾਵਰ :** ਸੀਆਰਪੀਐਫ ਦੇ ਕਾਫ਼ਲੇ ਵਿਚ ਕਾਰ ਨਾਲ ਟੱਕਰ ਮਾਰਨ ਵਾਲਾ ਆਦਿਲ ਡਾਰ (21 ਸਾਲ) ਪਿਛਲੇ ਸਾਲ ਅਪਰੈਲ ਵਿਚ ਜੈਸ਼-ਏ-ਮੁਹੰਮਦ ਨਾਲ ਜੁੜਿਆ ਸੀ। ਸਾਲ 2000 ਵਿਚ ਵੀ ਇਸੇ ਤਰ੍ਹਾਂ ਜੈਸ਼ ਦੇ ਫਿਦਾਇਨ ਆਫ਼ਾਕ ਸ਼ਾਹ ਨੇ ਸੈਨਾ ਦੇ 15 ਕੋਰ ਸਦਰ ਮੁਕਾਮ ਦੇ ਬਾਹਰ ਧਮਾਕਾਖੇਜ਼ ਸਮੱਗਰੀ ਨਾਲ ਭਰੇ ਵਾਹਨ ਨੂੰ ਉਡਾ ਦਿੱਤਾ ਸੀ। ਜੈਸ਼-ਏ-ਮੁਹੰਮਦ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਹਮਲੇ ਤੋਂ ਪਹਿਲਾਂ ਉਸ ਨੇ ਵੀਡੀਓ ਬਿਆਨ ਰਿਕਾਰਡ ਕੀਤਾ ਸੀ ਜਿਸ ਨੂੰ ਬਾਅਦ ਵਿਚ ਸੋਸ਼ਲ ਮੀਡੀਆ 'ਤੇ ਜਾਰੀ ਕੀਤਾ ਗਿਆ। ਇਸ ਵਿਚ ਉਸ ਨੇ ਬਾਬਰੀ ਮਸਜਿਦ ਦੇ ਮੁੱਦੇ ਨੂੰ ਵੀ ਉਠਾਇਆ। ਵੀਡੀਓ ਵਿੱਚ ਆਦਿਲ ਆਧੁਨਿਕ ਹਥਿਆਰਾਂ ਨਾਲ ਨਜ਼ਰ ਆ ਰਿਹਾ ਹੈ। 10ਵੀਂ ਪਾਸ ਡਾਰ 'ਸੀ ਕੈਟਾਗਰੀ' ਦਾ ਖਾੜਕੂ ਸੀ। ਪਰਿਵਾਰ ਮੁਤਾਬਕ ਉਹ ਪਿਛਲੇ ਸਾਲ ਘਰੋਂ ਚਲਾ ਗਿਆ ਸੀ ਅਤੇ ਉਸ ਤੋਂ ਬਾਅਦ ਪਰਿਵਾਰ ਨਾਲ ਉਸ ਦਾ ਕੋਈ ਸੰਪਰਕ ਨਹੀਂ ਰਿਹਾ ਸੀ। ਕਿਹਾ ਜਾ ਰਿਹਾ ਹੈ ਕਿ ਇਸ ਵੀਡੀਓ ਨੂੰ ਆਤਮਘਾਤੀ ਹਮਲੇ ਤੋਂ ਪਹਿਲਾਂ ਬਣਾਇਆ ਗਿਆ ਸੀ। ਇਸ ਵੀਡੀਓ ਵਿਚ ਆਦਿਲ ਦੇ ਪਿੱਛੇ ਜੈਸ਼-ਏ-ਮੁਹੰਮਦ ਦਾ ਬੈਨਰ ਦਿਖਾਈ ਦੇ ਰਿਹਾ ਹੈ। ਹਮਲੇ ਦੇ ਬਾਅਦ ਜੈਸ਼ ਦੇ ਬੁਲਾਰੇ ਮੁਹੰਮਦ ਹਸਨ ਨੇ ਦਾਅਵਾ ਕੀਤਾ ਕਿ ਇਸ ਹਮਲੇ ਵਿਚ ਸੈਨਾ ਦੇ ਕਈ ਵਾਹਨ ਨਸ਼ਟ ਕਰ ਦਿੱਤੇ ਗਏ ਹਨ।

**ਹਮਲੇ ਤੋਂ ਬਾਅਦ ਉੱਠੇ ਸੁਆਲ :** ਸੁਆਲ ਇਹ ਹੈ ਕਿ ਜੇਕਰ ਕਾਫਲੇ ਲਈ ਚੌਕਸੀ ਵਰਤੀ ਗਈ ਸੀ ਤਾਂ ਇਹ ਕਿਹੋ ਜਿਹੀ ਸੁਰੱਖਿਆ ਸੀ ਕਿ ਇਕ ਗੱਡੀ ਨੂੰ ਵੀ ਰੋਕਿਆ ਨਹੀਂ ਜਾ ਸਕਿਆ। ਹੈਰਾਨੀ ਦੀ ਗੱਲ ਇਹ ਹੈ ਕਿ ਹੁਣ ਇਹ ਗੱਲ ਵੀ ਸਾਹਮਣੇ ਆ ਰਹੀ ਹੈ ਕਿ ਜੈਸ਼-ਏ-ਮੁਹੰਮਦ ਨੇ ਇਸ ਹਮਲੇ ਨੂੰ ਅੰਜਾਮ ਦੇਣ ਤੋਂ ਪਹਿਲਾਂ ਇਸ ਨਾਲ ਮਿਲਦਾ-ਜੁਲਦਾ ਇਕ ਵੀਡੀਓ ਵੀ ਜਾਰੀ ਕੀਤਾ ਸੀ ਅਤੇ ਸੱਚ ਇਹ ਵੀ ਹੈ ਕਿ ਖੁਫੀਆ ਏਜੰਸੀਆਂ ਕੋਲ ਇਹ ਵੀਡੀਓ ਸੀ। ਵੀਡੀਓ 'ਚ ਅਫ਼ਗਾਨਿਸਤਾਨ ਵਿਚ ਇਸੇ ਤਰ੍ਹਾਂ ਦਾ ਹਮਲਾ ਕਰਦੇ ਹੋਏ ਦਿਖਾਇਆ ਗਿਆ ਸੀ। ਜੈਸ਼ ਨੇ ਇਸ ਵੀਡੀਓ ਵਿਚ ਇਹ ਵੀ ਕਿਹਾ ਸੀ ਕਿ ਜ਼ੁਲਮ ਦਾ ਬਦਲਾ ਲੈਣ ਲਈ ਉਹ ਕਸ਼ਮੀਰ ਵਿਚ ਇਸੇ ਤਰ੍ਹਾਂ ਦਾ ਹਮਲਾ ਕਰੇਗਾ। ਖੁਫੀਆ ਏਜੰਸੀਆਂ ਨੇ ਇਸ ਵੀਡੀਓ ਨੂੰ ਸਾਰੇ ਸੂਬਿਆਂ ਦੀਆਂ ਸੁਰੱਖਿਆ ਏਜੰਸੀਆਂ ਨਾਲ ਸਾਂਝਾ ਵੀ ਕੀਤਾ ਸੀ। ਸਵਾਲ ਇਹ ਹੈ ਕਿ ਇਸ ਤਰ੍ਹਾਂ ਦੀ ਜਾਣਕਾਰੀ ਦੇ ਬਾਵਜੂਦ ਇਹ ਹਮਲਾ ਕਿਵੇਂ ਹੋ ਗਿਆ ?

ਸਤੰਬਰ 2016 ਵਿਚ ਉੜੀ ਵਿਚ ਫ਼ੌਜ ਦੇ ਕੈਂਪ 'ਤੇ ਵੀ ਆਤਮਘਾਤੀ ਨੇ ਅਜਿਹਾ ਹੀ ਖ਼ੌਫ਼ਨਾਕ ਹਮਲਾ ਕੀਤਾ ਸੀ। ਉਦੋਂ ਲੋੜੀਂਦੇ ਸੁਰੱਖਿਆ ਢਾਂਚੇ ਦੀ ਕਮੀ ਕਾਰਨ ਫ਼ੌਜ ਦੇ 16 ਜਵਾਨ ਅੱਗ ਦੀ ਭੇਟ ਚੜ੍ਹ ਗਏ ਸਨ ਕਿਉਂਕਿ ਉਹ ਇਕ ਸਾਧਾਰਨ ਤੰਬੂ ਵਿਚ ਸੌਂ ਰਹੇ ਸਨ। ਇਸੇ ਤਰ੍ਹਾਂ ਅਕਤੂਬਰ 2001 ਵਿਚ ਸ੍ਰੀਨਗਰ ਵਿਚ ਵਿਧਾਨ ਸਭਾ 'ਤੇ ਅਜਿਹਾ ਹੀ ਫਿਦਾਈਨ ਹਮਲਾ ਕੀਤਾ ਸੀ, ਜਿਸ ਵਿਚ ਵਿਸਫੋਟਕਾਂ ਨਾਲ ਲੱਦੀ ਕਾਰ ਨੂੰ ਜੰਮੂ-ਕਸ਼ਮੀਰ ਸਕੱਤਰੇਤ ਦੇ ਦਰਵਾਜ਼ੇ ਨਾਲ ਟਕਰਾਇਆ ਗਿਆ ਸੀ। ਭਾਰਤ ਦੇ ਸੱਤਾਧਾਰੀਆਂ ਨੂੰ ਆਪਣੀ ਗ਼ਲਤੀ ਮੰਨਣੀ ਚਾਹੀਦੀ ਹੈ ਅਤੇ ਇਸ ਲਾਪਰਵਾਹੀ ਲਈ ਜ਼ਿੰਮੇਵਾਰ ਲੋਕਾਂ ਦੀ ਵੀ ਜਵਾਬਦੇਹੀ ਨਿਸਚਿਤ ਕਰਨੀ ਚਾਹੀਦੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਕਿਤੇ ਘਰ ਵਿਚ ਹੀ ਤਾਂ ਕੋਈ ਭੇਦੀ ਮੌਜੂਦ ਨਹੀਂ ਹੈ। ਇਨ੍ਹਾਂ ਜ਼ਿੰਮੇਵਾਰੀਆਂ ਨੂੰ ਦੇਸ਼ਭਗਤੀ ਦੇ ਰਾਗਾਂ ਵਿਚ ਨਹੀਂ ਦਬਾਉਣਾ ਚਾਹੀਦਾ। ਸੁਆਲ ਇਹ ਵੀ ਹੈ ਕਿ ਏਨੀ ਵੱਡੀ ਮਾਤਰਾ ਵਿਚ ਧਮਾਕਾਖੇਜ਼ ਸਮੱਗਰੀ ਕਸ਼ਮੀਰ ਵਿਚ ਕਿਸ ਤਰ੍ਹਾਂ ਪਹੁੰਚ ਰਹੀ ਹੈ। ਭਾਰਤੀ ਖ਼ੁਫੀਆ ਏਜੰਸੀਆਂ ਨੂੰ ਇਸ ਬਾਰੇ ਪਹਿਲਾਂ ਪਤਾ ਕਿਉਂ ਨਹੀਂ ਲੱਗ ਰਿਹਾ।

**ਦਹਿਸ਼ਤੀਆਂ ਨੂੰ ਹਮਾਇਤ ਦੇਣਾ ਬੰਦ ਕਰੇ ਪਾਕਿ-ਭਾਰਤ :** ਭਾਰਤ ਨੇ ਪੁਲਵਾਮਾ ਦਹਿਸ਼ਤੀ ਹਮਲੇ ਲਈ ਪਾਕਿਸਤਾਨ ਦੀ ਆਲੋਚਨਾ ਕਰਦਿਆਂ ਗੁਆਂਢੀ ਮੁਲਕ ਨੂੰ ਕਿਹਾ ਹੈ ਕਿ ਉਹ ਦਹਿਸ਼ਤਗਰਦਾਂ ਨੂੰ ਹਮਾਇਤ ਦੇਣਾ ਬੰਦ ਕਰੇ ਅਤੇ ਆਪਣੀ ਧਰਤੀ ਤੋਂ ਚੱਲ ਰਹੇ ਦਹਿਸ਼ਤੀ ਬੁਨਿਆਦੀ ਢਾਂਚੇ ਨੂੰ ਉਖਾੜੇ। ਉਨ੍ਹਾਂ ਕਿਹਾ ਕਿ ਪੁਲਵਾਮਾ ਵਿਚ ਪਾਕਿਸਤਾਨ ਆਧਾਰਿਤ ਦਹਿਸ਼ਤੀ ਜਥੇਬੰਦੀ ਜੈਸ਼-ਏ-ਮੁਹੰਮਦ ਨੇ ਸਾਜ਼ਿਸ਼ ਘੜੀ ਹੈ ਜਿਸ ਖ਼ਿਲਾਫ਼ ਸੰਯੁਕਤ ਰਾਸ਼ਟਰ ਅਤੇ ਹੋਰ ਮੁਲਕਾਂ ਨੇ ਪਾਬੰਦੀ ਲਗਾਈ ਹੋਈ ਹੈ।

ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਮੁਲਕ ਨੂੰ ਭਰੋਸਾ ਦਿੱਤਾ ਹੈ ਕਿ ਜੰਮੂ ਕਸ਼ਮੀਰ ਵਿਚ ਸੀਆਰਪੀਐਫ ਬੱਸ 'ਤੇ ਪਾਕਿਸਤਾਨ ਆਧਾਰਿਤ ਜੈਸ਼-ਏ-ਮੁਹੰਮਦ ਵੱਲੋਂ ਕੀਤੇ ਗਏ ਦਹਿਸ਼ਤੀ ਹਮਲੇ ਦਾ ਬਦਲਾ ਲਿਆ ਜਾਵੇਗਾ। ਪੂਰਾ ਦੇਸ਼ ਸ਼ਹੀਦ ਜਵਾਨਾਂ ਨੂੰ ਸਲਾਮ ਕਰਦਾ ਹੇ। ਅਸੀਂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨਾਲ ਖੜ੍ਹੇ ਹਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਹਰ ਸੰਭਵ ਮਦਦ ਕਰਾਂਗੇ।

**ਪਾਕਿਸਤਾਨ ਨੇ ਹਮਲੇ ਵਿਚ ਹੱਥ ਹੋਣ ਤੋਂ ਕੀਤਾ ਇਨਕਾਰ :** ਪਾਕਿਸਤਾਨ ਨੇ ਪੁਲਵਾਮਾ ਹਮਲੇ ਵਿਚ ਵੀ ਆਪਣਾ ਹੱਥ ਹੋਣ ਤੋਂ ਇਨਕਾਰ ਕੀਤਾ ਹੈ। ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਜੈਸ਼-ਏ-ਮੁਹੰਮਦ, ਜਿਸ ਨੇ ਪੁਲਵਾਮਾ ਦਹਿਸ਼ਤੀ ਹਮਲੇ ਦੀ ਜ਼ਿੰਮੇਵਾਰੀ ਕਬੂਲੀ ਹੈ, 'ਤੇ 2002 ਵਿਚ ਪਾਬੰਦੀ ਲਾਗੂ ਹੋਈ ਸੀ ਤੇ ਇਸਲਾਮਾਬਾਦ ਕਾਨੂੰਨ ਮੁਤਾਬਕ ਪਾਬੰਦੀਆਂ ਦੀ ਜ਼ਿੰਮੇਵਾਰੀ ਨਿਭਾਅ ਰਿਹਾ ਹੈ। ਪਾਕਿਸਤਾਨ ਵੱਲੋਂ ਕਿਹਾ ਗਿਆ ਹੈ ਕਿ ਉਹ ਦੋਵਾਂ ਦੇਸਾਂ ਦੇ ਰਿਸ਼ਤਿਆਂ ਵਿਚਾਲੇ ਸੁਧਾਰ ਚਾਹੁੰਦਾ ਹੈ ਅਤੇ ਕਰਤਾਰਪੁਰ ਕੋਰੀਡੋਰ ਦਾ ਕੰਮ ਵੀ ਇਸੇ ਦਿਸ਼ਾ ਵੱਲ ਹੀ ਇੱਕ ਕਦਮ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਪੁਲਵਾਮਾ ਹਮਲੇ ਸਬੰਧੀ ਭਾਰਤ ਜੇਕਰ ਕੋਈ ਸਬੂਤ ਸਾਂਝਾ ਕਰਦਾ ਹੈ ਤਾਂ ਪਾਕਿਸਤਾਨ ਜਾਂਚ ਵਿਚ ਪੂਰਾ ਸਹਿਯੋਗ ਕਰੇਗਾ। ਪਾਕਿਸਤਾਨ ਵੱਲੋਂ ਕਿਹਾ ਗਿਆ ਹੈ ਕਿ ਭਾਰਤ ਨੂੰ ਆਪਣੇ ਸੁਰੱਖਿਆ ਇੰਤਜ਼ਾਮਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ।

**ਪਾਕਿ ਦਾ ਮੋਸਟ ਫੇਵਰਡ ਨੇਸ਼ਨ ਦਾ ਦਰਜਾ ਖ਼ਤਮ :** ਸੰਨ 1996 ਵਿਚ ਭਾਰਤ ਨੇ ਪਾਕਿਸਤਾਨ ਨੂੰ ਵਪਾਰ ਵਿਚ ਤਰਜੀਹ ਵਾਲੇ ਦੇਸ਼ ਦਾ ਦਰਜਾ ਦਿੱਤਾ ਸੀ । ਹਾਲਾਂਕਿ ਗੁਆਂਢੀ ਦੇਸ਼ ਨੇ ਸਾਨੂੰ ਇਹ ਦਰਜਾ ਨਹੀਂ ਦਿੱਤਾ ਸੀ। ਵਿਦੇਸ਼ ਸਕੱਤਰ ਵਿਜੈ ਕੇਸ਼ਵ ਗੋਖਲੇ ਨੇ ਦਿੱਲੀ ਸਥਿਤ ਪਾਕਿ ਹਾਈ ਕਮਿਸ਼ਨਰ ਸੋਹੇਲ ਮੁਹੰਮਦ ਨੂੰ ਬੁਲਾ ਕੇ ਰੋਸ ਪ੍ਰਗਟਾਇਆ। ਵਿਰੋਧ ਪੱਤਰ ਸੌਂਪ ਕੇ ਹਮਲੇ ਦੇ ਜ਼ਿੰਮੇਵਾਰਾਂ 'ਤੇ ਪਾਕਿਸਤਾਨ ਵਿਚ ਤੁਰੰਤ ਕਾਰਵਾਈ ਕਰਨ ਲਈ ਕਿਹਾ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਪਾਕਿਸਤਾਨ ਨੂੰ ਅਲੱਗ-ਥਲੱਗ ਕਰਨ ਲਈ ਦੁਨੀਆ ਭਰ ਤੋਂ ਹਮਾਇਤ ਲੈਣ ਦੀ ਜ਼ਿੰਮੇਵਾਰੀ ਸੌਂਪੀ ਗਈ।

**ਮੌਲਾਨਾ ਮਸੂਦ ਅਜ਼ਹਰ ਕੌਣ ਹੈ :** ਅਵੰਤੀਪੁਰ ਵਿੱਚ ਸੀਆਰਪੀਐੱਫ ਦੇ ਕਾਫਲੇ 'ਤੇ ਹੋਇਆ ਹਮਲਾ ਜੈਸ਼ ਦਾ ਭਾਰਤ 'ਤੇ ਕੀਤਾ ਪਹਿਲਾ ਹਮਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਉਸ ਨੇ ਅਜਿਹੇ ਕਈ ਹਮਲੇ ਕੀਤੇ ਹਨ। 24 ਦਸੰਬਰ 1999 ਨੂੰ 180 ਸਵਾਰੀਆਂ ਲਿਜਾ ਰਿਹਾ ਇੱਕ ਭਾਰਤੀ ਹਵਾਈ ਜਹਾਜ਼ ਅਗਵਾ ਕਰਕੇ ਅਫਗਾਨਿਸਤਾਨ ਦੇ ਕੰਧਾਰ ਲਿਜਾਇਆ ਗਿਆ ਅਤੇ ਭਾਰਤੀ ਜੇਲ੍ਹ ਵਿੱਚ ਬੰਦ ਮੌਲਾਨਾ ਮਸੂਦ ਅਜ਼ਹਰ, ਮੁਸ਼ਤਾਕ ਜ਼ਰਗਰ ਅਤੇ ਸ਼ੇਖ ਅਹਿਮਦ ਉਮਰ ਸਈਦ ਦੀ ਰਿਹਾਈ ਦੀ ਮੰਗ ਕੀਤੀ ਗਈ। ਛੇ ਦਿਨਾਂ ਬਾਅਦ 31 ਦਸੰਬਰ ਨੂੰ ਅਗਵਾਕਾਰਾਂ ਦੀਆਂ ਸ਼ਰਤਾਂ ਮੰਨਦਿਆਂ ਭਾਰਤ ਸਰਕਾਰ ਨੇ ਇਨ੍ਹਾਂ ਨੂੰ ਛੱਡ ਦਿੱਤਾ ਤੇ ਬਦਲੇ ਵਿੱਚ ਕੰਧਾਰ ਹਵਾਈ ਅੱਡੇ ਤੇ ਰੋਕੇ ਗਏ ਜਹਾਜ਼ ਨੂੰ ਅਗਵਾਕਾਰਾਂ ਨੇ ਯਾਤਰੀਆਂ ਸਮੇਤ ਛੱਡ ਦਿੱਤਾ। ਇਸ ਤੋਂ ਬਾਅਦ ਮਸੂਦ ਨੇ ਫਰਵਰੀ 2000 ਵਿੱਚ ਜੈਸ਼-ਏ-ਮੁਹੰਮਦ ਦੀ ਨੀਂਹ ਰੱਖੀ। ਉਸ ਸਮੇਂ ਮੌਜੂਦ ਹਰਕਤ-ਉਲ-ਮੁਜਾਹਿਦੀਨ ਤੇ ਹਰਕਤ-ਉਲ-ਅੰਸਾਰ ਦੇ ਮੈਂਬਰ ਜੈਸ਼ ਵਿੱਚ ਸ਼ਾਮਲ ਹੋ ਗਏ। ਅਜ਼ਹਰ ਹਰਕਤ-ਉਲ-ਅੰਸਾਰ ਦਾ ਜਨਰਲ ਸਕੱਤਰ ਰਹਿ ਚੁੱਕਿਆ ਹੈ।

**ਪਠਾਨਕੋਟ, ਉਰੀ ਤੋਂ ਲੈ ਕੇ ਪੁਲਵਾਮਾ ਹਮਲੇ ਤੱਕ :** ਜੈਸ਼-ਏ-ਮੁਹੰਮਦ ਨੇ ਹੋਂਦ ਵਿੱਚ ਆਉਣ ਦੇ ਦੋ ਮਹੀਨਿਆਂ ਅੰਦਰ ਹੀ ਸ਼੍ਰੀਨਗਰ ਦੇ ਬਦਾਮੀ ਬਾਗ਼ ਵਿੱਚ ਭਾਰਤੀ ਫੌਜ ਦੇ ਸਥਾਨਕ ਹੈੱਡ ਕੁਆਰਟਰ ਤੇ ਆਤਮਘਾਤੀ ਹਮਲੇ ਦੀ ਜਿੰਮੇਵਾਰੀ ਲਈ ਸੀ। ਫਿਰ ਇਸ ਸੰਗਠਨ ਨੇ 28 ਜੂਨ 2000 ਨੂੰ ਵੀ ਜੰਮੂ ਕਸ਼ਮੀਰ ਸਕੱਤਰੇਤ 'ਤੇ ਹੋਏ ਹਮਲੇ ਦੀ ਜ਼ਿੰਮੇਵਾਰੀ ਲਈ। ਠੀਕ ਇਸੇ ਤਰੀਕੇ ਨਾਲ 24 ਸਤੰਬਰ 2001 ਨੂੰ ਇੱਕ ਨੌਜਵਾਨ ਨੇ ਵਿਸਫੋਟਕ ਨਾਲ ਭਰੀ ਕਾਰ ਸ਼੍ਰੀਨਗਰ ਵਿਧਾਨ ਸਭਾ ਭਵਨ ਨਾਲ ਟਕਰਾਅ ਦਿੱਤੀ। ਇਸ ਘਟਨਾ ਵਿੱਚ 38 ਮੌਤਾਂ ਹੋ ਗਈਆਂ ਸਨ। ਜੈਸ਼-ਏ-ਮੁਹੰਮਦ ਨੇ ਇਸ ਦੀ ਜ਼ਿੰਮੇਵਾਰੀ ਲਈ ਪਰ ਅਗਲੇ ਦਿਨ ਇਸ ਤੋਂ ਇਨਕਾਰ ਵੀ ਕਰ ਦਿੱਤਾ। ਜੈਸ਼-ਏ-ਮੁਹੰਮਦ ਨੂੰ 13 ਦਸੰਬਰ 2001 ਨੂੰ ਭਾਰਤੀ ਸੰਸਦ ਅਤੇ ਜਨਵਰੀ 2016 ਵਿੱਚ ਭਾਰਤੀ ਫੌਜ ਦੇ ਪੰਜਾਬ ਦੇ ਪਠਾਨਕੋਟ ਏਅਰਬੇਸ 'ਤੇ ਹੋਏ ਹਮਲੇ ਲਈ ਵੀ ਜ਼ਿੰਮੇਵਾਰ ਦੱਸਿਆ ਜਾਂਦਾ ਹੈ। 2001 ਵਿੱਚ ਸੰਸਦ 'ਤੇ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਵੀ ਜੈਸ਼-ਏ-ਮੁਹੰਮਦ ਨਾਲ ਸੰਬੰਧਿਤ ਸਨ। ਭਾਰਤ ਵਿੱਚ ਉਨ੍ਹਾਂ ਨੂੰ 10 ਫਰਵਰੀ 2013 ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਜੈਸ਼-ਏ-ਮੁਹੰਮਦ ਨੇ 2008 ਵਿੱਚ ਮੁੰਬਈ ਦੇ ਤਾਜ ਹੋਟਲ 'ਤੇ ਵੱਡਾ ਹਮਲਾ ਕੀਤਾ ਸੀ। ਦਸੰਬਰ 2016 ਵਿੱਚ ਉਰੀ ਸੈਕਟਰ ਵਿੱਚ ਫੌਜੀ ਟਿਕਾਣੇ 'ਤੇ ਹੋਏ ਇੱਕ ਹਮਲੇ ਲਈ ਜੈਸ਼ ਨੂੰ ਹੀ ਜ਼ਿੰਮੇਵਾਰ ਦੱਸਿਆ ਗਿਆ ਸੀ। ਇਸ ਹਮਲੇ ਵਿੱਚ 18 ਭਾਰਤੀ ਜਵਾਨਾਂ ਦੀ ਜਾਨ ਗਈ ਸੀ। ਇਸ ਹਮਲੇ ਤੋਂ ਕੁਝ ਹੀ ਦਿਨਾਂ ਬਾਅਦ ਭਾਰਤ ਨੇ ਐੱਲਓਸੀ 'ਤੇ 'ਸਰਜੀਕਲ ਸਟਰਾਈਕ' ਕਰਨ ਦਾ ਦਾਅਵਾ ਕੀਤਾ।

**ਪਾਕਿ ਦਾ ਰਵੱਈਆ :** ਜੈਸ਼-ਏ-ਮੁਹੰਮਦ ਨੂੰ ਭਾਰਤ, ਬਰਤਾਨੀਆ, ਅਮਰੀਕਾ ਅਤੇ ਸੰਯੁਕਤ ਰਾਸ਼ਟਰ ਨੇ ਅੱਤਵਾਦੀ ਸੰਗਠਨਾਂ ਦੀ ਸੂਚੀ ਵਿੱਚ ਰੱਖਿਆ ਹੈ। ਅਮਰੀਕੀ ਦਬਾਅ ਹੇਠ ਪਾਕਿਸਤਾਨ ਨੇ 2002 ਵਿੱਚ ਇਸ ਸੰਗਠਨ 'ਤੇ ਪਾਬੰਦੀ ਲਾ ਦਿੱਤੀ ਪਰ ਰਿਪੋਰਟਾਂ ਮੁਤਾਬਕ ਮੌਲਾਨਾ ਮਸੂਦ ਪਾਕਿਸਤਾਨੀ ਪੰਜਾਬ ਦੇ ਬਹਾਵਲਪੁਰ ਵਿੱਚ ਰਹਿੰਦਾ ਹੈ। ਭਾਰਤ ਅਜ਼ਹਰ ਮਸੂਦ ਦੀ ਹਵਾਲਗੀ ਦੀ ਮੰਗ ਕਰ ਚੁੱਕਿਆ ਹੈ ਪਰ ਪਾਕਿਸਤਾਨ ਸਬੂਤਾਂ ਦੀ ਕਮੀ ਦਾ ਹਵਾਲਾ ਦਿੰਦਾ ਹੋਇਆ ਇਸ ਮੰਗ ਨੂੰ ਨਾਮਨਜ਼ੂਰ ਕਰਦਾ ਰਿਹਾ ਹੈ।

**ਚੀਨ ਦਾ ਰਵੱਈਆ :** ਹਾਲਾਂਕਿ ਹੁਣ ਜੈਸ਼-ਏ-ਮੁਹੰਮਦ ਸੰਯੁਕਤ ਰਾਸ਼ਟਰ ਦੇ ਪਾਬੰਦੀ ਸ਼ੁਦਾ ਸੰਗਠਨਾਂ ਵਿੱਚ ਸ਼ਾਮਲ ਹੈ ਪਰ ਚੀਨ ਨੇ ਸੰਯੁਕਤ ਰਾਸ਼ਟਰ ਵਿੱਚ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਨੂੰ ਕੱਟੜਪੰਥੀ ਐਲਾਨਣ ਦੇ ਮਤੇ 'ਤੇ 2015-16 ਵਿੱਚ ਦੋ ਵਾਰ ਵੀਟੋ ਕਰ ਦਿੱਤਾ ਸੀ। ਹਾਲਾਂਕਿ ਬਾਕੀ 14 ਮੈਂਬਰ ਦੇਸਾਂ ਨੇ ਇਸ ਨੂੰ ਸਹਿਮਤੀ ਦੇ ਦਿੱਤੀ ਸੀ। ਇਸ ਸੂਚੀ ਵਿੱਚ ਸ਼ਾਮਲ ਹੋਣ ਨਾਲ ਸੰਗਠਨ ਉੱਪਰ ਕਈ ਕਿਸਮ ਦੀਆਂ ਪਾਬੰਦੀਆਂ ਲੱਗ ਜਾਂਦੀਆਂ ਹਨ। ਜਿਵੇਂ- ਜਾਇਦਾਦ ਫਰੀਜ਼ ਹੋਣਾ, ਸਫ਼ਰ ਤੇ ਪਾਬੰਦੀ ਲਾਉਣਾ ਅਤੇ ਹਥਿਆਰਾਂ 'ਤੇ ਪਾਬੰਦੀ ਲੱਗਣਾ ਵੀ ਸ਼ਾਮਲ ਹੈ।

## ਕਰਤਾਰਪੁਰ ਸਾਹਿਬ ਲਾਂਘੇ 'ਤੇ ਪੈ ਸਕਦਾ ਏ ਪੁਲਵਾਮਾ ਹਮਲੇ ਦਾ ਅਸਰ

### *ਸਿੱਧੂ, ਰੰਧਾਵਾ ਤੇ ਖਹਿਰਾ ਕਰਤਾਰਪੁਰ ਲਾਂਘੇ ਦੇ ਹੱਕ 'ਚ ਡਟੇ*

**ਚੰਡੀਗੜ੍ਹ/ਏਟੀ ਨਿਊਜ਼ :** ਪੁਲਵਾਮਾ ਜ਼ਿਲ੍ਹੇ ਵਿਚ ਅੱਤਵਾਦੀ ਹਮਲੇ ਤੋਂ ਬਾਅਦ ਹੁਣ ਕਰਤਾਰਪੁਰ ਸਾਹਿਬ ਲਾਂਘੇ ਨਾਲ ਸਬੰਧਤ ਪ੍ਰੋਜੈਕਟ ਉੱਤੇ ਇਸ ਦਾ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ।



ਹਾਲਾਂਕਿ ਇਸ ਬਾਰੇ 14 ਮਾਰਚ ਨੂੰ ਭਾਰਤ ਤੇ ਪਾਕਿਸਤਾਨ ਦੇ ਅਧਿਕਾਰੀਆਂ ਦੀ ਮੀਟਿੰਗ ਹੋਵੇਗੀ। ਭਾਰਤ ਨੇ ਪਾਕਿਸਤਾਨ ਤੋਂ 'ਮੋਸਟ ਫ਼ੇਵਰਡ ਨੇਸ਼ਨ' ਦਾ ਦਰਜਾ ਤਾਂ ਬੀਤੇ ਦਿਨੀਂ ਵਾਪਸ ਲੈ ਲਿਆ ਸੀ। ਕੇਂਦਰੀ ਮਕਾਨ ਉਸਾਰੀ ਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਇੱਕ ਪਾਸੇ ਤਾਂ ਪਾਕਿਸਤਾਨ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੀਆਂ ਗੱਲਾਂ ਕਰ ਰਿਹਾ ਹੈ ਪਰ ਦੂਜੇ ਪਾਸੇ ਉਹ ਆਪਣੀ ਧਰਤੀ ਉੱਤੇ ਭਾਰਤ ਵਿਰੁੱਧ ਹਿੰਸਕ ਕਾਰਵਾਈਆਂ ਦੀਆਂ ਸਾਜ਼ਿਸ਼ਾਂ ਰਚਣ ਵਾਲੇ ਅੱਤਵਾਦੀ ਸਮੂਹਾਂ ਦੀ ਹਮਾਇਤ ਵੀ ਕਰ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਸਰਕਾਰ ਕਰਤਾਰਪੁਰ ਸਾਹਿਬ ਲਾਂਘੇ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦਾਅਵਾ ਕੀਤਾ ਕਿ ਇਸ ਹਮਲੇ ਦਾ ਕਰਤਾਰਪੁਰ ਲਾਂਘੇ 'ਤੇ ਅਸਰ ਨਹੀਂ ਪਵੇਗਾ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਜੇ ਕਰਤਾਰਪੁਰ ਲਾਂਘੇ ਦਾ ਫੈਸਲਾ ਰੱਦ ਹੁੰਦਾ ਹੈ ਤਾਂ ਇਸ ਨਾਲ ਅੱਤਵਾਦੀ ਉਤਸ਼ਾਹਿਤ ਹੋਣਗੇ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਕਰਤਾਰਪੁਰ ਲਾਂਘਾ ਨਹੀਂ ਰੁਕ ਸਕਦਾ। ਪੰਜਾਬ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਵੀ ਕਿਹਾ ਕਿ ਅਮਨ ਸ਼ਾਂਤੀ ਦਾ ਕਾਫਲਾ ਕਰਤਾਰਪੁਰ ਲਾਂਘੇ ਦਾ ਫੈਸਲਾ ਰੱਦ ਨਹੀਂ ਹੋਣਾ ਚਾਹੀਦਾ।

## ਕੈਪਟਨ ਅਮਰਿੰਦਰ ਸਿੰਘ ਦੀ ਪਾਕਿ ਫੌਜ ਮੁਖੀ ਨੂੰ ਧਮਕੀ

**ਚੰਡੀਗੜ੍ਹ/ਏਟੀ ਨਿਊਜ਼ :**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜੰਮੂ ਕਸ਼ਮੀਰ ਵਿਚ ਤਾਂ ਜੋ ਕੁਝ ਹੋ ਰਿਹਾ ਹੈ, ਸੋ ਹੋ ਰਿਹਾ ਹੈ ਪਰ ਪੰਜਾਬ



ਦੇ ਮਾਮਲੇ ਵਿਚ ਜੇਕਰ ਪਾਕਿਸਤਾਨ ਨੇ ਮਾੜੀ ਅੱਖ ਕੀਤੀ, ਤਾਂ ਉਨ੍ਹਾਂ ਨੂੰ ਅਜਿਹਾ ਸਬਕ ਸਿਖਾਇਆ ਜਾਵੇਗਾ ਕਿ ਉਹ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੇ। ਪਾਕਿਸਤਾਨ ਦੇ ਆਰਮੀ ਚੀਫ਼ ਨੂੰ ਸਿੱਧੀ ਚੁਣੌਤੀ ਦਿੰਦਿਆਂ ਅਮਰਿੰਦਰ ਸਿੰਘ ਵਿਧਾਨ ਸਭਾ ਵਿਚ ਬੋਲੇ ਕਿ ਪੰਜਾਬ ਵਿਚ ਵੜ ਕੇ ਵਿਖਾਉਣ ਪਾਕਿ ਆਰਮੀ ਚੀਫ਼ ਜਨਰਲ ਬਾਜਵਾ। ਸਾਨੂੰ ਅਜਿਹੀਆਂ ਕਾਰਵਾਈਆਂ 'ਤੇ ਜਵਾਬ ਦੇਣਾ ਆਉਂਦਾ ਹੈ।

**12-12 ਲੱਖ ਦੇ ਮੁਆਵਜ਼ੇ ਤੇ ਸਰਕਾਰੀ ਨੌਕਰੀ ਦਾ ਐਲਾਨ :** ਪੁਲਵਾਮਾ ਵਿੱਚ ਅਤਿਵਾਦੀ ਹਮਲੇ ਵਿੱਚ ਮਾਰੇ ਗਏ ਪੰਜਾਬ ਦੇ ਚਾਰ ਜਵਾਨਾਂ ਦੇ ਪਰਿਵਾਰਾਂ ਨੂੰ ਕੈਪਟਨ ਸਰਕਾਰ ਨੇ 12-12 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਇਨ੍ਹਾਂ ਪਰਿਵਾਰਾਂ ਦੇ ਇਕ-ਇਕ ਜੀਅ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਾਵੇਗੀ।

**ਨਹੀਂ ਮਿਲੇਗਾ 'ਸ਼ਹੀਦ' ਦਾ ਦਰਜਾ :** ਇਸ ਹਮਲੇ ਵਿਚ ਸੀਆਰਪੀਐਫ਼ ਦੇ ਜਿਨ੍ਹਾਂ ਜਵਾਨਾਂ ਦੀ ਮੌਤ ਹੋਈ ਹੈ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਨਹੀਂ ਦਿਤਾ ਜਾਵੇਗਾ। ਭਲੇ ਹੀ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਖ਼ਜ਼ਾਨਾ-ਮੰਤਰੀ ਸਮੇਤ ਤਮਾਮ ਨੇਤਾਵਾਂ ਨੇ ਅਪਣੇ ਸ਼ਬਦਾਂ ਵਿਚ ਇਨ੍ਹਾਂ ਜਵਾਨਾਂ ਨੂੰ ਸ਼ਹੀਦ ਕਿਹਾ ਹੈ ਪਰ ਸਰਕਾਰੀ ਰਿਕਾਰਡ ਵਿਚ ਨਾ ਤਾਂ ਇਨ੍ਹਾਂ ਜਵਾਨਾਂ ਨੂੰ ਸ਼ਹੀਦ ਦਾ ਦਰਜਾ ਮਿਲੇਗਾ ਅਤੇ ਨਾ ਹੀ ਇਨ੍ਹਾਂ ਦੇ ਪਰਿਵਾਰ ਵਾਲਿਆਂ ਲਈ ਪੈਨਸ਼ਨ ਦੀ ਵਿਵਸਥਾ ਫ਼ੌਜ ਵਰਗੀ ਹੈ।

### ਕੀ ਕਹਿੰਦੇ ਹਨ ਡੌਨਾਲਡ ਟਰੰਪ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ



ਪਾਕਿਸਤਾਨ ਹਮਲੇ ਵਿਚ ਸ਼ਾਮਲ ਅੱਤਵਾਦੀ ਸੰਗਠਨਾਂ ਦੇ ਆਪਣੇ ਦੇਸ਼ ਵਿਚ ਸਥਿਤ ਅੱਡਿਆਂ ਅਤੇ ਨੈੱਟਵਰਕ ਨੂੰ ਫੌਰਨ ਖ਼ਤਮ ਕਰੇ। ਇਸ ਹਮਲੇ ਨਾਲ ਅੱਤਵਾਦ ਦੇ ਖ਼ਿਲਾਫ਼ ਜੰਗ ਵਿਚ ਭਾਰਤ ਅਤੇ ਅਮਰੀਕਾ ਹੋਰ ਮਜ਼ਬੂਤੀ ਨਾਲ ਮੁਕਾਬਲਾ ਕਰਨਗੇ।

# ਰਫਾਲ ਡੀਲ 'ਚ ਗੜਬੜ ਦੀ ਜ਼ਿੰਮੇਵਾਰ ਮੋਦੀ ਸਰਕਾਰ

**ਐਨ ਰਾਮ (ਸਾਬਕਾ ਮੁਖੀ ਹਿੰਦੂ ਗਰੁੱਪ ਤੇ ਰਫਾਲ ਡੀਲ ਰਿਪੋਰਟ)**




ਸਾਲ 2007 ਵਿੱਚ ਰਫਾਲ ਜਹਾਜ਼ਾਂ ਦੀ ਖਰੀਦ ਦੀ ਗੱਲਬਾਤ ਸ਼ੁਰੂ ਕੀਤੀ ਗਈ। ਸਾਲ 2012 ਵਿੱਚ ਇਸ ਸੌਦੇ ਦੀ ਗੱਲਬਾਤ ਵਿੱਚ ਗੰਭੀਰਤਾ ਆਈ ਪਰ ਸਾਲ 2016 ਵਿੱਚ ਅਚਾਨਕ ਇਹ ਡੀਲ ਹੀ ਬਦਲ ਗਈ ਅਤੇ 126 ਦੀ ਥਾਂ 36 ਲੜਾਕੂ ਜਹਾਜ਼ ਖਰੀਦਣ ਦਾ ਫੈਸਲਾ ਲਿਆ ਗਿਆ। ਇਸ ਤੋਂ ਬਾਅਦ ਇਸ ਸੌਦੇ ਨਾਲ ਏਚਏਐਲ ਦਾ ਨਾਮ ਬਾਹਰ ਹੋ ਗਿਆ। ਪ੍ਰਤੀ ਜਹਾਜ਼ ਦੀ ਕੀਮਤ ਕਾਫ਼ੀ ਜ਼ਿਆਦਾ ਹੋ ਗਈ। ਇਨ੍ਹਾਂ ਜਹਾਜ਼ਾਂ ਨੂੰ ਭਾਰਤ ਲਈ ਕਸਟਮਾਈਜ਼ ਕਰਨਾ ਸੀ ਅਤੇ ਇਸ ਵਿੱਚ ਕੁਲ 13 ਸਪੈਸੀਫੀਕੇਸ਼ਨ ਹੋਣੇ ਸਨ। ਏਵੀਏਸ਼ ਨੇ ਕਿਹਾ ਕਿ ਇਨ੍ਹਾਂ ਜਹਾਜ਼ਾਂ ਨੂੰ ਕਸਟਮਾਈਜ਼ ਕਰਨ ਲਈ 1.4 ਬਿਲੀਅਨ ਯੂਰੋ ਦੇਣੇ ਹੋਣਗੇ। ਇਸ ਕੀਮਤ ਨੂੰ ਗੱਲਬਾਤ ਤੋਂ ਬਾਅਦ ਘੱਟ ਕਰਕੇ 1.3 ਬਿਲੀਅਨ ਯੂਰੋ ਕਰ ਦਿੱਤਾ ਗਿਆ। ਜਿਵੇਂ ਹੀ 126 ਦੀ ਥਾਂ 36 ਜਹਾਜ਼ ਖਰੀਦਣ ਦਾ ਫੈਸਲਾ ਲਿਆ ਗਿਆ, ਉਸ ਤਰ੍ਹਾਂ ਹੀ ਪ੍ਰਤੀ ਜਹਾਜ਼ ਦੀ ਕੀਮਤ ਵਿੱਚ ਭਾਰੀ ਵਾਧਾ ਹੋ ਗਿਆ। ਇੱਕ ਜਹਾਜ਼ ਦੀ ਕੀਮਤ ਵਿੱਚ 41 ਫੀਸਦੀ ਦਾ ਵਾਧਾ ਹੋਇਆ। ਵਿਰੋਧੀ ਧਿਰਾਂ ਨੇ ਸੰਸਦ ਵਿੱਚ ਇਸ ਉੱਤੇ ਸਵਾਲ ਚੁੱਕੇ ਪਰ ਸਰਕਾਰ ਨੇ ਜਵਾਬ ਨਹੀਂ ਦਿੱਤਾ। ਸਰਕਾਰ ਨੇ ਕਿਹਾ ਕਿ ਕੀਮਤ ਦਾ ਬਿਓਰਾ ਦੇਣ 'ਤੇ ਦੂਜੇ ਦੇਸਾਂ ਨੂੰ ਵੀ ਇਸ ਦਾ ਪਤਾ ਚੱਲ ਜਾਏਗਾ।

ਇਸ ਤੋਂ ਇਲਾਵਾ ਅਸੀਂ ਜਾਂਚ ਵਿੱਚ ਪਾਇਆ ਕਿ ਜਿਸ ਵੇਲੇ ਰੱਖਿਆ ਮੰਤਰਾਲੇ ਅਤੇ ਫਰਾਂਸ ਵਿਚਾਲੇ ਸੌਦੇ ਨੂੰ ਲੈ ਕੇ ਗੱਲ ਚਲ ਰਹੀ ਸੀ, ਠੀਕ ਉਸੇ ਵੇਲੇ ਪ੍ਰਧਾਨ ਮੰਤਰੀ ਦਫ਼ਤਰ ਅਤੇ ਫਰਾਂਸ ਵਿਚਾਲੇ ਵੀ ਗੱਲਬਾਤ ਜਾਰੀ ਸੀ। ਫੌਜ ਲਈ ਗੋਲਾ-ਬਾਰੂਦ ਤੇ ਹੋਰ ਸਮਾਨ ਦੀ ਖਰੀਦ ਦੇ ਸਬੰਧ ਵਿੱਚ ਪਹਿਲਾਂ ਤੋਂ ਹੀ ਨਿਯਮ ਹਨ। ਖਰੀਦ ਤੋਂ ਪਹਿਲਾਂ ਇੱਕ ਮਾਹਿਰ ਟੀਮ ਦਾ ਗਠਨ ਕੀਤਾ ਜਾਂਦਾ ਹੈ ਅਤੇ ਉਹ ਟੀਮ ਦੇ ਨਿਰਮਾਤਾ ਅਤੇ ਸਰਕਾਰ ਦੋਵਾਂ ਦੇ ਨਾਲ ਗੱਲ ਕਰਦੀ ਹੈ। ਰੱਖਿਆ ਮੰਤਰਾਲੇ ਦੇ ਦਸਤਾਵੇਜ਼ਾਂ ਵਿੱਚ ਪਤਾ ਚੱਲਦਾ ਹੈ ਕਿ ਕੇਂਦਰ ਸਰਕਾਰ ਵੀ ਉਸੇ ਵੇਲੇ ਫਰਾਂਸ ਨਾਲ ਗੱਲਬਾਤ ਕਰ ਰਹੀ ਸੀ ਜਦੋਂ ਮਾਹਿਰਾਂ ਦੀ ਟੀਮ ਰਫਾਲ ਜੈੱਟ ਜਹਾਜ਼ਾਂ ਦੀ ਖਰੀਦ ਲਈ ਦਾਸੋ ਅਤੇ ਐਮਬੀਡੀਏ ਦੇ ਨਾਲ ਗੱਲਬਾਤ ਕਰ ਰਹੀ ਸੀ। ਐਮਬੀਡੀਏ ਕੰਪਨੀ ਜੈੱਟ ਲਈ ਹਥਿਆਰਾਂ ਦੀ ਪੂਰਤੀ ਕਰਨ ਵਾਲੀ ਕੰਪਨੀ ਹੈ। 'ਪੈਰਲਲ ਗੱਲਬਾਤ' ਦਾ ਇਹ ਮੁੱਦਾ ਹੇਠਲੇ ਪੱਧਰ ਦੇ ਅਧਿਕਾਰੀਆਂ ਤੋਂ ਲੈ ਕੇ ਰੱਖਿਆ ਸਕੱਤਰ ਨੇ ਵੀ ਚੁੱਕਿਆ ਸੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ 'ਪੈਰਲਲ ਗੱਲਬਾਤ' ਨਾਲ ਭਾਰਤ ਤੇ ਫਰਾਂਸ ਵਿਚਾਲੇ ਗੱਲਬਾਤ ਕਮਜ਼ੋਰ ਹੋਵੇਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਫਰਾਂਸ ਦੀ ਕੰਪਨੀ ਇਸ ਹਾਲਤ ਦੀ ਵਰਤੋਂ ਕਰ ਸਕਦੀ ਹੈ ਤੇ ਉਹ ਭਾਰਤ ਦੇ ਖਿਲਾਫ਼ ਜਾ ਸਕਦੀ ਹੈ। ਇਹ ਵਿਸ਼ੇਸ਼ ਫਾਈਲ ਸਾਬਕਾ ਰੱਖਿਆ ਮੰਤਰੀ ਮਨੋਹਰ ਪਰੀਕਰ ਨੂੰ ਭੇਜੀ ਜਾ ਰਹੀ ਸੀ। ਆਮ ਤੌਰ 'ਤੇ ਪਰੀਕਰ ਇਸ ਤਰ੍ਹਾਂ ਦੇ ਦਸਤਾਵੇਜ਼ਾਂ ਉੱਤੇ ਤੁਰੰਤ ਪ੍ਰਤੀਕਰਮ ਦਿੰਦੇ ਹਨ ਪਰ ਇਸ ਵਾਰੀ ਉਨ੍ਹਾਂ ਨੇ ਇਸ ਫਾਈਲ ਨੂੰ ਆਪਣੇ ਤੱਕ ਹੀ ਸੀਮਤ ਰੱਖਿਆ ਸੀ। ਕੁਝ ਸਮੇਂ ਬਾਅਦ ਤਤਕਾਲੀ ਰੱਖਿਆ ਮੰਤਰੀ ਨੇ ਇੱਕ ਨੋਟ ਲਿਖਿਆ ਜਿਸ ਵਿੱਚ ਕਿਹਾ ਗਿਆ ਕਿ ਉਤਸ਼ਾਹਿਤ ਨਾ ਹੋਵੋ ਅਤੇ ਪ੍ਰਧਾਨ ਮੰਤਰੀ ਦੇ ਸਕੱਤਰ ਨਾਲ ਗੱਲਬਾਤ ਕਰਕੇ ਇਸ ਮੁੱਦੇ ਨੂੰ ਸੁਲਝਾ ਲਿਆ ਜਾਵੇ।

ਜੇ ਪਰੀਕਰ ਰੱਖਿਆ ਸਕੱਤਰ ਦੇ ਇਨ੍ਹਾਂ ਸਵਾਲਾਂ ਨਾਲ ਸਹਿਮਤ ਨਾ ਹੁੰਦੇ ਤਾਂ ਇਸ 'ਤੇ ਪ੍ਰਤੀਕਰਮ ਨਾ ਦਿੰਦੇ। ਸਾਲ 2016 ਦੇ ਸਤੰਬਰ ਮਹੀਨੇ ਵਿੱਚ ਰਫਾਲ ਸੌਦੇ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਕੁਝ ਹੋਰ ਚੀਜ਼ਾਂ ਵੀ ਹੋਈਆਂ। ਉਨ੍ਹਾਂ ਅੱਠ ਨਿਯਮਾਂ ਨੂੰ ਲਾਂਭੇ ਕੀਤਾ ਗਿਆ ਜਿਨ੍ਹਾਂ ਦੀ ਗੋਲਾ-ਬਾਰੂਦ ਖਰੀਦਣ ਵੇਲੇ ਪਾਲਣਾ ਕਰਨ ਦੀ ਲੋੜ ਹੁੰਦੀ ਹੈ। ਇਸ ਵਿੱਚ ਰਿਸ਼ਵਤਖੋਰੀ ਦੇ ਖਿਲਾਫ਼ ਨਿਯਮ ਵੀ ਸ਼ਾਮਿਲ ਹਨ। ਸਰਕਾਰ ਨੇ 'ਪੈਨਲਟੀ ਫਾਰ ਅਨਡਿਊ ਇੰਫਲੂਐਂਸ' ਨਿਯਮ ਨੂੰ ਵੀ ਹਟਾ ਲਿਆ। ਇਹ ਨਿਯਮ ਕਹਿੰਦਾ ਹੈ, "ਕਮੀਸ਼ਨ ਦੇ ਨਾਮ 'ਤੇ ਲਈ ਗਈ ਰਿਸ਼ਵਤ 'ਤੇ ਸਜ਼ਾ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਵਿੱਤੀ ਸਥਿਰਤਾ ਨਾਲ ਜੁੜੇ ਨਿਯਮਾਂ ਵਿੱਚ ਵੀ ਛੋਟ ਦਿੱਤੀ ਗਈ। ਇਹ ਸਭ ਕੁਝ ਬਿਲਕੁਲ ਆਖਰੀ ਵੇਲੇ ਵੀ ਹੋਇਆ ਜਦੋਂ ਪ੍ਰਧਾਨ ਮੰਤਰੀ ਦਫ਼ਤਰ ਨੇ ਮਾਮਲੇ ਵਿੱਚ ਦਖਲ ਕੀਤਾ।"

ਦਾਸੋ ਕੰਪਨੀ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਸੀ। ਇਸ ਲਈ ਭਾਰਤ ਦੀ ਤਿੰਨ ਮੈਂਬਰੀ ਮਾਹਿਰ ਕਮੇਟੀ ਨੇ ਸੰਪ੍ਰਭੂ ਗਰੰਟੀ ਮੰਗੀ ਪਰ ਇਨ੍ਹਾਂ ਨਿਯਮਾਂ ਵਿੱਚ ਢਿੱਲ ਦਿੱਤੀ ਗਈ ਹੈ। ਨਿਯਮਾਂ ਵਿੱਚ ਇਹ ਢਿੱਲ ਸ਼ੱਕ ਪੈਦਾ ਕਰਦੀ ਹੈ। ਅਸੀਂ ਰੱਖਿਆ ਮੰਤਰਾਲੇ ਦੇ ਵਿੱਤੀ ਸਲਾਹਕਾਰ ਸੁਧਾਂਸ਼ੂ ਮੋਹੰਤੀ ਦੀ ਲਿਖੀ ਰਿਪੋਰਟ ਵੀ ਜਾਰੀ ਕੀਤੀ। ਅਚਾਨਕ ਰੱਖਿਆ ਮੰਤਰਾਲੇ ਨੇ ਨਿਯਮ ਬਦਲ ਦਿੱਤੇ ਅਤੇ ਇਸ 'ਤੇ ਮੋਹੰਤੀ ਤੋਂ ਉਨ੍ਹਾਂ ਦੀ ਰਾਏ ਮੰਗੀ ਗਈ। ਉਨ੍ਹਾਂ ਨੂੰ ਰਿਪੋਰਟ ਪੜ੍ਹਣ ਦਾ ਲੋੜੀਂਦਾ ਸਮਾਂ ਵੀ ਨਹੀਂ ਦਿੱਤਾ ਗਿਆ। ਜਲਦੀ-ਜਲਦੀ ਵਿੱਚ ਰਿਪੋਰਟ ਪੜ੍ਹ ਕੇ ਮੋਹੰਤੀ ਨੇ ਤਿੰਨ ਬਿੰਦੂਆਂ ਦਾ ਸੁਝਾਅ ਦਿੱਤਾ। ਸਭ ਤੋਂ ਅਹਿਮ ਸੁਝਾਅ ਸੀ ਕਿ ਵਿੱਤੀ ਸੰਕਟ ਦੇ ਕਾਰਨ ਦਾਸੋ ਏਵੀਏਸ਼ਨ, ਐਮਡੀਪੀਏ ਲਈ ਐਸਕਰੋ ਅਕਾਊਂਟ ਖੋਲ੍ਹੇ ਜਾਣ। ਐਸਕਰੋ ਅਕਾਊਂਟ ਇੱਕ ਅਜਿਹਾ ਅਕਾਊਂਟ ਹੁੰਦਾ ਹੈ ਜਿਸ ਵਿੱਚ ਸੌਦੇ ਮੁਤਾਬਕ ਜਹਾਜ਼ ਮਿਲਣ 'ਤੇ ਭਾਰਤ ਸਰਕਾਰ ਕਿਸ਼ਤਾਂ ਵਿੱਚ ਕੰਪਨੀ ਦਾ ਭੁਗਤਾਨ ਕਰਦੀ ਪਰ ਮੋਹੰਤੀ ਦੇ ਇਸ ਸੁਝਾਅ ਨੂੰ ਨਹੀਂ ਮੰਨਿਆ ਗਿਆ।

ਕੁਲ ਮਿਲਾਕੇ ਇਸ ਸਮਝੌਤੇ ਵਿੱਚ ਕਈ ਕਮੀਆਂ ਹਨ। ਸਭ ਤੋਂ ਵੱਡੀ ਫਿਕਰ ਦਾ ਵਿਸ਼ਾ 'ਪੈਨਲਟੀ ਫਾਰ ਅਨਡਿਊ ਇੰਫਲੂਐਂਸ' ਨਿਯਮ ਵਿੱਚ ਢਿੱਲ ਦੇਣਾ ਹੈ। ਪ੍ਰਧਾਨ ਮੰਤਰੀ ਫਰਾਂਸ ਗਏ ਅਤੇ ਕਿਹਾ ਕਿ ਗੱਲਬਾਤ ਵਿੱਚ ਸਰਕਾਰ 36 ਰਫਾਲ ਜਹਾਜ਼ ਖਰੀਦਣ ਦੀ ਸਹਿਮਤੀ ਬਣਾ ਪਾਈ ਹੈ। ਅਜਿਹਾ ਲਗ ਰਿਹਾ ਸੀ ਕਿ ਤਤਕਾਲੀ ਰੱਖਿਆ ਮੰਤਰੀ ਮਨੋਹਰ ਪਰੀਕਰ ਇਸ ਬੈਠਕ ਦਾ ਹਿੱਸਾ ਹੀ ਨਹੀਂ ਸਨ। ਇਸ ਐਲਾਨ ਤੋਂ ਕੁਝ ਦਿਨ ਪਹਿਲਾਂ ਹੀ ਦਾਸੋ ਦੇ ਸੀਈਓ ਐਰਿਕ ਟਰੈਪੀਅਰ ਨੇ ਕਿਹਾ ਸੀ ਕਿ ਉਹ ਐਚਏਐਲ ਦਾ ਸਾਥ 94 ਫੀਸਦੀ ਤੱਕ ਗੱਲਬਾਤ ਪੂਰੀ ਕਰ ਚੁੱਕੇ ਹਨ।

ਪਰ ਸਰਕਾਰ ਨੇ ਐਚਏਐਲ ਨੂੰ ਸੌਦੇ ਤੋਂ ਬਾਹਰ ਕਰਨ ਦਾ ਐਲਾਨ ਕਰਕੇ 'ਮੇਕ ਇਨ ਇੰਡੀਆ' ਨੂੰ ਵੀ ਇਸ ਨਾਲ ਖਤਮ ਕਰ ਦਿੱਤਾ ਗਿਆ। ਇਹ ਸੌਦਾ ਜ਼ਾਹਿਰ ਤੌਰ 'ਤੇ ਦੇਸ ਹਿੱਤ ਨੂੰ ਪ੍ਰਭਾਵਿਤ ਕਰਨ ਵਾਲਾ ਹੈ। ਆਮ ਤੌਰ 'ਤੇ ਇਸ ਤਰ੍ਹਾਂ ਦੇ ਸੌਦੇ ਵਿੱਚ ਕਿਹਾ ਜਾਂਦਾ ਹੈ ਕਿ 30 ਫੀਸਦੀ ਮੈਨੂਫੈਕਚਰਿੰਗ ਭਾਰਤ ਵਿੱਚ ਕੀਤੀ ਜਾਵੇ ਪਰ ਦਾਸੋ ਇਸ ਡੀਲ ਵਿੱਚ 50 ਫੀਸਦੀ ਤੱਕ ਸਥਾਨਕ ਉਤਪਾਦਨ 'ਤੇ ਸਹਿਮਤ ਸੀ। ਪਰ ਐਚਏਐਲ ਨੂੰ ਸੌਦੇ ਤੋਂ ਬਾਹਰ ਕਰ ਕੇ ਅਨਿਲ ਅੰਬਾਨੀ ਦੀ ਰਿਲਾਇੰਸ ਡਿਫੈਂਸ ਨੂੰ ਡੀਲ ਦਾ ਹਿੱਸਾ ਬਣਾਇਆ ਗਿਆ। ਉਸ ਵੇਲੇ ਫਰਾਂਸ ਦੇ ਰਾਸ਼ਟਰਪਤੀ ਫਰਾਂਸੁਆਂ ਓਲਾਂਦ ਕਹਿ ਚੁੱਕੇ ਹਨ ਕਿ 'ਉਨ੍ਹਾਂ ਕੋਲ ਕੋਈ ਬਦਲ ਨਹੀਂ ਸੀ।'

ਸਾਨੂੰ ਰਿਲਾਇੰਸ ਡਿਫੈਂਸ ਦੀ ਵਿੱਤੀ ਹਾਲਤ ਦਾ ਪਤਾ ਨਹੀਂ ਹੈ ਪਰ ਇਹ ਸਪਸ਼ਟ ਹੈ ਕਿ ਅਨਿਲ ਅੰਬਾਨੀ ਪਹਿਲਾਂ ਹੀ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਮਨੋਹਰ ਪਰੀਕਰ ਨੂੰ ਭਾਵੇਂ ਇਸ ਡੀਲ ਬਾਰੇ ਜਾਣਕਾਰੀ ਨਾ ਹੋਵੇ ਪਰ ਨਿਯਮਾਂ ਵਿੱਚ ਹੋ ਰਹੇ ਬਦਲਾਅ ਦੀ ਜਾਣਕਾਰੀ ਸੀ। ਉਨ੍ਹਾਂ ਨੂੰ ਇਸ ਨਾਲ ਜੁੜੇ ਦਸਤਾਵੇਜ਼ ਦਸੰਬਰ 2015 ਵਿੱਚ ਦਿੱਤੇ ਗਏ। ਰੱਖਿਆ ਸਕੱਤਰ ਜੀ ਮੋਹਨ ਕੁਮਾਰ ਇਸ ਤਰ੍ਹਾਂ ਦੀਆਂ ਗੜਬੜੀਆਂ ਨਾਲ ਪੂਰੀ ਤਰ੍ਹਾਂ ਇਨਕਾਰ ਕਰਦੇ ਹਨ। ਪਰ ਸਵਾਲ ਇਹ ਵੀ ਹੈ ਕਿ ਉਨ੍ਹਾਂ ਨੇ ਉਸ ਵੇਲੇ ਉਦੋਂ ਚਿੱਠੀ ਕਿਉਂ ਲਿਖੀ ਸੀ। ਕੀ ਉਨ੍ਹਾਂ ਨੇ ਇਹ ਨਹੀਂ ਲਿਖਿਆ ਕਿ ਪੈਰਲਲ ਗੱਲਬਾਤ ਨਾਲ ਸਾਡੀ ਗੱਲਬਾਤ ਪ੍ਰਭਾਵਿਤ ਹੋਵੇਗੀ?

**✪ ਰਫਾਲ ਡੀਲ ਦੀ ਕੀਮਤ ਲੁਕਾਈ ਗਈ**
**✪ ਅੰਬਾਨੀ ਕਾਰਨ ਨਿਯਮਾਂ ਦੀ ਕੀਤੀ ਗਈ ਉਲੰਘਣਾ**

ਸਾਲ 1980 ਦੇ ਦਹਾਕੇ ਤੋਂ ਬਾਅਦ ਰੱਖਿਆ ਅਧਿਕਾਰੀਆਂ ਨੂੰ ਕਦੇ ਵੀ ਇਸ ਤਰ੍ਹਾਂ ਦੇ ਸੌਦੇ ਦਾ ਹਿੱਸਾ ਨਹੀਂ ਬਣਾਇਆ ਗਿਆ ਪਰ ਉਨ੍ਹਾਂ ਨੂੰ ਕਮੇਟੀ ਦੇ ਮੁਖੀ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ ਸੀ। ਬੋਫੋਰਸ ਘੁਟਾਲੇ ਤੋਂ ਬਾਅਦ ਕੇਂਦਰ ਸਰਕਾਰ ਨਵੇਂ ਨਿਯਮ ਲੈ ਕੇ ਆਈ। ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ ਗੱਲਬਾਤ ਫਰਾਂਸ ਦੀ ਸਰਕਾਰ ਨਾਲ ਕੀਤੀ ਜਾ ਰਹੀ ਸੀ ਪਰ ਦਾਸੋ ਫਰਾਂਸ ਦੀ ਸਰਕਾਰੀ ਕੰਪਨੀ ਨਹੀਂ ਹੈ। 'ਸੰਪ੍ਰਭੂ ਗਰੰਟ' ਦਿੱਤੀ ਜਾਂਦੀ ਤਾਂ ਬਿਹਤਰ ਹੁੰਦਾ ਪਰ ਫਰਾਂਸ ਨੇ ਅਜਿਹਾ ਨਹੀਂ ਕੀਤਾ। ਫਰਾਂਸ ਦੀ ਸਰਕਾਰ ਨੇ ਇੱਕ ਦਸਤਾਵੇਜ਼ ਦਿੱਤਾ ਜਿਸ ਨੂੰ 'ਲੈਟਰ ਆਫ਼ ਕੰਫਰਟ' ਕਿਹਾ ਜਾਂਦਾ ਹੈ। ਕਾਨੂੰਨ ਮੁਤਾਬਕ 'ਲੈਟਰ ਆਫ਼ ਕੰਫਰਟ' ਦੀ ਕੋਈ ਕਾਨੂੰਨੀ ਮਾਨਤਾ ਨਹੀਂ ਹੁੰਦੀ ਪਰ ਭਵਿੱਖ ਵਿੱਚ ਦਾਸੋ ਇਸ ਸੌਦੇ ਨੂੰ ਪੂਰਾ ਨਹੀਂ ਕਰ ਪਾਉਂਦੀ ਹੈ ਤਾਂ ਇਹ ਦਸਤਾਵੇਜ਼ ਕਿਸੇ ਕੰਮ ਦੇ ਨਹੀਂ ਹੋਣਗੇ।

ਪਰ ਇਸ ਮਾਮਲੇ ਨੂੰ ਸੁਣਵਾਈ ਤੋਂ ਬਾਅਦ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਹੈ। ਇਹ ਸੁਪਰੀਮ ਕੋਰਟ ਲਈ ਵੀ ਮਾੜੀ ਹਾਲਤ ਸੀ। ਉਹ ਗਲਤ ਜਾਣਕਾਰੀ ਦੇ ਨਾਲ ਇਸ ਨਤੀਜੇ 'ਤੇ ਪਹੁੰਚੇ। ਮੈਨੂੰ ਲਗਦਾ ਹੈ ਕਿ ਕੋਈ ਨਾ ਕੋਈ ਵਕੀਲ ਇਸ ਮਾਮਲੇ ਨੂੰ ਦੁਬਾਰਾ ਸੁਪਰੀਮ ਕੋਰਟ ਵਿੱਚ ਲੈ ਕੇ ਜਾਏਗਾ। ਅਰੁਣ ਸ਼ੌਰੀ ਅਤੇ ਯਸ਼ਵੰਤ ਸਿਨਹਾ ਨੇ ਤਾਂ ਇਸ ਲਈ ਮੁੜ ਵਿਚਾਰ ਪਟੀਸ਼ਨ ਦਾਇਰ ਕੀਤੀ ਹੈ। ਰਫਾਲ ਇੱਕ ਚੰਗਾ ਲੜਾਕੂ ਜਹਾਜ਼ ਹੈ ਪਰ ਯੂਰੋ-ਫਾਈਟਰ ਵੀ ਇੱਕ ਬਿਹਤਰ ਬਦਲ ਹੈ। ਯੂਕੇ, ਜਰਮਨੀ, ਇਟਲੀ ਅਤੇ ਸਪੇਨ ਨੇ ਮਿਲ ਕੇ ਇੱਕ ਸੰਘ ਬਣਾਇਆ ਹੈ ਜਿਸ ਦੇ ਜਹਾਜ਼ ਨੂੰ ਯੂਰੋ-ਫਾਈਟਰ ਕਹਿੰਦੇ ਹਨ। ਉਹ 20 ਫੀਸਦੀ ਡਿਸਕਾਊਂਟ ਦੇ ਰਹੇ ਸਨ। ਇਹ ਜਹਾਜ਼ ਰਫਾਲ ਨਾਲੋਂ ਸਸਤਾ ਸੀ। ਪਰ ਇਨ੍ਹਾਂ ਜਹਾਜ਼ਾਂ ਨੂੰ ਨਹੀਂ ਖਰੀਦਿਆ ਗਿਆ। ਇਸ ਦਾ ਕਾਰਨ ਹੈ ਅਪ੍ਰੈਲ 2015 ਲਈ ਸਰਕਾਰ ਦਾ ਗੱਲਬਾਤ ਵਿੱਚ ਸ਼ਾਮਿਲ ਹੋਣਾ। ਇਸ ਨਾਲ ਮਾਹਿਰਾਂ ਦੀ ਸ਼ਕਤੀ ਘੱਟ ਹੋ ਗਈ। ਅਸੀਂ ਇਸ ਡੀਲ ਨੂੰ ਤਾਂ ਰੱਦ ਨਹੀਂ ਕਰ ਸਕਦੇ। ਹਾਂ ਜਾਂਚ ਕੀਤੀ ਜਾ ਸਕਦੀ ਹੈ।

## ਰਾਫੇਲ ਦੇ ਮੁੱਲ ਦਾ ਜ਼ਿਕਰ ਨਹੀਂ ਕੈਗ ਦੀ ਰਿਪੋਰਟ 'ਚ, ਰਾਹੁਲ ਗਾਂਧੀ ਨੇ ਉਠਾਏ ਸੁਆਲ

ਰਾਫ਼ੇਲ ਸਮਝੌਤੇ 'ਤੇ ਕੈਗ ਦੀ ਰਿਪੋਰਟ ਸੰਸਦ ਵਿਚ ਪੇਸ਼ ਹੋਈ। ਇਸ ਰਿਪੋਰਟ ਵਿਚ ਵੈਸੇ ਤਾਂ ਰਾਫ਼ੇਲ ਜਹਾਜ਼ਾਂ ਦੀ ਖਰੀਦ ਨਾਲ ਜੁੜੀ ਲੱਗਭੱਗ ਪੂਰੀ ਪ੍ਰਕਿਰਿਆ ਦੀ ਪੜਤਾਲ ਕੀਤੀ ਗਈ ਹੈ, ਪਰ 16 ਸਫਿਆਂ ਦੀ ਰਿਪੋਰਟ ਵਿਚ ਰਾਫ਼ੇਲ ਜਹਾਜ਼ਾਂ ਦੀ ਕੀਮਤ ਬਾਰੇ ਜ਼ਿਕਰ ਤੱਕ ਨਹੀਂ ਹੈ। ਜਿੱਥੇ ਕੀਮਤ ਦੀ ਗੱਲ ਹੈ, ਉਥੇ ਕੋਡ ਦੇ ਮਿਲੀਅਨ ਯੂਰੋ। ਇਸ ਆਧਾਰ 'ਤੇ ਸਮਝੌਤੇ ਨੂੰ ਪੁਰਾਣੇ ਸਮਝੌਤੇ ਤੋਂ ਸਸਤਾ ਦੱਸਿਆ ਹੈ, ਪਰ ਸਵਾਲ ਹੈ ਕਿ ਕਿੰਨੀ ਰਾਸ਼ੀ ਖਰਚੀ ਗਈ। ਵੈਸੇ ਤਾਂ ਸੰਸਦ ਵਿਚ ਇੱਕ ਸਵਾਲ ਦੇ ਜਵਾਬ ਵਿਚ 2016 ਵਿਚ ਹੀ ਮੋਦੀ ਸਰਕਾਰ ਇਹ ਦੱਸ ਚੁੱਕੀ ਹੈ ਕਿ ਬਿਨਾਂ ਹਥਿਆਰਾਂ ਵਾਲੇ ਇੱਕ ਰਾਫ਼ੇਲ ਜਹਾਜ਼ ਦੀ ਕੀਮਤ 570 ਕਰੋੜ ਰੁਪਏ ਹੈ, ਪਰ ਘਮਾਸਾਨ ਹਥਿਆਰਾਂ ਨਾਲ ਲੈਸ ਰਾਫ਼ੇਲ ਜਹਾਜ਼ ਦੀ ਕੀਮਤ 'ਤੇ ਪੈਦਾ ਹੋ ਰਿਹਾ ਹੈ। ਹਥਿਆਰਾਂ ਨਾਲ ਲੈਸ 36 ਰਾਫ਼ੇਲ ਦੀ ਕੀਮਤ ਇਹ ਕਹਿ ਕੇ ਸਰਕਾਰ ਦੱਸਣ ਤੋਂ ਇਨਕਾਰ ਕਰਦੀ ਰਹੀ ਹੈ ਕਿ ਭਾਰਤ ਤੇ ਫਰਾਂਸ ਸਰਕਾਰ ਦੇ ਵਿਚਕਾਰ ਜਹਾਜ਼ਾਂ ਦੀ ਖਰੀਦ ਨੂੰ ਲੈ ਕੇ ਹੋਏ ਇੰਟਰ ਗਵਰਨਮੈਂਟਲ ਐਗਰੀਮੈਂਟ ਦੀਆਂ ਕੁਝ ਸ਼ਰਤਾਂ ਇਸ ਦੀ ਇਜਾਜ਼ਤ ਨਹੀਂ ਦਿੰਦੀਆਂ। ਵਿਰੋਧੀ ਵੀ ਹਰ ਵਾਰ ਰਾਫ਼ੇਲ ਜਹਾਜ਼ਾਂ ਦੀ ਅਸਲ ਕੀਮਤ ਜਨਤਕ ਕਰਨ ਦੀ ਮੰਗ ਉਠਾਉਂਦਾ ਰਿਹਾ ਹੈ। ਕੈਗ ਨੇ ਆਪਣੀ ਰਿਪੋਰਟ ਵਿਚ 36 ਰਾਫ਼ੇਲ ਜਹਾਜ਼ਾਂ ਦੇ ਨਵੇਂ ਸਮਝੌਤੇ ਨੂੰ ਯੂ ਪੀ ਏ ਸਰਕਾਰ ਵਿਚ ਹੋਏ 126 ਜਹਾਜ਼ਾਂ ਵਾਲੀ ਪਿਛਲੇ ਸਮਝੌਤੇ ਤੋਂ ਬੇਹਤਰ ਦੱਸਿਆ ਹੈ ਤੇ ਕਿਹਾ ਹੈ ਕਿ ਪਿਛਲੇ ਸਮਝੌਤੇ ਵਿਚ ਬਦਲਾਅ ਕਰਨ ਨਾਲ ਦੇਸ਼ ਦੀ 17.8 ਫੀਸਦੀ ਰਕਮ ਬਚੀ ਹੈ।



**ਮਹਾਂ-ਝੂਠ ਗੱਠਜੋੜ ਝੂਠਾ-ਜੇਤਲੀ :** ਕੇਂਦਰੀ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਰਾਫਾਲ ਸਮਝੌਤੇ ਬਾਰੇ ਕੈਗ ਦੀ ਰਿਪੋਰਟ ਪੇਸ਼ ਹੋਣ ਮਗਰੋਂ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਦੇ ਦਾਅਵੇ ਝੂਠੇ ਸਾਬਤ ਹੋ ਗਏ ਹਨ। ਜੇਤਲੀ ਨੇ ਕਿਹਾ, 'ਇਹ ਨਹੀਂ ਹੋ ਸਕਦਾ ਕਿ ਸੁਪਰੀਮ ਕੋਰਟ ਗਲਤ ਹੈ, ਕੈਗ ਗਲਤ ਹੈ ਤੇ ਸਿਰਫ਼ ਉਹ ਹੀ ਠੀਕ ਹਨ। ਉਨ੍ਹਾਂ ਕਿਹਾ ਕਿ ਕੈਗ ਦੀ ਰਿਪੋਰਟ ਤੋਂ ਸਪਸ਼ਟ ਹੋ ਗਿਆ ਹੈ ਕਿ 2016 ਵਿਚ ਕੀਤਾ ਗਿਆ ਸਮਝੌਤਾ ਇਸ ਤੋਂ ਪਹਿਲਾਂ ਦੇ ਸਮਝੌਤੇ ਨਾਲੋਂ ਕੀਮਤ ਦੇ ਮਾਮਲੇ ਵਿਚ ਬਹੁਤ ਵਾਜਬ ਹੈ।

**ਕੈਗ ਦੀ ਰਿਪੋਰਟ ਪੂਰੀ ਤਰ੍ਹਾਂ ਝੂਠੀ-ਕਾਂਗਰਸ :** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕੈਗ ਵੱਲੋਂ ਰਾਫਾਲ ਜੈੱਟ ਸਮਝੌਤੇ ਬਾਰੇ ਪੇਸ਼ ਰਿਪੋਰਟ ਨੂੰ ਨਕਾਰਦਿਆਂ ਕਿਹਾ ਕਿ ਇਸ ਰਿਪੋਰਟ ਵਿਚ ਗੱਲਬਾਤ ਕਰਨ ਵਾਲਿਆਂ ਦੀਆਂ ਅਸਹਿਮਤੀ ਵਾਲੀਆਂ ਟਿੱਪਣੀਆਂ ਦਰਜ ਨਹੀਂ ਹਨ ਅਤੇ ਉਨ੍ਹਾਂ ਨੂੰ ਇਸ ਰਿਪੋਰਟ ਦਾ ਕੋਈ ਮਹੱਤਵ ਨਹੀਂ ਹੈ। ਰਾਹੁਲ ਨੇ ਦੋਸ਼ ਲਗਾਇਆ ਕਿ ਸਰਕਾਰ ਦਾ ਰਾਫਾਲ ਲੜਾਕੂ ਜਹਾਜ਼ਾਂ ਦੀ ਕੀਮਤ ਤੇ ਇਸ ਦੀ ਤੁਰੰਤ ਦਰਾਮਦਗੀ ਦਾ ਦਾਅਵਾ ਝੂਠਾ ਸਾਬਤ ਹੋਇਆ ਹੈ। ਨਵੇਂ ਸਮਝੌਤੇ ਦਾ ਇੱਕੋ ਇੱਕ ਮਕਸਦ ਕਾਰੋਬਾਰੀ ਅਨਿਲ ਅੰਬਾਨੀ ਨੂੰ 30 ਹਜ਼ਾਰ ਕਰੋੜ ਰੁਪਏ ਦਾ ਫਾਇਦਾ ਪਹੁੰਚਾਉਣਾ ਹੈ। ਹਾਲਾਂਕਿ ਸਰਕਾਰ ਤੇ ਅੰਬਾਨੀ ਨੇ ਕਾਂਗਰਸ ਦੇ ਦੋਸ਼ਾਂ ਨੂੰ ਨਕਾਰਿਆ ਹੈ।

# ਸਿੱਖ ਧਰਮ ਦੀਆਂ ਵਰਤਮਾਨ ਸਮੱਸਿਆਵਾਂ

**ਸਿੰਘ ਸਭਾ ਕੈਨੇਡਾ**

ਟੈਕਨੋਲੋਜੀ ਅਤੇ ਵਿਗਿਆਨ ਦੇ ਇਸ ਅਤਿ ਅਧੁਨਿਕ ਦੌਰ ਵਿਚ ਸੰਸਾਰ ਦੇ ਸਾਰੇ ਹੀ ਧਰਮ ਵਰਤਮਾਨ ਪ੍ਰਸਥਿਤੀਆਂ ਦੇ ਅੰਤਰਗਤ ਸਮੱਸਿਆਵਾਂ ਨਾਲ ਜੂਝ ਰਹੇ ਹਨ। ਇਝ ਜਾਪਦਾ ਹੈ ਕਿ ਸਿੱਖ ਧਰਮ ਜੋ ਸੰਸਾਰ ਦੇ ਧਰਮਾਂ ਦੀ ਲੜੀ ਵਿਚ ਸਭ ਤੋਂ ਛੋਟੀ ਉਮਰ ਦਾ ਅਤੇ ਆਧੁਨਿਕ ਧਰਮ ਹੈ, ਇਸ ਪੱਖੋਂ ਕੁਝ ਜ਼ਿਆਦਾ ਹੀ ਉਲਝਿਆ ਹੋਇਆ ਹੈ। ਇਹ ਸੱਚ ਹੈ ਕਿ ਧਰਮਾਂ ਦੇ ਫਲਸਫੇ ਵਿਚ ਵਕਤ ਦੇ ਨਾਲ ਨਾਲ ਬਦਲਾਵ ਵੀ ਆਉਂਦੇ ਹਨ ਅਤੇ ਆਉਣੇ ਵੀ ਚਾਹੀਦੇ ਹਨ। ਕਿਸੇ ਵੀ ਧਰਮ ਦੀ ਵਿਚਾਰਧਾਰਾ ਦਾ ਜਦੋਂ ਵਿਕਾਸ ਹੁੰਦਾ ਹੈ, ਉਸ ਲਈ ਸਮਕਾਲੀਨ, ਸਮਾਜਕ, ਰਾਜਨੀਤਕ ਅਤੇ ਸਥਾਨਕ ਪ੍ਰਸਥਿਤੀਆਂ ਦਾ ਪ੍ਰਭਾਵ ਕਬੂਲ ਕਰਨਾ ਕੁਦਰਤੀ ਹੈ। ਕਿਉਂਕਿ ਕਿਸੇ ਵੀ ਵਿਚਾਰਧਾਰਕ ਪ੍ਰਣਾਲੀ ਵਿਚ ਖੜੋਤ ਸੰਭਵ ਨਹੀਂ, ਵਿਕਾਸ ਹੀ ਸੰਭਵ ਹੈ। ਪਰ ਵਿਕਾਸ ਅਗਾਂਹ ਵਧੂ ਹੋਣਾ ਚਾਹੀਦਾ ਹੈ ਨਾ ਕਿ ਪਿਛਾਂਹ-ਖਿਚੂ ! ਜਦੋਂ ਅਸੀਂ ਸਿੱਖ ਧਰਮ ਦੀ ਵਰਤਮਾਨ ਸਥਿਤੀ ਦਾ ਜਾਇਜ਼ਾ ਲੈਂਦੇ ਹਾਂ, ਤਾਂ ਇਝ ਜਾਪਦਾ ਹੈ ਕਿ ਜਿਸ ਤਰ੍ਹਾਂ ਦੀਆਂ ਸਮਕਾਲੀਨ ਚੁਣੌਤੀਆਂ ਦਾ ਸਾਹਮਣਾ ਸਿੱਖ ਧਰਮ ਨੂੰ ਦਰਪੇਸ਼ ਹੈ, ਇਸ ਵਕਤ ਸੰਸਾਰ ਦੇ ਕਿਸੇ ਹੋਰ ਧਰਮ ਨੂੰ ਨਹੀਂ ਹੈ।

ਸਿੱਖ ਧਰਮ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਸ ਦੇ ਵਿਆਖਿਆਕਾਰ ਜਦੋਂ ਕਿਸੇ ਵੀ ਸੰਕਲਪ, ਸ਼ਬਦ ਜਾਂ ਨਿਯਮ ਦੀ ਪ੍ਰੀਭਾਸ਼ਾ ਜਾਂ ਵਿਆਖਿਆ ਪੇਸ਼ ਕਰਦੇ ਤਾਂ ਉਸ ਦਾ ਪਿਛੋਕੜ ਪੁਰਾਤਨ ਭਾਰਤੀ ਰਵਾਇਤੀ ਗ੍ਰੰਥਾਂ ਵਿਚੋਂ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਇਨ੍ਹਾਂ ਦੇ ਅਰਥਾਂ ਨੂੰ ਹੀ ਵਿਗਾੜ ਦਿੱਤਾ ਗਿਆ ਹੈ। ਵਿਸ਼ੇਸ਼ ਤੌਰ ਤੇ "ਨਾਮ, ਪੂਜਾ, ਸਿਮਰਨ, ਜਪ, ਤਪ ਅਜੋਕੇ ਸਮੇਂ ਵਿਚ ਵੱਖਰੇ ਹੀ ਅਰਥਾਂ ਨੂੰ ਬਿਆਨ ਕਰਦੇ ਹਨ। ਇਨ੍ਹਾਂ ਸ਼ਬਦਾਂ ਦੀ ਪੂਰੀ ਸਮਝ ਨਾ ਹੋਣ ਕਾਰਨ ਇਨ੍ਹਾਂ ਅਨੁਸਾਰ ਅਜਿਹੀਆਂ ਸਾਖੀਆਂ ਘੜੀਆਂ, ਜਾਂ ਪੁਰਾਤਨ ਗ੍ਰੰਥਾਂ 'ਚੋ, ਜਿਵੇਂ ਅਲਫ ਲੈਲਾ, ਹਜ਼ਾਰ ਦਾਸਤਾਨ, ਬੋਸਤਾਨ, ਗੁਲਿਸਤਾਨ ਆਦਿ ਵਿਚੋਂ ਨਕਲ ਕਰ ਕੇ ਗੁਰੂ ਸਾਹਿਬਾਨ ਨਾਲ ਜਨਮ ਸਾਖੀਆਂ ਆਦਿ ਵਿਚ ਦਰਜ ਕੀਤੀਆਂ ਗਈਆਂ। ਏਨਾ ਹੀ ਨਹੀਂ ਸਗੋਂ 'ਗੁਰੂ,' 'ਸ਼ਬਦ,' 'ਸਿੱਖ' ਸ਼ਬਦ ਅਤੇ ਹੋਰ ਅਨੇਕਾਂ ਸੰਕਲਪ ਜਾਂ ਨਿਯਮ ਜੋ ਕਿ ਗੁਰਮਤਿ ਸ਼ਬਦਾਵਲੀ ਨਾਲ ਜੁੜੇ ਹੋਏ ਹਨ, ਉਨ੍ਹਾਂ ਦੇ ਅਰਥਾਂ ਨੂੰ ਵੀ ਪ੍ਰੰਪਰਾਗਤ ਬਣਾ ਦਿੱਤਾ ਗਿਆ ਹੈ। ਭਾਸ਼ਾ ਵਿਗਿਆਨ ਅਨੁਸਾਰ ਸਮੇਂ ਅਤੇ ਸਥਾਨ ਮੁਤਾਬਕ ਸ਼ਬਦਾਂ ਦੇ ਅਰਥ ਬਦਲਦੇ ਰਹਿੰਦੇ ਹਨ। ਕਈ ਸ਼ਬਦਾਂ ਦੇ ਅਰਥ ਬਹੁਤ ਉੱਚੇ ਹੋ ਜਾਂਦੇ ਹਨ ਤੇ ਕਈ ਸ਼ਬਦਾਂ ਦੇ ਅਰਥ ਨੀਵੇਂ ਹੋ ਜਾਂਦੇ ਹਨ। ਇਸੇ ਤਰ੍ਹਾਂ ਸਮੇਂ ਅਤੇ ਸਥਾਨ ਦੀ ਤਬਦੀਲੀ ਕਾਰਨ ਬਹੁਤੇ ਸੰਕਲਪਾਂ ਜਾਂ ਸਿਧਾਂਤਾਂ ਦੀ ਪੁਨਰ ਵਿਆਖਿਆ ਹੁੰਦੀ ਰਹਿੰਦੀ ਹੈ। ਪਰ ਗੁਰਬਾਣੀ ਨੇ ਲਗ ਭਗ ਹਰ ਇਕ ਸੰਕਲਪ ਜਾਂ ਸਿਧਾਂਤ ਦੀ ਪੁਨਰ ਵਿਆਖਿਆ ਕੀਤੀ ਹੈ। ਅਸੀਂ ਸਿੱਖ ਸ਼ਬਦ ਦਾ ਪਿਛੋਕੜ ਪਾਲੀ ਜਾਂ ਅਭਰੰਸ਼ ਭਾਸ਼ਾ ਵਿਚ ਤਲਾਸ਼ ਕਰਨ ਤੁਰ ਪੈਂਦੇ ਹਾਂ, ਪਰ ਇਹ ਭੁੱਲ ਜਾਂਦੇ ਹਾਂ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਸਾਨੂੰ ਨੀਯਮਾਵਲੀ ਦਾ ਪੂਰਾ ਉੱਤਰ ਮਿਲ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਤੇ ਅਮਲ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਸਿੱਖ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ 9 ਉਤਰਾ-ਧਿਕਾਰੀ ਗੁਰੂ ਸਾਹਿਬਾਨ ਜਿਨ੍ਹਾਂ ਨੇ ਸੰਨ 1469-1708 ਤਕ ਸਮੁੱਚੀ ਮਨੁੱਖਤਾ ਨੂੰ ਆਪਣੀ ਰਹਿਮਤ ਦੁਆਰਾ ਨਿਵਾਜਿਆ, ਸਮੁੱਚੀ ਮਨੁੱਖਤਾ ਦੇ ਕਲਿਆਣ ਲਈ ਨਿਸ਼ਕਾਮ ਸੇਵਾ ਅਤੇ ਸਚਿਆਰੇ ਜੀਵਨ ਦੇ ਆਧਾਰ ਤੇ ਇਕ ਨਵੀਂ ਜੀਵਨ ਜਾਚ ਪ੍ਰਦਾਨ ਕੀਤੀ। ਗੁਰੂ ਸਾਹਿਬਾਨ ਨੇ ਦੁਨਿਆਵੀ ਕੰਮਾਂ ਵਿਚ ਵਿਚਰਦਿਆਂ ਹੀ ਅਧਿਆਤਮਕ ਜੀਵਨ ਦੀ ਵਚਿਤਰ ਮਿਸਾਲ ਕਾਇਮ ਕੀਤੀ। ਉਨ੍ਹਾਂ ਨੇ ਧਰਮ ਨਿਰ-ਪੱਖ ਅਤੇ ਲੋਕਤੰਤਰੀ ਅਸੂਲਾਂ ਦੀ ਬੁਨਿਆਦ ਤੇ ਸਾਰਾ ਕੁਝ ਅਮਲੀ ਤੌਰ ਤੇ ਜੀਅ ਕੇ ਸਿੱਖਿਆਇਆ। ਜਿਹੜੇ ਲੋਕ ਇਨ੍ਹਾਂ ਅਸੂਲਾਂ ਦੇ ਧਾਰਨੀ ਹੋਏ ਉਹ ਹੀ ਸਿੱਖ ਅਖਵਾਏ ਅਤੇ ਅਖਵਾਉਂਦੇ ਹਨ।

ਸਿੱਖ ਧਰਮ ਦੀਆਂ ਵਰਤਮਾਨ ਸਮੱਸਿਆਵਾਂ ਵਿਚ ਸਭ ਤੋਂ ਮਹੱਤਵਪੂਰਣ ਸਮੱਸਿਆ ਇਹ ਹੈ ਕਿ ਇਸ ਦੇ ਵਿਚਾਰਧਾਰਕ ਪੱਖ ਅਤੇ ਪ੍ਰਚਲਤ ਪ੍ਰਥਾ ਇਕ ਦੂਸਰੇ ਦੇ ਬਿਲਕੁਲ ਹੀ ਉਲਟ ਪ੍ਰਤੀਤ ਹੁੰਦੇ ਹਨ। ਸਿੱਖ ਧਰਮ ਦੀ ਪ੍ਰਚਲਤ ਪ੍ਰਥਾ ਦੇ ਅਧਾਰ 'ਤੇ ਜੇ ਸਿੱਖ ਵਿਚਾਰਧਾਰਕ ਪ੍ਰਣਾਲੀ ਦਾ ਜਾਇਜ਼ਾ ਲੈਣਾ ਹੋਵੇ ਤਾਂ ਉਹ ਸਾਰਾ ਕੁਝ ਸਿੱਖ ਧਰਮ ਦੀਆਂ ਪਰੰਮਪਰਾਵਾਂ ਦਾ ਹਿੱਸਾ ਲੱਗਦਾ ਹੈ, ਜਿਸ ਦੇ ਵਿਰੁਧ ਕਿਸੇ ਸਮੇਂ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਾਜ਼ ਉਠਾਈ ਸੀ ਅਤੇ ਜਿਸ ਵਿਚਾਰਧਾਰਾ ਤੇ ਪਹਿਰਾ ਦਿੰਦੇ ਹੋਏ ਸਿੱਖ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਬੇਅੰਤ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ। ਪਰ ਅਜੋਕੇ ਸਿੱਖ ਸਮਾਜ ਵਿਚ ਉਹ ਸਾਰੀਆਂ ਕੁਰੀਤੀਆ ਮੌਜੂਦ ਹਨ, ਜਿਨ੍ਹਾਂ ਤੋਂ ਗੁਰੂ ਸਾਹਿਬਾਨ ਨੇ ਆਪਣੇ ਪੈਰੋਕਾਰਾਂ ਨੂੰ ਵਰਜਿਆ, ਰੋਕਿਆ। ਪੰਜਾਬ ਦੇ ਪਿੰਡਾਂ ਵਿਚ ਵਿਹਲੜ ਬਾਬਿਆਂ ਦੀ ਭਰਮਾਰ ਇਸ ਤੱਥ ਦਾ ਜਿਉਂਦਾ ਸਬੂਤ ਹੈ ਕਿ ਅਸੀਂ ਸਿੱਖ ਧਰਮ ਦੇ ਬੁਨਿਆਦੀ ਅਸੂਲ 'ਕਿਰਤ ਕਰਨ' ਤੇ 'ਵੰਡ ਕੇ ਛਕਣ' ਦੇ ਵਿਰੁੱਧ ਵਿਚਰ ਰਹੇ ਹਾਂ। ਇਨ੍ਹਾਂ ਬਾਬਿਆਂ ਨੂੰ ਸਿੱਖਾਂ ਵੱਲੋਂ ਹੀ ਭੇਟਾ ਤੇ ਸ਼ਰਧਾ ਦੇ ਨਾਂ 'ਤੇ ਪ੍ਰਾਪਤ ਹੁੰਦਾ ਧਨ, ਸਿੱਖੀ ਦਾ ਨੁਕਸਾਨ ਕਰ ਰਿਹਾ ਹੈ। ਗੁਰੂ ਸਾਹਿਬ ਦੇ ਜ਼ਮਾਨੇ ਵਿਚ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਸੰਤ ਦੀ ਉਪਾਧੀ ਨਹੀਂ ਸੀ ਦਿੱਤੀ ਗਈ, ਸਗੋਂ ਹਰ ਸਿੱਖ ਸੰਤ ਵੀ ਸੀ ਤੇ ਸਿਪਾਹੀ ਵੀ। ਗੁਰੂ ਸਾਹਿਬਾਨ ਦੇ ਬਹੁਤ ਹੀ ਨਿਕਟ ਵਰਤੀ ਤੇ ਵਿਦਵਾਨ ਸਿੱਖਾਂ ਨੂੰ ਭਾਈ ਦਾ ਖਿਤਾਬ ਸੀ। ਸਾਰੇ ਹੀ ਬਰਾਬਰ ਸਨ ਤੇ ਭਾਈ ਬਰਾਬਰੀ ਦਾ ਸੰਕੇਤ ਸੀ ਪਰ ਅਜੋਕੇ ਸਮੇਂ ਜਪੁਜੀ ਸਾਹਿਬ ਦੀਆਂ 5 ਪਉੜੀਆਂ ਵਿਚ 7 ਗਲਤੀਆਂ ਕਰਨ ਵਾਲੇ ਵੀ ਭਾਈ ਨਹੀਂ ਸੰਤ ਅਖਵਾਉਂਦੇ ਹਨ। ਸਾਡੇ ਧਾਰਮਿਕ ਅਦਾਰੇ ਹੀ ਇਨ੍ਹਾਂ ਲੋਕਾਂ ਨੂੰ ਸੰਤ, ਸ੍ਰੀ ਮਾਨ 108, 1008, ਬ੍ਰਹਮ ਗਿਆਨੀ ਆਦਿ ਦੀਆਂ ਉਪਾਧੀਆਂ ਨਾਲ ਸੰਬੋਧਨ ਕਰਦੇ ਹਨ।

ਇਨ੍ਹਾਂ ਅਖੌਤੀ ਸਾਧਾਂ ਦੇ ਡੇਰਿਆਂ ਵਿਚ ਐਸ਼ੋ-ਆਰਾਮ ਤੇ ਭ੍ਰਿਸ਼ਟਾਚਾਰ ਦੇ ਇੰਨੇ ਸਾਧਨ ਮੌਜੂਦ ਹਨ, ਜਿੰਨੇ ਕੇ ਰਾਜੇ ਮਹਾਰਾਜਿਆਂ ਦੇ ਹਰਮਾਂ ਵਿਚ ਵੀ ਉਪਲਬਧ ਨਹੀਂ ਹੁੰਦੇ ਸਨ। ਇਹ ਡੇਰੇ ਆਧੁਨਿਕ ਉਪਕਰਣਾ ਨਾਲ ਪੂਰੀ ਤਰ੍ਹਾਂ ਲੈਸ ਹਨ ਅਤੇ ਹਰ ਪ੍ਰਕਾਰ ਦੇ ਭ੍ਰਿਸ਼ਟ ਕੰਮ ਇਨ੍ਹਾਂ ਹੀ ਡੇਰਿਆਂ ਵਿਚ ਹੁੰਦੇ ਹਨ।

ਪੰਥ ਪ੍ਰਵਾਨਤ ਸਿੱਖ ਰਹਿਤ ਮਰਿਯਾਦਾ ਵਿਚ ਸਿੱਖ ਦੀ ਤਾਰੀਫ ਕੁਝ ਇਸ ਤਰ੍ਹਾਂ ਬਿਆਨ ਕੀਤੀ ਗਈ ਹੈ: 'ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸ਼ਮੇਸ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਹੈ, ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।'

ਭਾਵ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਸਭ ਤੋਂ ਪਵਿਤਰ ਅਤੇ ਸਤਿਕਾਰਯੋਗ ਗ੍ਰੰਥ ਹੈ। ਸਿੱਖ ਧਰਮ ਦੀ ਬੁਨਿਆਦ ਗੁਰੂ ਸਾਹਿਬਾਨ ਦੀ ਸਿੱਖਿਆ ਤੇ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸਪੱਸ਼ਟ ਹੈ ਕਿ ਸਿੱਖਾਂ ਦਾ ਵਰਤਮਾਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ ਅਤੇ ਗੁਰਸਿੱਖਾਂ ਦਾ ਸਮੁਚਾ ਧਾਰਮਿਕ ਅਤੇ ਸਮਾਜਿਕ ਜੀਵਨ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਿਤ ਹੈ। ਭਾਵ ਕਿ ਗੁਰਸਿੱਖ ਨੇ ਪੂਰੇ ਜੀਵਨ ਦੀ ਅਮਲੀ ਤੇ ਅਧਿਆਤਮਕ ਰਹਿਬਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਕਰਨੀ ਹੈ ਪਰ ਅਜੋਕੇ ਸਮੇਂ ਸਿੱਖ ਗੁਰੂ ਗ੍ਰੰਥ ਸਾਹਿਬ ਦਾ ਉਪਾਸ਼ਕ ਨਹੀਂ, ਪੁਜਾਰੀ ਬਣ ਗਿਆ ਹੈ। ਵਿਦੇਸ਼ੀ ਸਾਹਿਤ ਵਿਚ ਵੀ ਇਸ ਗੱਲ ਦੀ ਤਸਦੀਕ ਹੁੰਦੀ ਹੈ: 'ਕੈਂਬਰੇਜ ਫੈਕਟਸ-ਫਾਇੰਡਰ' ਵਿਚ ਸਿੱਖਾਂ ਨੂੰ 'ਆਦਿ ਗ੍ਰੰਥ ਦੇ ਪੁਜਾਰੀ ਦੱਸਿਆ ਗਿਆ ਹੈ।' ਸੰਸਾਰ ਦੇ ਜਿੰਨੇ ਵੀ ਗੁਰਦੁਆਰੇ ਹਨ ਭਾਵੇਂ ਉਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਹੋ ਰਿਹਾ ਹੈ ਜਾਂ ਕਿਸੇ ਹੋਰ ਸੰਸਥਾ ਦੁਆਰਾ, ਉਨ੍ਹਾਂ ਸਾਰਿਆਂ ਪ੍ਰਬੰਧਾਂ ਅਧੀਨ ਪ੍ਰਭਾਵ ਇਹ ਮਿਲ ਰਿਹਾ ਹੈ ਕਿ ਅਸੀਂ ਗੁਰੂ ਨੂੰ ਬੁੱਤ ਦਾ ਦਰਜਾ ਦੇ ਦਿੱਤਾ ਹੈ। ਭਾਵੇਂ ਬੁੱਤ-ਪ੍ਰਸਤੀ ਸਿੱਖ ਧਰਮ ਵਿਚ ਵਿਵਰਜਿਤ ਹੈ, ਮਨ੍ਹਾ ਹੈ। ਗੁਰੂ ਦਾ ਸਤਿਕਾਰ ਗੁਰੂ ਦੇ ਉਪਦੇਸ਼ ਉਤੇ ਅਮਲ ਕਰਨਾ ਹੈ, ਜਿਸ ਨੂੰ ਕਰਨ ਵਿਚ ਅਸੀਂ ਕੁਤਾਹੀ ਕਰ ਰਹੇ ਹਾਂ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਆਪ ਵੀ ਇਸ ਤੱਥ ਦਾ ਸਾਖਸ਼ੀ ਹੈ ਕਿ ਗੁਰਸਿੱਖ ਨੇ ਉਨ੍ਹਾਂ ਤੋਂ ਅਗਵਾਈ ਲੈਣੀ ਤੇ ਉਸ ਤੇ ਅਮਲ ਕਰਨਾ ਹੈ, ਪੂਜਾ ਨਹੀਂ ਕਰਨੀ:-

ਸਲੋਕੁ ਮ: 3 ॥ ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

ਸਿੱਖ ਧਰਮ ਦੁਨੀਆ ਦੇ ਧਰਮਾਂ ਦੇ ਇਤਿਹਾਸ ਵਿਚ



ਸਭ ਤੋਂ ਆਧੁਨਿਕ, ਸਭ ਤੋਂ ਵੱਧ ਵਿਗਿਆਨਕ ਤੇ ਤਰਕ ਤੇ ਅਧਾਰਿਤ ਧਰਮ ਹੈ। ਸਿੱਖ ਗੁਰੂ ਸਾਹਿਬਾਨ ਨੇ ਜੇ ਕਿਸੇ ਮਨੁੱਖ ਦੀ ਕਾਇਆਕਲਪ ਕੀਤੀ, ਉਸ ਦੇ ਜੀਵਨ ਵਿਚ ਤਬਦੀਲੀ ਲਿਆਂਦੀ ਤਾਂ ਕਿਸੇ ਕਰਾਮਾਤ ਜਾਂ ਪਰਾ-ਸਰੀਰਕ ਕਲਪਿਤ ਕਥਾ ਕਹਾਣੀ ਜਾਂ ਕਿਸੇ ਕਿਸਮ ਦਾ ਅਖੌਤੀ ਜੰਤਰ ਮੰਤਰ ਦੇ ਜਾਪ ਦੁਆਰਾ ਨਹੀਂ, ਕੇਵਲ ਦਲੀਲ ਦੇ ਅਧਾਰ ਤੇ ਤੱਥਾਂ ਦੀ ਬੁਨਿਆਦ ਤੇ ਗਿਆਨ ਦੇ ਚਾਨਣ ਨਾਲ ਲੋਕਾਈ ਦੇ ਜੀਵਨ ਵਿਚ ਸੁਧਾਰ ਲਿਆਂਦਾ। ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰਦੁਆਰ ਵਿਖੇ ਪਾਂਡਿਆਂ ਨੂੰ ਇਹ ਗੱਲ ਸਮਝਾਣ ਲਈ ਕਿ ਤੁਹਾਡਾ ਪਾਣੀ ਤੁਹਾਡੇ ਪਿੱਤਰਾਂ ਕੋਲ ਇਸ ਤਰ੍ਹਾਂ ਕਰਮ-ਕਾਂਡ ਦੁਆਰਾ ਨਹੀਂ ਪੁਜ ਸਕਦਾ, ਕਿਸੇ ਜੰਤਰ ਮੰਤਰ ਦਾ ਸਹਾਰਾ ਨਹੀਂ ਲਿਆ, ਬਲਕਿ ਅਮਲੀ ਤੌਰ ਤੇ ਖੁਦ ਪਾਣੀ ਵਿਚ ਉਤਰ ਕੇ ਪਾਣੀ ਨੂੰ ਪੱਛਮ ਵੱਲ ਉਛਾਲ ਕੇ, ਫਿਰ ਦਲੀਲ ਨਾਲ ਕਾਇਲ ਕੀਤਾ ਕਿ ਜਿਸ ਤਰ੍ਹਾਂ ਉਹ ਸੋਚ ਕੇ ਕਰਮ ਕਾਂਡ ਕਰੀ ਜਾ ਰਹੇ ਹਨ ਇਹ ਸਭ ਫਜ਼ੂਲ ਹੈ, ਵਿਅਰਥ ਹੈ।

ਪਰ ਅਫਸੋਸ ਉਸੇ ਗੁਰੂ ਦੇ ਸਿੱਖ ਅਖਵਾਉਣ ਵਾਲੇ ਗੁਰਸਿੱਖ ਅੱਜ-ਕੱਲ੍ਹ ਗੁਰਬਾਣੀ ਦੇ ਸ਼ਬਦਾਂ ਨੂੰ ਹੀ ਮੰਤਰ ਜਾਪ ਕਰ ਕੇ ਲੋਕਾਂ ਨੂੰ ਸੰਸਾਰਿਕ ਪਦਾਰਥਾਂ ਦੀ ਪ੍ਰਾਪਤੀ ਦਾ ਮਾਰਗ ਦੱਸ ਰਹੇ ਹਨ। ਕਿਤੇ ਸਰੀਰਕ ਰੋਗ ਮਿਟਾਣ ਲਈ ਤੇ ਕਿਤੇ ਦੁਨਿਆਵੀ ਮੁਸੀਬਤਾਂ ਤੋਂ ਪੱਲਾ ਛੁਡਾਉਣ ਲਈ। ਗੁਰੂ ਸਾਹਿਬਾਨ ਦੀ ਘਾਲਣਾ ਜੋ ਪਰਮ ਮਨੁਖ ਦੀ ਹੈਸੀਅਤ ਵਿਚ ਬਹੁਤ ਹੀ ਮਹਾਨ ਹੈ, ਸਾਡੀ ਨਾ ਸਮਝੀ ਕਾਰਨ ਅਸੀਂ ਉਨ੍ਹਾਂ ਨੂੰ ਕਲਪਿਤ ਮਿੱਥਿਹਾਸਕ ਪਾਤਰਾਂ ਨਾਲ ਤੁਲਨਾ ਕਰਨ ਲਈ ਜਾਂ ਉਨ੍ਹਾਂ ਤੋਂ ਵੀ ਮਹਾਨ ਦਰਸਾਉਣ ਲਈ ਗੁਰੂ ਸਾਹਿਬਾਨ ਨਾਲ ਵੀ ਉਹੋ ਜਿਹੀਆਂ ਕਾਲਪਨਿਕ ਕਹਾਣੀਆਂ ਜੋੜ ਦਿੱਤੀਆਂ, ਜਿਸ ਨਾਲ ਅਸੀਂ ਉਨ੍ਹਾਂ ਨੂੰ ਇਸ ਧਰਮ ਖੰਡ ਦੀ ਮਹਾਨ ਧਰਤੀ ਤੇ ਵਿਚਰਦੇ ਵਾਸਤਵਿਕ ਇਨਸਾਨ ਨਹੀਂ ਸਗੋਂ ਕਿਸੇ ਕਾਲਪਨਿਕ ਦੇਵ ਲੋਕ ਦੇ ਕਲਪਿਤ ਦੇਵ ਪਾਤਰ ਬਣਾ ਦਿੱਤਾ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਸਮਕਾਲੀਨ ਸੰਸਾਰ ਦੇ ਜਿੰਨੇ ਭਾਗ ਦਾ ਪੈਦਲ ਸਫਰ ਕਰਕੇ ਮਨੁੱਖਤਾ ਦੀ ਭਲਾਈ ਦਾ ਜੋ ਕਾਰਜ ਕੀਤਾ, ਉਸ ਨੂੰ ਸਲਾਹੁਣ ਦੀ ਥਾਂ ਅਗਿਆਨਤਾ ਵੱਸ ਹੋ ਕੇ ਕਿਤੇ ਅੱਖਾਂ ਮੀਟ ਕੇ ਕਿਤੇ ਮੱਛ ਦੀ ਪਿਠ ਤੇ ਅਤੇ ਕਿਤੇ ਪਹਾੜਾਂ ਦੀਆਂ ਕੰਧਰਾਂ ਵਿਚ ਉਡ ਕੇ ਜਾਂਦੇ ਦਿਖਾ ਕੇ ਇਹ ਸਾਬਤ ਕਰਨ ਵਿਚ ਹੀ ਆਪਣੀ ਸ਼ਕਤੀ ਨਸ਼ਟ ਕਰ ਰਹੇ ਹਾਂ ਕਿ ਉਹ ਕਿਸੇ ਕਾਲਪਨਿਕ ਮਿਥਿਹਾਸਕ ਪਾਤਰ ਤੋਂ ਘੱਟ ਸਨ ! ਉਹ ਉਡ ਕੇ ਵੀ ਜਾ ਸਕਦੇ ਸਨ। ਅਤੇ ਉਨ੍ਹਾਂ ਦੇ ਉਪਦੇਸ਼ ਨੂੰ ਸਮਝਣ ਲਈ ਜਤਨ ਹੀ ਨਹੀਂ ਕੀਤੇ।

ਭਾਰਤੀ ਭਗਤੀ ਲਹਿਰ ਦੀ ਗੱਲ ਕਰਦਿਆਂ ਡਾ: ਜੇ. ਡੀ. ਕਨਿਘਮ ਲਿਖਦਾ ਹੈ:

"ਇਹ ਗੁਰੂ ਨਾਨਕ (ਸਿੱਖ ਧਰਮ ਦੇ ਬਾਨੀ) ਦੇ ਲਈ ਛੱਡ ਦਿੱਤਾ ਕਿ ਉਹ ਇਸ ਸੁਧਾਰ ਦੇ ਸੱਚੇ ਅਸੂਲਾਂ ਨੂੰ ਨਿਰਧਾਰਿਤ ਕਰਨ ਅਤੇ ਆਪਣੇ ਜਾ-ਨਸ਼ੀਨਾਂ ਲਈ ਉਹ ਅਜਿਹੇ ਬੁਨਿਆਦੀ ਅਸੂਲ ਨਿਰਧਾਰਤ ਕਰਨ ਜਿਨ੍ਹਾਂ ਦੁਆਰਾ ਉਹ ਇਕ ਨਵੀਂ ਕੌਮ ਸਿਰਜਣ ਵਿਚ ਸਫਲ ਹੋ ਸਕਣ। ਉਨ੍ਹਾਂ ਨੇ ਇਸ ਅਸੂਲ ਨੂੰ ਅਮਲੀ ਰੂਪ ਦਿੱਤਾ ਜਿਸ ਦੁਆਰਾ ਨੀਵੇਂ ਅਖਵਾਉਣ ਵਾਲੇ ਉਚੇ ਲੋਕਾਂ ਨਾਲ ਧਾਰਮਕ ਸਫਾਂ ਵਿਚ, ਨਸਲ ਦੇ ਅਧਾਰ ਤੇ ਅਤੇ ਸਿਆਸੀ ਹੱਕਾਂ ਦੇ ਅਧਾਰ ਤੇ ਬਰਾਬਰ ਹੋ ਗਏ।"

ਬਦਕਿਸਮਤੀ ਇਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਗੁਰੂ ਸਾਹਿਬਾਨ ਨੇ ਕੁਰਬਾਨੀਆਂ ਦੇ ਕੇ ਅਖੌਤੀ ਉਚੇ ਲੋਕਾਂ ਦੇ ਬਰਾਬਰ ਕੀਤਾ, ਅੱਜ ਸਿੱਖ ਧਰਮ ਵਿਚ ਉਹ ਹੀ ਆਪਣੇ ਆਪ ਨੂੰ ਸਭ ਤੋਂ ਸ੍ਰੇਸ਼ਟ ਮੰਨ ਕੇ ਆਪਣੇ ਨਾਲੋਂ ਕਮਜ਼ੋਰ ਤੇ ਅਖੌਤੀ ਨੀਵੇਂ ਲੋਕਾਂ ਨੂੰ ਨਾਲ ਬਿਠਾ ਕੇ ਰਾਜ਼ੀ ਨਹੀਂ ਹਨ। ਨੀਝ ਨਾਲ ਤੱਕੀਏ ਤਾਂ ਸਾਨੂੰ ਸਪਸ਼ਟ ਹੋ ਜਾਏਗਾ ਕਿ ਹਿੰਦੂ ਧਰਮ ਦੇ ਬਰਾਬਰ ਹੀ ਸਾਡੇ ਵਿਚ ਉਚ ਨੀਚ ਦੀ ਗਲਤ ਪ੍ਰਥਾ ਅੱਜ ਵੀ ਕਾਇਮ ਹੈ ਤੇ ਅਸੀਂ ਇਸ ਵਕਤ ਉਸ ਦਲ-ਦਲ ਵਿਚ ਮੁੜ ਫਸੇ ਹੋਏ ਹਾਂ, ਜਿੱਥੋਂ ਸਾਡੇ ਗੁਰੂ ਸਾਹਿਬਾਨ ਨੇ ਕੁਰਬਾਨੀਆਂ ਦੇ ਕੇ ਸਾਨੂੰ ਬਾਹਰ ਕੱਢਿਆ ਸੀ। ਸੋ ਜਾਤ-ਪਾਤ ਦੀ ਸਮੱਸਿਆ ਅਜੋਕੇ ਸਿੱਖ ਧਰਮ ਦੀ ਇਕ ਬਹੁਤ ਵੱਡੀ ਸਮੱਸਿਆ ਹੈ।

ਗੁਰੂ ਨਾਨਕ ਦੇਵ ਜੀ ਦਾ ਧਰਮ ਇਸ ਲਈ ਵੀ ਵੱਚਿਤਰ ਹੈ ਕਿ ਇਸ ਨੇ ਪਹਿਲੀ ਵਾਰੀ ਮਨੁੱਖ ਦੇ ਅਧਿਆਤਮਕ ਜੀਵਨ ਤੇ ਅਮਲੀ ਜੀਵਨ ਵਿਚਕਾਰਲੀ ਦੀਵਾਰ ਨੂੰ ਤੋੜ ਦਿੱਤਾ ਅਤੇ ਇਨ੍ਹਾਂ ਵਿਚ ਪਰਸਪਰ ਸਾਂਝ ਕਾਇਮ ਕੀਤੀ। ਪਹਿਲੀ ਵਾਰ ਉਨ੍ਹਾਂ ਨੇ ਹੀ ਮਨੁੱਖੀ ਜੀਵਨ ਵਿਚੋਂ ਵਰ-ਸਰਾਪ, ਸੁਰਗ-ਨਰਕਾਂ ਅਤੇ ਸਗਣ-ਅਪਸਗਣ ਦੇ ਭੈ ਨੂੰ ਬਾਹਰ ਕੱਢਿਆ। ਉਨ੍ਹਾਂ ਦਾ ਧਰਮ ਅਧਿਆਤਮਕ ਮੁਕਤੀ ਦਾ ਧਰਮ ਨਹੀਂ ਹਕੀਕਤ ਵਿਚ ਉਨ੍ਹਾਂ ਨੇ ਅਧਿਆਤਮਕ ਮੁਕਤੀ ਨੂੰ ਸਮਾਜਕ ਮੁਕਤੀ ਨਾਲ ਜੋੜਿਆ ਹੈ। ਉਨ੍ਹਾਂ ਦੇ ਸਿੱਖ ਮਰਕੇ ਮੁਕਤ ਨਹੀਂ ਸਗੋਂ ਜੀਵਨ ਮੁਕਤ ਹੁੰਦੇ ਹਨ। ਸਿੱਖ ਧਰਮ ਦੀ ਇਹ ਹੀ ਖੂਬੀ ਇਸ ਨੂੰ ਵਿਚਾਰਧਾਰਾ ਅਤੇ ਸਿਧਾਂਤਾਂ ਪੱਖੋਂ ਬਾਕੀ ਦੇ ਤਮਾਮ ਭਾਰਤੀ ਧਰਮਾਂ ਤੇ ਪੱਛਮੀ ਕਤੇਬੀ ਧਰਮਾਂ ਨਾਲੋਂ ਵਖਰਿਆਉਂਦੀ ਹੈ। ਸਿੱਖ ਧਰਮ ਨੇ ਸਮਾਜਕ ਮੁਕਤੀ ਤੇ ਬਲ ਦਿੱਤਾ ਪਰ ਪਰੰਪਰਾ ਵਾਦੀ ਸੋਚ ਅਤੇ ਵਿਆਖਿਆ ਨੇ ਇਸ ਵਿਚ ਵੀ ਸਿੱਖ ਧਰਮ ਤੋਂ ਪਹਿਲਾਂ ਪ੍ਰਚਲਤ ਪਰੰਪਰਾਗਤ ਕਾਲਪਨਿਕ ਮੁਕਤੀ ਦਾ ਸੰਚਾਲਕ ਹੀ ਬਣਾ ਦਿੱਤਾ ਹੈ।

ਸੰਸਾਰ ਦੇ ਸਾਰੇ ਹੀ ਧਰਮਾਂ ਦੇ ਫਲਸਫੇ ਨੂੰ ਸਮਝਣ ਲਈ ਸਮਕਾਲੀਨ ਪ੍ਰਸਥਿਤੀਆਂ ਨੂੰ ਸਮਝਣਾ ਲਾਜ਼ਮੀ ਹੁੰਦਾ ਹੈ, ਕਿਉਂਕਿ ਹਰ ਇਕ ਧਰਮ ਦੀ ਵਿਚਾਰਧਾਰਾ ਦੇ ਸੰਚਾਲਕ ਦਾ ਅਨੁਭਵ/ਗਿਆਨ ਬੇਸ਼ਕ ਅਸੀਮ ਸੀ ਪਰ ਸਮਕਾਲੀ ਲੋਕਾਈ ਨੂੰ ਸਮਝਾਣ ਲਈ ਜਿਸ ਲੋਕ ਮੁਹਾਵਰੇ ਦੀ ਵਰਤੋਂ ਕਰਨੀ ਹੁੰਦੀ ਹੈ, ਉਸ ਲਈ ਇਹ ਜ਼ਰੂਰੀ ਬਣਦਾ ਹੈ, ਕਿ ਗੱਲ ਉਸ ਹੀ ਅੰਦਾਜ਼ ਵਿਚ ਕੀਤੀ ਜਾਵੇ ਜੋ ਆਮ ਲੋਕਾਈ ਤੇ ਨਾਲ ਨਾਲ ਵਕਤ ਦੇ ਗਿਆਨੀਆਂ ਦੀ ਸਮਝ ਵਿਚ ਵੀ ਆ ਜਾਵੇ ਤੇ ਨਾਲ ਦਲੀਲ ਦੀ ਕਸੌਟੀ ਤੇ ਵੀ ਪੂਰੀ ਉਤਰਦੀ ਹੋਵੇ। ਕਿਉਂਕਿ ਵਕਤੀ ਅੰਧਵਿਸ਼ਵਾਸ਼ ਦੀ ਕਾਟ ਕੇਵਲ ਦਲੀਲ ਦੁਆਰਾ ਹੀ ਸੰਭਵ ਹੁੰਦੀ ਹੈ।

ਇਸੇ ਲਈ ਗੁਰੂ ਨਾਨਕ ਸਾਹਿਬ ਵਰਗੇ ਮੂਲ ਚਿੰਤਕ ਦੇ ਚਿੰਤਨ ਦਾ ਅਧਿਅਨ ਕਰਨ ਲੱਗਿਆਂ ਇਹ ਵਿਚਾਰ ਲੈਣਾ ਜ਼ਰੂਰੀ ਹੈ ਕਿ ਉਸ ਸਮੇਂ ਤੱਕ ਵਿਗਿਆਨ ਕਿੰਨੀ ਕੁ ਤਰੱਕੀ ਕਰ ਚੁੱਕਾ ਸੀ। ਸ੍ਰਿਸ਼ਟੀ ਦੀ ਸਿਰਜਣਾ ਅਤੇ ਇਸ ਦੀ ਵਾਸਤਵਿਕਤਾ ਬਾਰੇ ਕਿੰਨਾ ਕੁ ਗਿਆਨ ਵਕਤ ਦੇ ਵਿਗਿਆਨੀਆਂ ਨੂੰ ਪ੍ਰਾਪਤ ਹੋ ਚੁੱਕਾ ਸੀ। ਕੁਦਰਤੀ ਨੇਮਾਂ ਤੇ ਸ੍ਰਿਸ਼ਟੀ ਦੇ ਅਮਲ ਦਾ ਕਿੰਨਾਂ ਕੁ ਗਿਆਨ ਸੀ ਆਮ ਜਨਤਾ ਨੂੰ ਜਾਂ ਗਿਆਨਵਾਨ ਮਹਾਂਪੁਰਸ਼ਾਂ ਨੂੰ। ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਜਿੰਨੇ ਵੀ ਧਰਮ ਸੰਚਾਲਕ ਹੋਏ ਹਨ ਸਭ ਨੇ ਸ੍ਰਿਸ਼ਟੀ ਦੀ ਸਮੁੱਚੀ ਹੋਂਦ ਨੂੰ ਆਪਣੇ ਸਮੇਂ ਅਨੁਕੂਲ ਪ੍ਰਾਪਤ ਜਾਣਕਾਰੀ ਦੇ ਆਧਾਰ ਤੇ ਪ੍ਰਦਰਸ਼ਤ ਕਰਨ ਦਾ ਯਤਨ ਕੀਤਾ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਗਿਆਨ ਦੇ ਬਹੁਤੇ ਤੱਥ ਸਾਹਮਣੇ ਆ ਚੁੱਕੇ ਸਨ ਜਿਨ੍ਹਾਂ ਦਾ ਗਿਆਨ ਤਾਂ ਉਸ ਮਹਾਨ ਆਤਮਾ ਨੂੰ ਪਹਿਲਾਂ ਤੋਂ ਹੀ ਸੀ ਪਰ ਲੋਕਾਈ ਜਾਂ ਵਕਤ ਦੇ ਵਿਦਵਾਨਾਂ ਨਾਲ ਚਰਚਾ ਕਰਨ ਲੱਗਿਆਂ ਇਹ ਵਿਚਾਰ ਕਾਲਪਨਿਕ ਨਹੀਂ ਸਗੋਂ ਹਕੀਕਤ ਲੱਗ ਰਹੇ ਹੋਣਗੇ। ਜਿਵੇਂ ਇਕ ਪਾਸੇ ਕੋਪਿਰਨੀਕੁਸ ਦੀ ਥਿਊਰੀ ਕਿ ਧਰਤੀ ਸੂਰਜ ਦੇ ਦੁਆਲੇ ਘੁੰਮਦੀ ਹੈ, ਸੰਸਾਰ ਨੂੰ ਇਸ ਦਾ ਗਿਆਨ ਹੋ ਚੁੱਕਾ ਸੀ। ਇਸੇ ਹੀ ਸਦੀ ਦੇ ਅੰਤ ਵਿਚ ਗਲੇਲੀਓ ਨੇ ਵੀ ਆਪਣੀ ਥਿਊਰੀ ਪੇਸ਼ ਕੀਤੀ। ਇਧਰ ਪੂਰਬ ਵਿਚ ਗੁਰੂ ਨਾਨਕ ਸਾਹਿਬ ਆਪਣੇ ਵਿਚਾਰਾਂ ਦੀ ਪੇਸ਼ਗੋਈ ਕਰਦੇ ਹੋਏ ਕੁਦਰਤ ਦੀਆਂ ਉਨ੍ਹਾਂ ਸੱਚਾਈਆਂ ਦਾ ਪੂਰਨ ਤੌਰ 'ਤੇ ਪ੍ਰਗਟਾਅ ਕਰ ਰਹੇ ਸਨ ਤਾਂ ਕਿ ਮਾਨਵ ਜਾਤੀ ਹਮੇਸ਼ਾ ਲਈ ਜਹਾਲਤ ਤੇ ਅੰਧ ਵਿਸ਼ਵਾਸ਼ ਦੇ ਚੁੰਗਲ ਚੋਂ ਨਿਕਲ ਸਕੇ। ਗੁਰੂ ਨਾਨਕ ਪਾਤਸ਼ਾਹ ਦੀ ਸਾਰੀ ਵਿਚਾਰਧਾਰਾ ਇਨੀ ਪਰਪੱਕ ਹੈ ਕਿ ਉਸ ਨੂੰ ਅਜ ਤੱਕ ਕੋਈ ਵੀ ਵਿਗਿਆਨਕ ਸੋਚ ਝੁਠਲਾ ਨਹੀਂ ਸਕੀ ਸਗੋਂ ਉਨ੍ਹਾਂ ਤੋਂ ਬਾਅਦ ਆਉਣ ਵਾਲੀਆਂ ਸਾਰੀਆਂ ਥਿਊਰੀਆਂ ਨੇ ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜਤਾ ਹੀ ਕੀਤੀ ਹੈ। ਇਤਨਾ ਅਮੀਰ ਵਿਰਸਾ ਹੋਣ ਦੇ ਬਾਵਜੂਦ ਅਸੀਂ ਸਿੱਖ ਉਸ ਮੁਕਾਮ 'ਤੇ ਖੜ੍ਹੇ ਹਾਂ ਜਿਥੇ ਸਾਡੇ ਸਾਹਮਣੇ ਅਣ-ਗਿਣਤ ਸਵਾਲ ਹਨ ਸਮੱਸਿਆਵਾਂ ਹਨ: ਜੋ ਕਿ ਸਾਨੂੰ ਆਪਣੇ ਆਪ ਤੋਂ ਪਹਿਲਾਂ ਪੁੱਛਣੇ ਪੈਣੇ ਹਨ ਤੇ ਜਿਨ੍ਹਾਂ ਦਾ ਹੱਲ ਸਾਨੂੰ ਮਿਲ ਕੇ ਖੋਜਣਾ ਪੈਣਾ ਹੈ, ਜਿਵੇਂ ਕਿ: ਜੇ ਸਾਡੇ ਵਿਚ ਜਾਤ-ਪਾਤ ਇਤਨੀ ਗਹਿਰੀ ਹੋ ਗਈ ਹੈ ਕਿ ਅਸੀਂ ਅਖੌਤੀ ਨੀਵੀਆਂ ਜਾਤਾਂ ਨਾਲ ਉਸੇ ਤਰ੍ਹਾਂ ਹੀ ਵਿਤੱਕਰਾ ਕਰਦੇ ਹਾਂ, ਜਿਵੇ ਸਨਾਤਨ ਹਿੰਦੂ ਧਰਮ ਦੇ ਅਨਿਆਈ ਕਰਦੇ ਹਨ ਤਾਂ ਅਸੀਂ ਕਿਵੇ ਕਹਿ ਸਕਦੇ ਹਾਂ ਕਿ ਸਿੱਖ ਧਰਮ ਇਨਸਾਨੀਅਤ ਦੀ ਬਰਾਬਰੀ ਵਿਚ ਯਕੀਨ ਰੱਖਦਾ ਹੈ ?

ਜੇਕਰ ਅਸੀਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਦੇਸ਼ਾਂ ਅਨੁਸਾਰ ਜੀਵਨ ਨਹੀਂ ਗੁਜ਼ਾਰ ਰਹੇ ਅਤੇ ਕੇਵਲ ਉਸ ਦੇ ਪੁਜਾਰੀ ਹਾਂ ਤਾਂ ਕਿਵੇਂ ਕਿਹਾ ਜਾ ਸਕਦਾ ਹੈ ਕਿ ਸਿੱਖ ਬੁੱਤ ਪੂਜ ਨਹੀਂ ਹੈ।

ਜੇਕਰ ਅਸੀਂ ਬਾਬਿਆਂ ਦੀਆਂ ਮੜ੍ਹੀਆਂ ਤੇ ਦੀਵੇ ਬਾਲਦੇ ਹਾਂ, ਉਨ੍ਹਾਂ ਦੀਆਂ ਬਰਸੀਆਂ ਮਨਾਉਂਦੇ ਹਾਂ ਤਾਂ ਕਿਵੇਂ ਇਹ ਕਿਹਾ ਜਾ ਸਕਦਾ ਹੈ ਕਿ ਅਸੀਂ ਮੜੀ ਮਸਾਣਾਂ ਨੂੰ ਨਹੀਂ ਪੂਜਦੇ ? ਅਸੀਂ ਪੀਰਾਂ ਫਕੀਰਾਂ ਨੂੰ ਨਹੀਂ ਮੰਨਦੇ ?

ਜੇਕਰ ਅਸੀਂ ਅੱਜ ਵੀ ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਨੂੰ ਵਿਸ਼ੇਸ਼ ਤੌਰ 'ਤੇ ਦਰਬਾਰ ਸਾਹਿਬ ਨਹਾਉਣ ਜਾਂਦੇ ਹਾਂ ਅਤੇ ਸਾਡੇ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿਚ ਇਸ ਦੀ ਬਾਕਾਇਦਾ ਤਸਦੀਕ ਹੋਂਦੀ ਹੈ ਤਾਂ ਕਿਵੇਂ ਇਹ ਕਿਹਾ ਜਾ ਸਕਦਾ ਹੈ ਕਿ ਅਸੀਂ ਥਿੱਤ, ਵਾਰ ਨਹੀਂ ਪੂਜਦੇ ?

ਜੇਕਰ ਅਸੀਂ ਅੱਜ ਤਕ ਆਪਣੀ ਕੋਈ ਅੰਤਰਰਾਸ਼ਟਰੀ ਪਛਾਣ ਹੀ ਨਹੀਂ ਬਣਾ ਸਕੇ ਤਾਂ ਕਿਵੇਂ ਇਹ ਕਿਹਾ ਜਾ ਸਕਦਾ ਹੈ ਕਿ ਅਸੀਂ ਯੂਨਿਵਰਸਲ ਧਰਮ ਦੇ ਪੈਰੋਕਾਰ ਹਾਂ ?

ਜੇਕਰ ਸਾਡੇ ਵਿਚ ਅੱਜ ਵੀ ਅੰਧ -ਵਿਸ਼ਵਾਸ ਦਾ ਬੋਲ ਬਾਲਾ ਹੈ ਤਾਂ ਕਿਵੇਂ ਕਹਿ ਸਕਦੇ ਹਾਂ ਕਿ ਅਸੀਂ ਇਕ ਅਤਿ-ਅਧੁਨਿਕ ਧਰਮ ਦੇ ਪੈਰੋਕਾਰ ਹਾਂ ?

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਦੇਵ ਜੀ ਦੀ ਮਨੁੱਖਤਾ ਨੂੰ ਦੇਣ

**ਪ੍ਰੋ. ਬਸੰਤ ਸਿੰਘ ਬਰਾੜ**

ਸਾਰੇ ਵਿਸ਼ਵ ਦੇ ਧਰਮਾਂ ਦੇ ਸੰਸਥਾਪਕਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਅਤੇ ਦੇਣ ਨਿਵੇਕਲੀ ਹੈ, ਲਾਸਾਨੀ ਹੈ। ਕਿਧਰੇ ਕੋਈ ਅਜਿਹੀ ਧਾਰਮਿਕ, ਅਧਿਆਤਮਕ, ਸਮਾਜਿਕ, ਰਾਜਨੀਤਕ, ਮਾਨਵਵਾਦੀ ਅਤੇ ਪਰਿਵਾਰਕ ਖੇਤਰਾਂ ਵਿਚ ਨਾਲ-ਨਾਲ ਵਿਚਰਨ ਵਾਲੀ ਹਸਤੀ ਨਹੀਂ ਮਿਲਦੀ, ਜਿਸ ਨੇ ਆਪਣੇ ਬ੍ਰਹਮ-ਗਿਆਨ ਨੂੰ ਆਮ ਲੋਕਾਂ ਦੀ ਭਾਸ਼ਾ ਵਿਚ ਸੰਗੀਤਮਈ ਕਵਿਤਾ ਦੇ ਰਾਹੀਂ ਦੂਰ-ਦੂਰ ਜਾ ਕੇ ਸਮਝਾਇਆ ਹੋਵੇ। ਅਫਸੋਸ ਇਹ ਹੈ ਕਿ ਉਨਾਂ ਨੂੰ ਸਿਰਫ਼ ਸਿੱਖ ਧਰਮ ਤਕ ਸੀਮਤ ਕਰਨ ਕਰਕੇ ਬਾਕੀ ਵਿਸ਼ਵ ਉਨਾਂ ਦੀਆਂ ਲਾਸਾਨੀ ਰਚਨਾਵਾਂ ਤੋਂ ਲਗਭਗ ਅਗਿਆਨੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਰਾਬਿੰਦਰ ਨਾਥ ਟੈਗੋਰ ਅਤੇ ਅੱਲਾਮਾ ਇਕਬਾਲ ਵਰਗੇ ਕੁਝ ਗੈਰ-ਸਿੱਖਾਂ ਨੇ ਵੀ ਸਮਝਿਆ ਹੈ ਅਤੇ ਪ੍ਰਸੰਸਾ ਕੀਤੀ ਹੈ। ਟੈਗੋਰ ਪਰਿਵਾਰ ਹਰ ਸਾਲ ਕੁਝ ਦਿਨਾਂ ਲਈ ਹਰਿਮੰਦਰ ਸਾਹਿਬ, ਅੰਮ੍ਰਿਤਸਰ ਆਉਂਦਾ ਸੀ ਅਤੇ ਉਨਾਂ ਨੇ ਗੁਰਬਾਣੀ ਵਿਚੋਂ ਚਾਰ ਸ਼ਬਦਾਂ ਨੂੰ ਬ੍ਰਹਮੋ ਸਮਾਜ ਦੇ ਨਿਤਨੇਮ ਵਿਚ ਸ਼ਾਮਿਲ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਰਚੀ ਹੋਈ ਨਿਵੇਕਲੀ ਆਰਤੀ 'ਗਗਨ ਮੈ ਥਾਲ...' ਨੂੰ ਉਹ ਸੰਸਾਰ ਦੀਆਂ ਸਰਵਸ੍ਰੇਸ਼ਟ ਕਵਿਤਾਵਾਂ ਵਿਚੋਂ ਇਕ ਗਿਣਦੇ ਸਨ। ਇਸੇ ਤਰਾਂ ਸਰ ਮੁਹੰਮਦ ਇਕਬਾਲ ਨੇ ਲਿਖਿਆ ਹੈ : 'ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ/ਹਿੰਦ ਕੋ ਇਕ ਮਰਦੇ-ਕਾਮਲ ਨੇ ਜਗਾਇਆ ਖਵਾਬ ਸੇ।'



ਬਾਬਰਵਾਣੀ ਵਿਚ ਜ਼ੁਲਮ ਅਤੇ ਹਿੰਸਾ ਦੇ ਵਿਰੁੱਧ ਦਲੇਰੀ ਨਾਲ ਬੋਲਣ ਅਤੇ ਲੜਨ ਦੀ ਗੁਰੂ ਜੀ ਦੀ ਲਲਕਾਰ ਅਦੁੱਤੀ ਹੈ। ਇਸ ਵਿਚ ਤਿੰਨ ਸ਼ਬਦ ਰਾਗ ਆਸਾ ਵਿਚ ਹਨ : 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ', 'ਜਿਨ ਸਿਰ ਸੋਹਨ ਪੱਟੀਆਂ ਮਾਂਗੀ ਪਏ ਸੰਧੂਰ', 'ਕਹਾਂ ਸੋ ਖੇਲ ਤਬੇਲਾ ਘੋੜੇ' ਅਤੇ 'ਜੈਸੀ ਮੈਂ ਆਵੈ ਖਸਮ ਕੀ ਬਾਣੀ' ਰਾਗ ਤਿਲੰਗ ਵਿਚ ਹੈ। ਗੁਰੂ ਜੀ ਨੇ ਬੇਖੌਫ਼ ਹੋ ਕੇ ਬਾਬਰ ਦੀ ਫ਼ੌਜ ਨੂੰ 'ਪਾਪ ਕੀ ਜੰਞ' ਕਿਹਾ ਅਤੇ ਸਖਤ ਭਾਸ਼ਾ ਵਿਚ 'ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ' ਕਹਿਣ ਤੋਂ ਗੁਰੇਜ਼ ਨਹੀਂ ਕੀਤਾ। ਉਹ ਰੱਬ ਨੂੰ ਵੀ ਉਲਾਮਾ ਦੇਣ ਤੋਂ ਨਹੀਂ ਝਿਜਕੇ : 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ'। ਸੱਚ, ਇਨਸਾਫ਼ ਅਤੇ ਮਨੁੱਖੀ ਸਮਾਨਤਾ ਲਈ ਲੜਨ ਅਤੇ ਬਲੀਦਾਨ ਦੇਣ ਲਈ ਉਨਾਂ ਨੇ ਸਭ ਨੂੰ ਚੁਣੌਤੀ ਦਿੱਤੀ : 'ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰ ਦੀਜੈ ਕਾਣਿ ਨ ਕੀਜੈ ॥ (ਅੰਗ : 1412)

ਔਰਤ ਨੂੰ ਆਦਮੀ ਦੇ ਬਰਾਬਰ ਦਾ ਦਰਜਾ ਦਿਵਾਉਣ ਵਿਚ ਗੁਰੂ ਨਾਨਕ ਦੇਵ ਜੀ ਦਾ ਯੋਗਦਾਨ ਅਤੁੱਲ ਅਤੇ ਅਭੁੱਲ ਹੈ। ਜਿਸ ਵੇਲੇ ਭਾਰਤ ਵਿਚ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ, ਉਨਾਂ ਨੇ ਗੱਜ ਕੇ ਕਿਹਾ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ'। 'ਰਾਜਾਨ' ਤੋਂ ਉਨਾਂ ਦਾ ਭਾਵ ਰਾਜੇ ਮਹਾਰਾਜੇ ਨਹੀਂ, ਬਲਕਿ ਉੱਚ ਕੋਟੀ ਦੇ ਇਨਸਾਨ ਸੀ। ਭਾਰਤੀ ਸਮਾਜ ਵਿਚ ਖੁੱਲ ਕੇ ਜਿਊਣ ਅਤੇ ਵਿਕਾਸ ਕਰਨ ਦੇ ਜਿੰਨੇ ਮੌਕੇ ਗੁਰੂ ਸਾਹਿਬ ਦੀਆਂ ਸ਼ਿਸ਼ (ਸਿੱਖ) ਔਰਤਾਂ ਨੂੰ ਹਨ, ਓਨੇ ਸ਼ਾਇਦ ਹੀ ਕਿਸੇ ਹੋਰ ਸਮਾਜ ਵਿਚ ਹੋਣ। ਇਹ ਸਭ ਗੁਰੂ ਸਾਹਿਬ ਵਲੋਂ ਸ਼ੁਰੂ ਕੀਤੀ ਲਹਿਰ ਸਦਕਾ ਹੀ ਹੈ।

ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਫ਼ਲਸਫ਼ੇ, ਪਰਮਾਤਮਾ ਦੀ ਕੁਦਰਤ ਵਿਚ ਹੋਂਦ, ਸੱਚਾ-ਸੁੱਚਾ ਜੀਵਨ ਜਿਊਣ, ਵੰਡ ਕੇ ਛਕਣ, ਗਊ ਗਰੀਬ ਦੀ ਰੱਖਿਆ ਕਰਨ, ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਅਨੇਕ ਹੋਰ ਪਹਿਲੂਆਂ ਬਾਰੇ ਸਾਰੇ ਲੋਕ ਜਾਣਦੇ ਹਨ, ਪਰ ਉਨਾਂ ਦੀ ਵਿਗਿਆਨਕ ਸੋਚ ਬਾਰੇ ਹੋਰ ਚਾਨਣ ਪਾਉਣ ਦੀ ਲੋੜ ਹੈ। ਬ੍ਰਹਮਗਿਆਨ ਦੀ ਸ਼ਕਤੀ, ਜਿਸ ਨੂੰ ਮਨੋਵਿਗਿਆਨੀ clairvoyance ਕਹਿੰਦੇ ਹਨ, ਨਾਲ ਗੁਰੂ ਜੀ ਨੂੰ ਸਾਰੀ ਸ੍ਰਿਸ਼ਟੀ ਬਾਰੇ ਹੈਰਾਨੀਜਨਕ ਪੱਧਰ ਦਾ ਗਿਆਨ ਸੀ। ਗੁਰੂ ਸਾਹਿਬ ਨੇ ਕਿਹਾ ਕਿ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ 'ਅਰਬਦ ਨਰਬਦ ਧੁੰਧੂਕਾਰਾ' ਸੀ (ਅਰਬਾਂ-ਖਰਬਾਂ ਸਾਲ ਪਹਿਲੇ ਬ੍ਰਹਿਮੰਡ ਸਿਰਫ਼ ਧੁੰਦ ਦਾ ਗੁਬਾਰ ਸੀ)। ਗੁਰੂ ਸਾਹਿਬ ਨੇ ਅੱਗੇ ਕਿਹਾ, 'ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਇ ਲਖ ਦਰਿਆਉ ॥' (ਇਕ ਬੋਲ ਨਾਲ ਲੱਖਾਂ ਦਰਿਆਵਾਂ ਦੀ ਉਤਪਤੀ ਹੋ ਗਈ)। ਜਿਸ ਨੂੰ ਸਟੀਫਨ ਹਾਅਕਿਨ (1942-2018) ਵਰਗੇ ਵਿਗਿਆਨੀ Big Bang Theory ਕਹਿੰਦੇ ਹਨ, ਉਸ ਨੂੰ ਗੁਰੂ ਸਾਹਿਬ ਨੇ 'ਏਕੋ ਕਵਾਉ' ਕਿਹਾ ਹੈ। ਫਿਰ 'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ ॥ ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤ ਸਮੋਇ ॥' ਇਹ ਵਿਸ਼ਲੇਸ਼ਣ ਡਾਰਵਿਨ ਦੇ ਫਲਸਫੇ ਨਾਲ ਮੇਲ ਖਾਂਦਾ ਹੈ। ਜਦੋਂ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਇਕ ਬੈਲ ਨੇ ਚੁੱਕੀ ਹੋਈ ਹੈ ਤਾਂ ਗੁਰੂ ਸਾਹਿਬ ਨੇ ਕਿਹਾ : 'ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰ ਤਲੈ ਕਵਣੁ ਜੋਰੁ ॥' ਆਧੁਨਿਕ ਵਿਗਿਆਨ ਮੰਨਦਾ ਹੈ ਕਿ ਸਿਰਫ਼ ਇਕ ਅਕਾਸ਼-ਗੰਗਾ (Galaxy) ਵਿਚ ਹੀ ਕਰੋੜਾਂ ਸੂਰਜ ਹਨ, ਪਰ ਗੁਰੂ ਸਾਹਿਬ ਨੇ ਪਹਿਲਾਂ ਹੀ ਕਹਿ ਦਿੱਤਾ ਸੀ : 'ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ।'

ਕੁਝ ਅਖੌਤੀ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਸੰਸਕ੍ਰਿਤ, ਫ਼ਾਰਸੀ, ਅਰਬੀ ਵਗੈਰਾ ਦੇ ਗਿਆਨ ਬਾਰੇ ਸ਼ੰਕੇ ਉਤਪੰਨ ਕੀਤੇ ਹਨ। ਇਸ ਦਾ ਕਾਰਨ ਸਿਰਫ਼ ਇਹ ਹੈ ਕਿ ਗੁਰੂ ਜੀ ਨੇ ਸਵਾਰਥੀ ਹਿੱਤਾਂ ਵਾਲੇ ਤੱਤਾਂ ਦੀ ਲੁੱਟ-ਖਸੁੱਟ ਤੋਂ ਆਮ ਆਦਮੀ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਬਾਣੀ ਹਰ ਕਿਸੇ ਦੇ ਸਮਝ ਵਿਚ ਆਉਣ ਵਾਲੀ ਭਾਸ਼ਾ ਵਿਚ ਰਚੀ। ਉਨਾਂ ਨੇ ਸਾਧਾਰਨ ਜੀਵਨ ਦੀ ਬੋਲਚਾਲ ਵਾਲੀ ਭਾਸ਼ਾ ਵਰਤ ਕੇ ਆਤਮਾ, ਪਰਮਾਤਮਾ ਅਤੇ ਜੀਵਨ ਜਾਚ ਦੇ ਰਹੱਸ ਜਨ ਸਾਧਾਰਨ ਤੱਕ ਪਹੁੰਚਾਏ। ਇਸ ਆਮ ਭਾਸ਼ਾ ਅਤੇ ਨਿੱਤ ਪ੍ਰਤੀ ਦੇ ਜੀਵਨ ਵਿਚੋਂ ਉਨਾਂ ਨੇ ਅਜਿਹੇ ਬਿੰਬ ਪ੍ਰਯੋਗ ਕੀਤੇ ਕਿ ਪੰਜਾਬੀ ਕਵਿਤਾ ਵਿਚ ਗਜ਼ਬ ਦੀ ਸੰਖੇਪਤਾ, ਸਪੱਸ਼ਟਤਾ ਅਤੇ ਉਚਾਈ ਲਿਆਂਦੀ। ਹਲ਼, ਸੁਹਾਗਾ, ਅਹਰਣਿ, ਖਲਾ ਆਦਿ ਉਨਾਂ ਨੇ ਉੱਚ ਕੋਟੀ ਦੇ ਬਿੰਬ ਬਣਾਏ। ਇਕ ਸ਼ਬਦ ਵਿਚ ਉਨਾਂ ਨੇ ਆਪਣੇ-ਆਪ ਨੂੰ ਸਾਇਰ (ਸ਼ਾਇਰ) ਕਿਹਾ ਹੈ ਅਤੇ ਜੇਕਰ ਉਨਾਂ ਦਾ ਇਕ ਕਵੀ ਦੇ ਤੌਰ 'ਤੇ ਹੀ ਮੁਲਾਂਕਣ ਕੀਤਾ ਜਾਵੇ ਤਾਂ ਉਹ ਦੁਨੀਆ ਦੇ ਕਿਸੇ ਕਵੀ ਤੋਂ ਪਿੱਛੇ ਨਹੀਂ ਹਨ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਸ ਤੱਥ ਦੇ ਪ੍ਰਤੱਖ ਪ੍ਰਮਾਣ ਹਨ ਕਿ ਉਹ ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਵਿਚ ਨਿਪੁੰਨ ਸਨ। ਉਨਾਂ ਨੇ ਸ੍ਰਿਸ਼ਟੀ ਦੇ ਸਾਜਣ ਬਾਰੇ ਮਨੁੱਖੀ ਅਗਿਆਨਤਾ ਪ੍ਰਗਟ ਕਰਦੇ ਹੋਏ ਲਿਖਿਆ ਹੈ : 'ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣ ॥ ਵਖਤ ਨ ਪਾਇਓ ਕਾਦੀਆ ਜਿ ਲਿਖਨਿ ਲੇਖ ਕੁਰਾਣ ॥ ਥਿਤਿ ਵਾਰ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥' ਇਸ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਸਾਰੇ ਹਿੰਦੂ ਗ੍ਰੰਥ ਵੀ ਪੜੇ ਹੋਏ ਸਨ ਅਤੇ ਕੁਰਾਨ ਸ਼ਰੀਫ਼ ਵੀ। ਉਸ ਵੇਲੇ ਹਿੰਦੂ ਗ੍ਰੰਥ ਕੇਵਲ ਸੰਸਕ੍ਰਿਤ ਵਿਚ ਸਨ ਅਤੇ ਕੁਰਾਨ ਸ਼ਰੀਫ਼ ਅਰਬੀ ਭਾਸ਼ਾ ਵਿਚ ਹੈ। ਫ਼ਾਰਸੀ ਵਿਚ ਗੁਰੂ ਜੀ ਨੇ ਚਾਰ ਸਲੋਕ ਲਿਖੇ ਹਨ : 'ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲਦਾਨੀ ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥1 ॥ ਰਹਾਉ ॥ ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥2 ॥ ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ ॥3 ॥ ਬਦਬਖਤ ਹਮਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾਖਾਕ ॥4 ॥ (ਅੰਗ 690)

ਗੁਰੂ ਨਾਨਕ ਦੇਵ ਜੀ ਬਹੁਤ ਸੁਰੀਲੇ ਗਲ਼ੇ ਦੇ ਧਨੀ ਵੀ ਸਨ। ਜਪੁ ਜੀ ਸਾਹਿਬ ਤੋਂ ਬਿਨਾਂ ਉਨਾਂ ਦੀ ਸਾਰੀ ਬਾਣੀ ਵੱਖ-ਵੱਖ ਰਾਗਾਂ ਵਿਚ ਹੈ। ਰਾਗਾਂ ਦੇ ਸੰਪੂਰਨ ਗਿਆਨ ਤੋਂ ਬਿਨਾਂ ਇਹ ਰਚੀ ਨਹੀਂ ਜਾ ਸਕਦੀ ਸੀ। ਉਦਾਸੀਆਂ ਸਮੇਂ ਗੁਰੂ ਜੀ ਨਾਲ ਬਾਲਾ ਅਤੇ ਮਰਦਾਨਾ ਹੁੰਦੇ ਸਨ। ਬਾਲਾ ਜੀ ਮੁੱਖ ਤੌਰ 'ਤੇ ਸ਼ਰਧਾਲੂ ਅਤੇ ਸੇਵਕ ਸਨ। ਮਰਦਾਨਾ ਜੀ ਰਬਾਬ ਵਜਾਉਂਦੇ ਸਨ, ਜਿਸ ਦੀ ਸੰਗਤ ਵਿਚ ਰਾਗਾਂ ਵਿਚ ਗਾਉਣਾ ਸੰਭਵ ਹੈ। ਗੁਰੂ ਸਾਹਿਬ ਗਾ ਕੇ ਬਾਣੀ ਉਚਾਰਦੇ ਹੋਣਗੇ। ਜਨਮ ਸਾਖੀਆਂ ਵਿਚ ਵੀ ਆਉਂਦਾ ਹੈ ਕਿ ਗੁਰੂ ਸਾਹਿਬ ਭਾਈ ਮਰਦਾਨੇ ਨੂੰ ਕਹਿੰਦੇ ਹੁੰਦੇ ਸਨ : 'ਮਰਦਾਨਿਆ, ਰਬਾਬ ਉਠਾ। ਬਾਣੀ ਆਈ ਹੈ।' ਇਕ ਸਲੋਕ ਵਿਚ ਗੁਰੂ ਸਾਹਿਬ ਨੇ ਕਿਹਾ ਹੈ : 'ਨਾਨਕ ਨਾਮ ਪਦਾਰਥ ਦੀਜੈ ਹਿਰਦੈ ਕੰਠ ਬਣਾਈ'। ਭਾਵ : 'ਨਾਨਕ ਨੂੰ ਆਪਣੇ ਨਾਮ ਦੀ ਦੌਲਤ ਪ੍ਰਦਾਨ ਕਰ, ਹੇ ਸੁਆਮੀ। ਉਸ ਨਾਲ ਉਹ ਆਪਣੇ ਦਿਲ ਅਤੇ ਗਲ਼ੇ ਨੂੰ ਸ਼ਿੰਗਾਰ ਲਵੇਗਾ।' ਗੁਰੂ ਸਾਹਿਬ ਨੂੰ ਰਾਗਾਂ ਵਿਚ ਬਾਣੀ ਉਚਾਰਦੇ ਹੋਏ ਕਲਪਨਾ ਕਰਕੇ ਰੂਹ ਸਰਸ਼ਾਰ ਹੋ ਜਾਂਦੀ ਹੈ।

---

21 ਫਰਵਰੀ 'ਤੇ ਵਿਸ਼ੇਸ਼

# 'ਜੈਤੋ ਦਾ ਮੋਰਚਾ' : ਜਦੋਂ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)

ਸਿੱਖ ਧਰਮ ਅਤੇ ਰਾਜਨੀਤੀ ਦੁਨੀਆ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਕੁਰਬਾਨੀ ਕੌਮ ਦੀ ਅਣਖ ਵਾਸਤੇ ਦਿੱਤੀ ਹੈ। ਮਨੁੱਖਤਾ ਵਿਰੋਧੀ ਹਕੂਮਤ ਦੇ ਜ਼ੁਲਮ ਅਤੇ ਅਨਿਆਂ ਦੀ ਹਮੇਸ਼ਾ ਵਿਰੋਧਤਾ ਕੀਤੀ ਹੈ। ਸਮੇਂ ਦੇ ਜ਼ਾਲਮ ਹੁਕਮਰਾਨਾ ਦੇ ਅਣਮਨੁੱਖੀ ਤਸੀਹੇ ਆਪਣੇ ਤਨ ਤੇ ਹੰਢਾਏ। ਦੁਸ਼ਮਣਾਂ ਨੇ ਹਮੇਸ਼ਾ ਸਿੱਖਾਂ ਨੂੰ ਖਤਮ ਕਰਨ ਦੇ ਯਤਨ ਕੀਤੇ ਪਰ ਸਿੱਖਾਂ ਨੇ ਹਰ ਜ਼ੁਲਮ ਅਤੇ ਤਸ਼ੱਦਦ ਦੇ ਥੰਮ ਹਿਲਾ ਦਿੱਤੇ। ਦੁਸ਼ਮਣ ਵੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਕਿ ਇਨ੍ਹਾਂ ਵਿਚ ਕਿਹੜੀ ਸ਼ਕਤੀ ਹੈ ਜੋ ਹੱਸ ਹੱਸ ਕੇ ਜ਼ੁਲਮ ਸਹਾਰਦੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਸ਼ਰਧਾ ਨਾਲ ਗੁਰਧਾਮਾਂ ਦੇ ਨਾਉਂ ਬੜੀ ਜਾਇਦਾਦ ਲਗਵਾਈ ਅਤੇ ਉਨ੍ਹਾਂ ਦੀ ਖ਼ੂਬਸੂਰਤ ਦਿੱਖ ਵੀ ਬਣਾਈ ਪਰ ਅੰਦਰੂਨੀ ਤੌਰ 'ਤੇ ਠਾਕੁਰਦੁਆਰਾ ਮਰਯਾਦਾ ਹੀ ਪ੍ਰਚਲਿਤ ਰਹੀ। ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਧਾਮਾਂ 'ਤੇ ਮਹੰਤਾਂ ਦੇ ਕਬਜ਼ੇ ਕਰਵਾ ਕੇ ਸਿੱਖੀ ਤਾਕਤ ਨੂੰ ਠੇਸ ਪਹੁੰਚਾਉਣ ਦੀ ਸਾਜ਼ਿਸ ਰਚੀ ਹੋਈ ਸੀ। ਸੰਨ 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹੇਠ ਹਕੂਮਤ ਦੀ ਸ਼ਹਿ ਤੇ ਕਬਜ਼ਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਤੋਂ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ, ਜਿਸ ਨਾਲ ਗੁਰਧਾਮਾਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ। ਇੱਥੇ ਤੱਕ ਪਹੁੰਚਦਿਆਂ ਕਈ ਮੋਰਚੇ ਲਾਉਣੇ ਪਏ ਅਤੇ ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। 'ਜੈਤੋ ਦਾ ਮੋਰਚਾ' ਵੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। 28 ਸਾਲਾਂ ਦਾ ਮਹਾਰਾਜਾ ਰਿਪੁਦਮਨ ਸਿੰਘ ਆਜ਼ਾਦ, ਖੁੱਲ੍ਹੇ ਵਿਚਾਰਾਂ ਵਾਲਾ ਕੌਮਪ੍ਰਸਤ ਨੌਜਵਾਨ ਸੀ। ਉਹ ਸਮਾਜਿਕ ਅਤੇ ਰਾਜਨੀਤਕ ਗਤੀਵਿਧੀਆਂ ਵਿਚ ਸੇਵਾ ਭਾਵਨਾ ਰੱਖਦਾ ਸੀ। ਉਹ ਸਿੱਖ ਧਰਮ ਦੀਆਂ ਰਵਾਇਤਾਂ ਦੀ ਕਦਰ ਕਰਦਾ ਸੀ। ਅੰਗਰੇਜ਼ ਸਰਕਾਰ ਦੀਆਂ ਗਲਤ ਨੀਤੀਆਂ ਦੀ ਹਮੇਸ਼ਾ ਵਿਰੋਧਤਾ ਕਰਦਾ ਸੀ। ਅਕਾਲੀ ਲਹਿਰਾਂ ਦਾ ਵੀ ਸਮਰਥਕ ਸੀ। ਜਦੋਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਦਿਵਸ ਅਤੇ ਅਰਦਾਸ ਦਿਵਸ ਮਨਾਉਣ ਲਈ ਸੰਗਤਾਂ ਨੇ ਕਾਲੀਆਂ ਦਸਤਾਰਾਂ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਤਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਇਸ ਦਾ ਸੁਆਗਤ ਕੀਤਾ। ਅੰਗਰੇਜ਼ ਸਰਕਾਰ ਨੇ ਮਹਾਰਾਜਾ ਨੂੰ ਬਾਗੀ ਕਰਾਰ ਦਿੰਦੇ ਹੋਏ 9 ਜੁਲਾਈ 1923 ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ। ਸਰਕਾਰ ਮਹਾਰਾਜੇ ਦਾ ਸਿੱਖਾਂ ਨਾਲ ਚੰਗਾ ਸਬੰਧ ਹੋਣ 'ਤੇ ਔਖੀ ਸੀ ਅਤੇ ਬਹਾਨੇ ਦੀ ਤਲਾਸ਼ ਵਿਚ ਸੀ।



ਸੰਗਤ ਨੇ ਅਨੁਭਵ ਕੀਤਾ ਕਿ ਇਹ ਅੰਗਰੇਜ਼ੀ ਹਕੂਮਤ ਦਾ ਸਿੱਖ ਧਰਮ ਵਿਚ ਸਿੱਧਾ ਦਖਲ ਹੈ। ਸ਼੍ਰੋਮਣੀ ਕਮੇਟੀ ਨੇ ਅਗਸਤ 5, 1923 ਨੂੰ ਮਹਾਰਾਜੇ ਦੀ ਬਹਾਲੀ ਦਾ ਮਤਾ ਪਾਸ ਕੀਤਾ। ਇਹ ਫੈਸਲਾ ਵੀ ਹੋਇਆ ਕਿ 25, 26 ਅਤੇ 27 ਅਗਸਤ, 1923 ਨੂੰ ਗੁਰਦੁਆਰਾ ਗੰਗ ਸਾਹਿਬ ਵਿਖੇ ਦਿਵਾਨ ਸਜਾ ਕੇ ਪਾਠ ਕੀਤਾ ਜਾਵੇ। ਉਸੇ ਵੇਲੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਤੰਬਰ 1, 1923 ਨੂੰ ਸ਼੍ਰੋਮਣੀ ਕਮੇਟੀ ਨੇ ਫਿਰ ਸਿੰਘਾਂ ਨੂੰ ਪਾਠ ਕਰਨ ਭੇਜਿਆ, ਸਰਕਾਰੀ ਅਫ਼ਸਰਾਂ ਨੇ ਫਿਰ ਪਾਠੀ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ।

14 ਸਤੰਬਰ, 1923 ਨੂੰ ਇਸ ਪਾਠ ਖੰਡਿਤ ਦੀ ਘਟਨਾ ਨੇ ਰਾਜਨੀਤਕ ਅਤੇ ਧਾਰਮਿਕ ਰੰਗਤ ਫੜ ਲਈ। ਇਸ ਦੇ ਨਾਲ ਹੀ 'ਜੈਤੋ ਦਾ ਮੋਰਚਾ' ਆਰੰਭ ਹੋਇਆ ਜੋ ਬਾਕੀ ਮੋਰਚਿਆਂ ਤੋਂ ਲੰਬਾ ਚੱਲਿਆ। ਇਹ ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਵੱਡਾ ਮੋਰਚਾ ਹੈ।

15 ਸਤੰਬਰ, 1923 ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 25 -25 ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਹੋ ਗਏ। ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ, ਮਾਰ ਕੁੱਟ ਕਰਕੇ, ਦੂਰ ਲਿਜਾ ਕੇ ਛੱਡ ਦਿੱਤਾ ਜਾਂਦਾ। ਸਿੰਘ ਫਿਰ ਤੋਂ ਜਥੇ ਵਿਚ ਸ਼ਾਮਲ ਹੋਣ ਲਈ ਚਲੇ ਜਾਂਦੇ। ਲਗਭਗ 5 ਮਹੀਨੇ ਜਥਿਆਂ ਦੀਆਂ ਗ੍ਰਿਫ਼ਤਾਰੀਆਂ ਹੁੰਦੀਆਂ ਰਹੀਆਂ। ਇਸ ਮੋਰਚੇ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਚਲਾਈ ਜਾ ਰਹੀ ਸੀ। ਅੰਗਰੇਜ਼ ਸਰਕਾਰ ਨੇ ਇਨ੍ਹਾਂ ਦੋਹਾਂ ਜਥੇਬੰਦੀਆਂ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ। ਸਿਰਕੱਢ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਬਾਗੀ ਕਰਾਰ ਦੇ ਕੇ ਸਜ਼ਾਵਾਂ ਅਤੇ ਜੁਰਮਾਨਾ ਕੀਤਾ। ਦੂਸਰੇ ਪੜਾਅ ਵਿਚ 500-500 ਸਿੰਘਾਂ ਦੇ ਜਥੇ ਭੇਜੇ ਜਾਣ ਦਾ ਫੈਸਲਾ ਹੋਇਆ। ਤਦ 3000 ਸਿੰਘ ਗ੍ਰਿਫ਼ਤਾਰੀ ਦੇਣ ਲਈ ਪਹੁੰਚ ਗਏ। 9 ਫਰਵਰੀ-1924 ਨੂੰ 500 ਸਿੰਘਾਂ ਦਾ ਪਹਿਲਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ (**ਬਾਕੀ ਸਫ਼ਾ 28 'ਤੇ**)

# ਗੁਰਮਤਿ ਸੰਗੀਤ ਵਿੱਚ ਬਸੰਤ ਦੀ ਕੀਰਤਨ-ਮਰਿਆਦਾ

**ਡਾ. ਗੁਰਨਾਮ ਸਿੰਘ**

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ।। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਰਾਗ ਅਧੀਨ ਅੰਕਿਤ ਬਾਣੀ ਵਿਚ ਪ੍ਰਕਿਰਤੀ ਦੇ ਮੌਲਣ ਤੇ ਵਿਗਸਣ ਦੀ ਪ੍ਰਕ੍ਰਿਆ ਦੇ ਪ੍ਰਤੀਕਾਤਮਕ ਚਿਤਰਣ ਦੁਆਰਾ ਆਤਮ ਵਿਗਾਸ ਦਾ ਸੁਨੇਹਾ ਦਿੱਤਾ ਗਿਆ ਹੈ। ਇਸ ਰਾਗ ਵਿਚ ਸਮੂਹ ਬਾਣੀਕਾਰ ਗੁਰੂ ਸਾਹਿਬਾਨ, ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਰਾਮਾਨੰਦ, ਭਗਤ ਰਾਮਦੇਵ ਅਤੇ ਭਗਤ ਰਵਿਦਾਸ ਜੀ ਦੀ ਇਲਾਹੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਬਾਣੀ ਵਿਚ ਬਸੰਤ ਦਾ ਇਕ ਹੋਰ ਪ੍ਰਕਾਰ ਬਸੰਤ ਹਿੰਡੋਲ ਵੀ ਖ਼ੂਬ ਪ੍ਰਯੋਗ ਕੀਤਾ ਗਿਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਬਸੰਤ ਦੇ ਸ਼ੁਭ ਆਗਮਨ 'ਤੇ ਮਨੁੱਖੀ ਮਨ ਨੂੰ ਮੁਮਾਰਖੀ ਸੁਨੇਹਾ ਦਿੰਦਿਆਂ ਆਤਮ ਵਿਗਾਸ ਦੁਆਰਾ ਚੜ੍ਹਦੀ ਕਲਾ ਵਿਚ ਟਿਕਣ ਦਾ ਮਾਰਗ ਦਰਸਾਇਆ ਹੈ। ਤੀਸਰੇ ਗੁਰੂ ਅਮਰਦਾਸ ਜੀ ਬਨਸਪਤੀ ਦੇ ਮੌਲਣ ਨਾਲ ਬਸੰਤ



ਰੂਪ ਦੇ ਆਗਮਨ ਤੇ ਗੁਰੂ ਦੀ ਸੰਗਤ ਸੰਗ ਮੌਲਣ ਤੇ ਵਿਗਸਣ ਦੀ ਬਾਤ ਪਾ ਰਹੇ ਹਨ। ਗੁਰੂ ਅਰਜਨ ਪਾਤਸ਼ਾਹ ਇਸ ਕਲਜੁਗ ਵਿਚ ਨਾਮ ਬੀਜਣ ਦਾ ਸੁਨੇਹਾ ਦਿੰਦਿਆਂ ਦਰਸਾ ਰਹੇ ਹਨ ਕਿ ਉਸ ਗ੍ਰਹਿ ਵਿਚ ਬਸੰਤ ਦਾ ਆਤਮਿਕ ਖੇੜਾ ਵਿਗਾਸ ਤੇ ਟਿਕਾਅ ਪ੍ਰਵੇਸ਼ ਕਰੇਗਾ ਜਿੱਥੇ ਉਸ ਹਰਿ ਕੀਰਤਨ ਦੀ ਧੁਨੀ ਗੂੰਜਰਿਤ ਰਹੇਗੀ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਵੈਰਾਗਮਈ ਬਾਣੀ ਮਨੁੱਖੀ ਮਨ ਨੂੰ ਵਾਰ ਵਾਰ ਚੇਤਾਰ ਰਹੀ ਹੈ ਕਿ ਤੇਰੇ ਸੰਗ ਕੇਵਲ ਇਕੋ ਪ੍ਰਭੂ ਭਗਤੀ ਨੇ ਹੀ ਜਾਣਾ ਹੈ। ਇਸ ਲਈ ਇਕ ਮਨ ਇਕ ਚਿਤ ਇਕ ਰਸ ਹੋ ਕੇ ਉਸ ਪ੍ਰਭੂ ਦੇ ਗੁਣਾਂ ਦਾ ਗਾਇਨ ਕਰ। ਭਗਤ ਕਬੀਰ ਜੀ ਦਾ ਸ਼ਬਦ "ਮਉਲੀ ਧਰਤੀ ਮਉਲਿਆ ਆਕਾਸ਼", ਰਾਮਾਨੰਦ ਜੀ ਦਾ ਸ਼ਬਦ "ਕਤ ਜਾਈਐ ਰੇ ਘਰੁ ਲਾਗੋ ਰੰਗ", ਇਸ ਰਾਗ ਦੀਆਂ ਵਿਸ਼ੇਸ਼ ਸ਼ਬਦ ਰਚਨਾਵਾਂ ਹਨ। ਬਸੰਤ ਰਾਗ ਦੀ ਸਮੁੱਚੀ ਬਾਣੀ ਦਾ ਉਦੇਸ਼ ਮਨੁੱਖੀ ਮਨਾਂ ਨੂੰ ਸਦੀਵੀ ਖੇੜਾ ਪ੍ਰਦਾਨ ਕਰਨਾ ਹੈ। ਇਸ ਤਰ੍ਹਾਂ ਬਸੰਤ ਰਾਗ ਦੀ ਬਾਣੀ ਸਾਡੇ ਜੀਵਨ ਚੱਕਰ ਵਿਚ ਅਹਿਮ ਹੈ। ਗੁਰੂ ਘਰ ਦੀ ਕੀਰਤਨ ਪਰੰਪਰਾ ਵਿਚ ਰਾਗਾਂ ਦੇ ਕਾਲ ਚੱਕਰ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ। ਇਨ੍ਹਾਂ ਵੱਖ-ਵੱਖ ਸਮਿਆਂ 'ਤੇ ਹੋਣ ਵਾਲੀਆਂ ਕੀਰਤਨ ਪੇਸ਼ਕਾਰੀਆਂ ਨੂੰ ਕੀਰਤਨ ਚੌਕੀ ਕਿਹਾ ਜਾਂਦਾ ਹੈ। ਜਿਵੇਂ ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਕਾਨੜ੍ਹੇ ਦੀ ਚੌਕੀ ਆਦਿ। ਰੁੱਤਾਂ ਨਾਲ ਸਬੰਧਤ ਦੋ ਅਹਿਮ ਕੀਰਤਨ ਚੌਕੀਆਂ ਸਾਵਣ ਰੁਤੇ ਮਲ੍ਹਾਰ ਤੇ ਬਸੰਤ ਰੁਤ ਵਿਚ ਬਸੰਤ ਦੀ ਕੀਰਤਨ ਚੌਕੀ ਹੈ। ਆਸਾ ਦੀ ਵਾਰ, ਸੋ ਦਰੁ ਦੀ ਕੀਰਤਨ ਚੌਕੀ ਤੋਂ ਬਾਅਦ ਬਸੰਤ ਦੀ ਕੀਰਤਨ ਚੌਕੀ ਦੇ ਗਾਇਨ ਦਾ ਪ੍ਰਚਲਨ ਅਜੇ ਵੀ ਰਾਗੀਆਂ ਵਿਚ ਹੈ। ਇਹ ਪ੍ਰਸੰਨਤਾ ਤੇ ਸ਼ਲਾਘਾ ਦਾ ਵਿਸ਼ਾ ਹੈ।

ਸਿੱਖ ਧਰਮ ਦੀ ਗੁਰਮਤਿ ਸੰਗੀਤ ਪਰੰਪਰਾ ਦੀ ਮਰਿਆਦਾ ਅਨੁਸਾਰ ਬਸੰਤ ਰਾਗ 'ਤੇ ਅਧਾਰਤ ਬਸੰਤ ਦੀ ਕੀਰਤਨ ਚੌਕੀ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਸਥਾਨਾਂ 'ਤੇ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਕੀਤਾ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਦੀ ਰਾਤ ਨੂੰ ਬਸੰਤ ਰਾਗ ਆਰੰਭ ਕਰਨ ਭਾਵ ਬਸੰਤ ਖੋਲ੍ਹਣ ਦੀ ਵਿਸ਼ੇਸ਼ ਅਰਦਾਸ ਵੀ ਕੀਤੀ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਲੋਕ ਸੰਗੀਤਕ ਅੰਗ ਤੋਂ ਕੀਤੇ ਜਾਣ ਵਾਲੇ ਵਾਰੀਆਂ ਦੇ ਕੀਰਤਨ ਵਿਚ ਵੀ ਬਸੰਤ ਰੁਤ ਵਿਚ ਬਸੰਤ ਰਾਗ ਦੇ ਸ਼ਬਦਾਂ ਦਾ ਹੀ ਗਾਇਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਪਰੰਪਰਾ ਵਿਚ ਹੋਲੇ ਮਹੱਲੇ ਤੱਕ ਇਸ ਰਾਗ ਦਾ ਗਾਇਨ ਹਰ ਕੀਰਤਨ ਚੌਕੀ ਵਿਚ ਕਰਨ ਦੀ ਪ੍ਰਥਾ ਹੈ। ਹੋਲੇ ਮਹੱਲੇ ਤੋਂ ਪਹਿਲੀ ਰਾਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬਸੰਤ ਰਾਗ ਅਤੇ ਹੋਲੀ ਨਾਲ ਸਬੰਧਤ ਸ਼ਬਦਾਂ ਦੇ ਗਾਇਨ 'ਤੇ ਆਧਾਰਿਤ ਵਿਸ਼ੇਸ਼ ਰਾਗ ਦਰਬਾਰ ਦੀ ਪ੍ਰਥਾ ਅੱਜ ਤੱਕ ਪ੍ਰਚਲਿਤ ਹੈ ਜਿਸ ਵਿਚ ਬੀਰ ਰਸੀ ਸ਼ਬਦਾਂ ਦਾ ਗਾਇਨ ਵੀ ਬਸੰਤ ਤੇ ਬਸੰਤ ਦੇ ਪ੍ਰਕਾਰਾਂ ਵਿਚ ਕਰ ਲਿਆ ਜਾਂਦਾ ਹੈ। ਇਥੇ ਸਪਸ਼ਟ ਕਰਨਾ ਉਚਿੱਤ ਹੋਵੇਗਾ ਕਿ ਉਂਜ ਵੀ ਬਸੰਤ ਰਾਗ ਆਪਣੇ ਸਮੇਂ ਅਨੁਸਾਰ ਸ਼ੁੱਧ ਬਸੰਤ ਦੁਪਹਿਰ ਤੇ ਬਸੰਤ (ਪੂਰਵੀ) ਮੱਧ ਰਾਤ ਨੂੰ ਗਾਇਆ ਜਾਂਦਾ ਹੈ। ਬਸੰਤ ਰੁਤ ਸਮੇਂ ਇਸ ਰਾਗ ਨੂੰ ਹਰ ਸਮੇਂ ਗਾਉਣ ਦੀ ਪ੍ਰਥਾ ਹੈ। ਗੁਰੂ ਘਰ ਵਿਚ ਪੁਰਾਤਨ ਬਸੰਤ ਸ਼ੁੱਧ ਸੁਰਾਂ ਵਾਲਾ ਬਿਲਾਵਲ ਥਾਟ ਵਾਲਾ ਬਸੰਤ ਪ੍ਰਚਲਤ ਰਿਹਾ। ਵਰਤਮਾਨ ਸਮੇਂ ਬਸੰਤ ਤੇ ਬਸੰਤ ਹਿੰਡੋਲ ਦੇ ਵੱਖ-ਵੱਖ ਰੂਪ ਕੀਰਤਨੀਆਂ ਵਿਚ ਖ਼ੂਬ ਉਤਸ਼ਾਹ ਨਾਲ ਗਾਏ ਵਜਾਏ ਜਾਂਦੇ ਹਨ। ਜਿੱਥੇ ਕਿਤੇ ਵੀ ਕੀਰਤਨ ਹੁੰਦਾ ਹੈ ਕੀਰਤਨੀਏ ਇਸ ਰੁੱਤੇ ਬਸੰਤ ਰਾਗ ਵਿਚ ਸ਼ਬਦ ਤੇ ਬਸੰਤ ਕੀ ਵਾਰ ਮਹੱਲਾ ਪੰਜਵਾਂ ਦੀਆਂ ਵਿਚੋਂ ਪਉੜੀਆਂ ਦਾ ਗਾਇਨ ਜ਼ਰੂਰ ਕਰਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਰਾਗ ਤੇ ਸੰਗੀਤ ਦੀ ਨਾਦਾਤਮਕ ਸ਼ਕਤੀ ਜੋ ਸਾਡੇ ਸੱਭਿਆਚਾਰਕ ਧਰਾਤਲ ਦੀ ਵੱਡੀ ਧਰੋਹਰ ਨੂੰ ਸਦੀਵੀ ਰੂਪ ਵਿਚ ਸੰਭਾਲਦਿਆਂ ਇਸ ਦੇ ਪ੍ਰਯੋਗ ਨੂੰ ਚਿਰੰਜੀਵਤਾ ਪ੍ਰਦਾਨ ਕੀਤੀ ਹੈ। ਗੁਰੂ ਘਰ ਵਿਚ ਸਦੀਆਂ ਤੋਂ ਗਾਇਨ ਕੀਤੇ ਜਾਂਦੇ ਇਹ ਰਾਗ ਅੱਜ ਜਿੱਥੇ ਸਾਡੇ ਮਨਾਂ ਵਿਚ ਸ਼ਬਦ ਦਾ ਪ੍ਰਕਾਸ਼ ਕਰ ਰਹੇ ਹਨ ਉਥੇ ਭਾਰਤੀ ਸੰਗੀਤ ਦੀ ਰਾਗਾਤਮਕ ਵਿਰਾਸਤ ਨੂੰ ਵੀ ਗੁਰੂ ਘਰ ਨੇ ਗੁਰਮਤਿ ਸੰਗੀਤ ਦੇ ਰੂਪ ਵਿਚ ਸੁਰੱਖਿਅਤ ਕੀਤਾ ਤੇ ਪਰਚਾਰਿਆ।

# ਸੂਰਮੇ ਸਿੰਘ ਨੇ ਕਰੇ ਸ਼ਰਮਿੰਦੇ !

**ਤਰਲੋਚਨ ਸਿੰਘ ਦੁਪਾਲਪੁਰ**
(00-408-915-1268,
tsdupalpuri@yahoo.com




ਆਨੰਦਪੁਰ ਸਾਹਿਬ-ਗੜ੍ਹਸ਼ੰਕਰ ਸੜਕ ਦੀ ਹਾਲਤ ਬਿਆਨਦੀ ਤਸਵੀਰ।

ਪੰਜਾਬ ਤੋਂ ਛਪਦੀ ਇੱਕ ਅਖ਼ਬਾਰ ਵਿਚ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦਾ ਲੇਖਾ ਜੋਖਾ ਕਰਦਾ ਫੀਚਰ ਵੱਡੀ ਉਤਸੁਕਤਾ ਨਾਲ ਪੜ੍ਹਿਆ ਕਿਉਂਕਿ ਮੇਰਾ ਆਪਣਾ ਪਿੰਡ ਇਸੇ ਹਲਕੇ ਵਿਚ ਸਥਿਤ ਹੈ। ਇਸ ਫੀਚਰ ਵਿੱਚ ਗੜ੍ਹਸ਼ੰਕਰ-ਸ੍ਰੀ ਅਨੰਦਪੁਰ ਸਾਹਿਬ ਸੜਕ ਦੇ ਡੂੰਘੇ ਖੱਡਿਆਂ ਦੀ ਫੋਟੋ ਛਪੀ ਹੋਈ ਦੇਖ ਕੇ ਮੈਨੂੰ ਬੀਤੇ ਵਰ੍ਹੇ ਅਕਤੂਬਰ ਮਹੀਨੇ ਉਸ ਇਤਿਹਾਸਕ ਅਸਥਾਨ ਦੀ ਕੀਤੀ ਆਪਣੀ ਯਾਤਰਾ ਚੇਤੇ ਆ ਗਈ। ਹੋਇਆ ਇੰਜ ਕਿ ਘਰੋਂ ਤੁਰਨ ਵੇਲੇ ਕਾਰ ਸਟਾਰਟ ਕਰਨ ਲੱਗਿਆਂ ਮੇਰੇ ਬੇਟੇ ਨੇ ਸ਼ੰਕਾ ਵੀ ਜਤਾਈ ਕਿ ਗੜ੍ਹਸ਼ੰਕਰ ਵਾਲੀ ਸੜਕ ਟੁੱਟੀ ਹੋਈ ਹੁੰਦੀ ਹੈ, ਆਪਾਂ ਵਾਇਆ ਰੋਪੜ ਚਲਦੇ ਹਾਂ। ਪਰ ਮੈਂ ਗੜ੍ਹਸ਼ੰਕਰ ਵਾਲੇ ਰਾਹ ਆਪਣੇ ਬਾਪ ਦੇ ਸਾਈਕਲ ਪਿੱਛੇ ਬਹਿ ਕੇ ਅਤੇ ਬਾਅਦ ਵਿਚ ਖੁਦ ਵੀ ਕਈ ਵਾਰ ਸਾਈਕਲ 'ਤੇ ਹੀ ਅਨੰਦਪੁਰ ਸਾਹਿਬ ਨੂੰ ਜਾਂਦਾ ਰਿਹਾ ਹੋਣ ਕਰਕੇ ਇਸੇ ਰਾਹੇ ਜਾਣ ਲਈ ਜ਼ੋਰ ਪਾਇਆ ਤਾਂ ਕਿ ਮੈਂ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਦਾ ਜਾਵਾਂ ਕਿ ਕਿਵੇਂ ਰਾਹ ਵਿਚ ਖਟ-ਮਿੱਠੇ ਗਨੂਨੇ ਤੋੜ ਤੋੜ ਕੇ ਖਾਂਦੇ ਅਤੇ ਲੰਗਰ ਛਕਦੇ ਜਾਂਦੇ ਹੁੰਦੇ ਸਾਂ। ਪਰ ਉਹੀ ਗੱਲ ਹੋਈ। ਜਦ ਅਸੀਂ ਬੀਤ ਇਲਾਕੇ ਵਿਚ ਦਾਖ਼ਲ ਹੋਏ ਤਦ ਇਉਂ ਜਾਪੇ ਜਿਵੇਂ ਸਾਡੀ ਕਾਰ ਕਿਸੇ ਸੜਕ 'ਤੇ ਨਹੀਂ ਸਗੋਂ ਕਿਸੇ ਬੇਅਬਾਦ ਊਬੜ-ਖਾਬੜ ਖੇਤ ਵਿਚ ਡਿੱਕੇ ਡੋਲੇ ਖਾਂਦੀ ਜਾ ਰਹੀ ਹੋਵੇ। ਸਵਾ ਕੁ ਘੰਟੇ ਦਾ ਰਾਹ ਅਸੀਂ ਚਹੁੰ ਘੰਟਿਆਂ 'ਚ ਮੁਕਾਇਆ। ਨੰਗਲ-ਅਨੰਦਪੁਰ ਸਾਹਿਬ ਰੋਡ 'ਤੇ ਚੜ੍ਹਨ ਤੱਕ ਮੇਰਾ ਬੇਟਾ ਸਟੇਅਰਿੰਗ, ਕਲੱਚ ਅਤੇ ਰੇਸ ਨਾਲ ਘੁਲਦਾ ਹੀ ਗਿਆ।

ਮਲਾਈ ਵਰਗੀਆਂ ਅਮਰੀਕਨ ਸੜਕਾਂ 'ਤੇ ਕਾਰਾਂ ਚਲਾਉਣ ਗਿੱਝੇ ਅਸੀਂ ਉਸ ਦਿਨ ਦਹੀਂ ਵਾਂਗ ਰਿੜਕ ਹੁੰਦੇ ਗਏ। ਮੇਰੀ ਪਤਨੀ ਪਿਛਲੀ ਸੀਟ 'ਤੇ ਸਿਰ੍ਹਾਣਾ ਪਿੱਠ ਪਿੱਛੇ ਲਾਈ ਬੈਠੀ ਸੀ ਕਿਉਂਕਿ ਬਾਥਰੂਮ ਵਿਚ ਤਿਲਕਣ ਕਰਕੇ ਉਹਦੇ ਮੋਢੇ 'ਤੇ ਸੱਟ ਲੱਗੀ ਹੋਈ ਸੀ। ਉਹ ਦੁਖੀ ਹੁੰਦੀ ਬਾਦਲ ਸਰਕਾਰ ਨੂੰ ਬੁਰਾ ਭਲਾ ਬੋਲ ਰਹੀ ਸੀ। ਉਸ ਦੇ ਗੁੱਸੇ ਦਾ ਪਾਰਾ ਹੋਰ ਉਤਾਂਹ ਚੜ੍ਹ ਗਿਆ, ਜਦ ਮੈਂ ਗੱਲ ਕਰ ਬੈਠਾ ਕਿ ਤਕਰੀਬਨ ਤਿੰਨ ਹਿੱਸੇ ਪੰਜਾਬ, ਹਰ ਵਿਸਾਖੀ ਜਾਂ ਹੋਲੇ ਮਹੱਲੇ ਮੌਕੇ ਇਸੇ ਸੜਕ ਰਾਹੀਂ ਹੀ ਸ੍ਰੀ ਅਨੰਦਪੁਰ ਸਾਹਿਬ ਪਹੁੰਚਦਾ ਹੈ। ਪਰ 'ਪੰਥਕ ਸਰਕਾਰ' ਨੂੰ ਦਸਾਂ ਸਾਲਾਂ ਵਿਚ ਵੀ ਸ਼ਰਧਾਲੂਆਂ ਦੇ ਹੈਡ ਖੜਕਾਉਂਦੀ ਇਸ ਸੜਕ ਦੇ ਗੋਡੇ ਗੋਡੇ ਟੋਏ ਨਾ ਦਿਸੇ ?

ਵਾਪਸੀ ਵੇਲੇ ਅਸੀਂ ਜਦ ਜਾਦਲੇ ਕੋਲੋਂ ਲੰਘੇ ਤਾਂ ਉੱਥੇ ਜਾਣੂਆਂ ਦੇ ਘਰੇ ਸ੍ਰੀ ਅਖੰਡ ਪਾਠ ਅਰੰਭ ਹੋਇਆ ਹੋਣ ਕਰਕੇ ਮੱਥਾ ਟੇਕਣ ਗਏ। ਉਥੇ ਮਿਲੇ ਇਕ ਸੂਰਮੇ ਸਿੰਘ ਨੇ ਸਾਨੂੰ ਸ਼ਰਮਿੰਦਾ ਹੀ ਕਰ ਦਿੱਤਾ। ਸਾਡੇ ਮੂੰਹੋਂ ਅੱਜ ਦੀ ਯਾਤਰਾ ਦਾ ਬ੍ਰਿਤਾਂਤ ਸੁਣ ਕੇ ਉਹ ਕਹਿੰਦਾ:-'ਜਥੇਦਾਰ ਜੀ, ਮੈਨੂੰ ਅੱਖਾਂ ਤੋਂ ਹੀਣ ਹੁੰਦਿਆਂ ਵੀ ਉਸ ਸੜਕ ਦੇ ਖੱਡਿਆਂ ਬਾਰੇ ਪਤਾ ਐ। ਫਿਰ ਤੁਸੀਂ ਸੁਜਾਖੇ ਹੁੰਦੇ ਹੋਏ ਵੀ ਉਸ ਰਾਹ ਕਿਉਂ ਗਏ ?

# ਮਹਾਰਾਜਾ ਰਣਜੀਤ ਸਿੰਘ ਨੂੰ ਤੋਹਫ਼ੇ ਭੇਟ ਕਰਨਾ ਸੀ ਅੰਗਰੇਜ਼ਾਂ ਦੀ ਗੁੱਝੀ ਚਾਲ

**ਕਰਨਲ ਅਵਤਾਰ ਸਿੰਘ ਬਰਾੜ**

ਅਠਾਰ੍ਹਵੀਂ ਸਦੀ ਦੇ ਆਰੰਭ ਵਿੱਚ ਰੂਸ ਦਾ ਦਬਾਅ ਮੱਧ ਏਸ਼ੀਆ ਵਿੱਚ ਵੱਧਦਾ ਜਾ ਰਿਹਾ ਸੀ ਤੇ ਅੰਗਰੇਜ਼ ਸ਼ਾਸਕ ਵੀ ਆਪਣੇ ਤਿਜਾਰਤੀ ਲਾਭਾਂ ਲਈ ਤਿਜਾਰਤ ਦੇ ਨਵੇਂ ਰਸਤੇ ਲੱਭ ਰਹੇ ਸਨ। ਪੰਜਾਬ ਵਿੱਚ ਉਨ੍ਹਾਂ ਦਿਨਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਤੇ ਅੰਗਰੇਜ਼ਾਂ ਨੂੰ ਡਰ ਸੀ ਕਿ ਜੇ ਉਨ੍ਹਾਂ ਨੇ ਮਹਾਰਾਜੇ ਕੋਲੋਂ ਪੰਜਾਬ ਵਿੱਚੋਂ ਅਫਗਾਨਿਸਤਾਨ ਆਦਿ ਲਈ ਰਾਹ ਮੰਗਿਆ ਤੇ ਮਹਾਰਾਜੇ ਨੇ ਨਾਂਹ ਕਰ ਦਿੱਤੀ, ਤਾਂ ਕੰਮ ਬੜਾ ਕਠਿਨ ਹੋ ਜਾਵੇਗਾ। ਅੰਗਰੇਜ਼ਾਂ ਨੇ ਹਰ ਪਹਿਲੂ ਨੂੰ ਸੋਚ ਕੇ ਫ਼ੈਸਲਾ ਲਿਆ ਕਿ ਸਿੰਧ ਦਰਿਆ ਨੂੰ ਤਜਾਰਤ ਲਈ ਵਰਤਿਆ ਜਾਵੇ। ਇਸ ਲਈ ਅੰਗਰੇਜ਼ਾਂ ਨੇ ਵਿਚਾਰ ਕੀਤਾ ਕਿ ਪਹਿਲਾਂ ਇਸ ਰਾਹ ਦੀ ਛਾਣਬੀਣ ਕੀਤੀ ਜਾਵੇ।

ਮਹਾਰਾਜਾ ਰਣਜੀਤ ਸਿੰਘ ਨੇ ਇੰਗਲੈਂਡ ਦੇ ਬਾਦਸ਼ਾਹ ਵਿਲੀਅਮ ਚੌਥੇ ਨੂੰ ਬਹੁਤ ਕੀਮਤੀ ਕਸ਼ਮੀਰੀ ਸ਼ਾਲ ਦੁਸ਼ਾਲੇ ਤੋਹਫ਼ੇ ਵਜੋਂ ਭੇਜੇ ਸਨ। ਅੰਗਰੇਜ਼ਾਂ ਨੇ ਸੋਚਿਆ ਕਿ ਮੋੜਵੇਂ ਤੋਹਫ਼ੇ ਕੀ ਭੇਜੇ ਜਾਣ ? ਉਨ੍ਹਾਂ ਨੂੰ ਮਹਾਰਾਜੇ ਦੇ ਘੋੜਿਆਂ ਦੇ ਸ਼ੌਕ ਬਾਰੇ ਪਤਾ ਸੀ। ਅਖ਼ੀਰ ਫ਼ੈਸਲਾ ਇਹ ਹੋਇਆ ਕਿ ਬਹੁਤ ਹੀ ਸੋਹਣੇ ਤੇ ਵਧੀਆ ਨਸਲ ਦੇ ਘੋੜੇ ਤੋਹਫ਼ੇ ਵਜੋਂ ਭੇਜੇ ਜਾਣ ਪਰ ਇਹ ਕੋਈ ਆਮ ਘੋੜੇ ਨਾ ਹੋਣ। ਉਨ੍ਹਾਂ ਕੋਲ ਏਸ਼ੀਆ ਦੇ ਸਭ ਤੋਂ ਚੰਗੇ ਘੋੜੇ ਸਨ। ਇਨ੍ਹਾਂ ਵਿੱਚੋਂ ਚਾਰ ਘੋੜੀਆਂ ਤੇ ਇੱਕ ਘੋੜਾ ਸੀ। ਮਹਾਰਾਜਾ ਰਣਜੀਤ ਸਿੰਘ ਲਈ ਇਹ ਤੋਹਫ਼ਾ ਖ਼ਾਸ ਤੌਰ 'ਤੇ ਚੁਣਿਆ ਗਿਆ ਸੀ, ਕਿਉਂਕਿ ਮਹਾਰਾਜੇ ਨੇ ਪੀਟਰਜ਼ਬਰਗ (ਰੂਸ) ਵਿੱਚ ਆਪਣਾ ਏਲਚੀ ਭੇਜਿਆ ਸੀ। ਅੰਗਰੇਜ਼ਾਂ ਨੂੰ ਖ਼ਤਰਾ ਸੀ



ਕਿ ਜੇ ਏਲਚੀ ਰੂਸ ਨਾਲ ਚੰਗੇ ਸਬੰਧ ਕਾਇਮ ਕਰਨ ਵਿੱਚ ਸਫ਼ਲ ਹੋ ਗਿਆ, ਤਾਂ ਅੰਗਰੇਜ਼ਾਂ ਦਾ ਮੱਧ ਏਸ਼ੀਆ ਵਿੱਚ ਪਸਾਰ ਸੰਭਵ ਨਹੀਂ ਸੀ। ਸਰ ਜੌਹਨ ਮੈਲਕਮ ਜਿਹੜਾ ਕਿ ਉਸ ਵੇਲੇ ਬੰਬਈ ਦਾ ਗਵਰਨਰ ਸੀ, ਨੂੰ ਇੱਕ ਸੋਨੇ ਵਿੱਚ ਮੜ੍ਹੀ ਬੱਘੀ ਬਣਾਉਣ ਦਾ ਹੁਕਮ ਦਿੱਤਾ ਗਿਆ, ਜਿਸ ਅੱਗੇ ਪੰਜ ਘੋੜੇ ਜੁਤ ਸਕਣ ਤੇ ਮਹਾਰਾਜਾ ਰਣਜੀਤ ਸਿੰਘ ਉਸ ਵਿੱਚ ਬੈਠ ਕੇ ਆਪਣੇ ਰਾਜ ਵਿੱਚ ਘੁੰਮ ਫਿਰ ਸਕੇ। ਇਹ ਵੀ ਧਿਆਨ ਵਿੱਚ ਰੱਖਿਆ ਗਿਆ ਕਿ ਘੋੜੇ ਤੇ ਬੱਘੀ 700 ਮੀਲ ਦਾ ਲੰਮਾ ਵਲੇਵੇਂ ਵਾਲਾ ਰਸਤਾ ਬੰਬਈ ਤੋਂ ਲਾਹੌਰ ਤੱਕ ਸਫਲਤਾ ਨਾਲ ਪੂਰਾ ਨਹੀਂ ਕਰ ਸਕਣਗੇ, ਇਸ ਲਈ ਸਿੰਧ ਦਰਿਆ ਰਾਹੀਂ ਘੋੜੇ ਤੇ ਬੱਘੀ ਇੱਕ ਵੱਡੀ ਕਿਸ਼ਤੀ ਵਿੱਚ ਲੱਦ ਕੇ ਲਾਹੌਰ ਪਹੁੰਚਾਈ ਜਾਵੇ। ਇਹ ਕੰਮ ਨੌਜਵਾਨ ਲੈਫ਼ਟੀਨੈਂਟ ਅਲੈਗਜ਼ੈਂਡਰ ਬਰਨਜ਼ ਨੂੰ ਸੌਂਪਿਆ ਗਿਆ। ਇਹ ਪਹਿਲਾਂ ਮੁੰਬਈ ਲਾਈਟ ਇਨਫੈਂਟਰੀ ਵਿੱਚ ਅਫਸਰ ਸੀ ਪਰ ਕਾਬਲੀਅਤ ਕਰ ਕੇ ਇਸ ਦੀ ਇੰਡੀਅਨ ਪੋਲੀਟੀਕਲ ਸਰਵਿਸਿਜ਼ ਵਿੱਚ ਬਦਲੀ ਕਰ ਦਿੱਤੀ ਗਈ ਸੀ। ਇਹ ਬਹੁਤ ਹੀ ਸਿਆਣਾ, ਬਹਾਦਰ ਤੇ ਚਲਾਕ ਸੀ ਤੇ ਕਈ ਜ਼ੁਬਾਨਾਂ ਫਾਰਸੀ, ਅਰਬੀ ਤੇ ਹਿੰਦੁਸਤਾਨੀ ਵਿੱਚ ਮਾਹਰ ਸੀ। ਇਸ ਨੇ ਆਪਣੇ ਨਾਲ ਇੱਕ ਸਰਵੇਅਰ ਤੇ ਕੁੱਝ ਸਿਪਾਹੀ ਲਏ। ਇੱਕ ਵੱਡੀ ਕਿਸ਼ਤੀ ਵਿੱਚ ਘੋੜੇ ਤੇ ਬੱਘੀ ਲੱਦ ਕੇ, ਸਿੰਧ ਦਰਿਆ ਰਾਹੀਂ 21 ਜਨਵਰੀ 1831 ਨੂੰ ਰਵਾਨਗੀ ਕੀਤੀ। ਸਿੰਧ ਦਰਿਆ ਇੱਕ ਵਿਸ਼ਾਲ ਦਰਿਆ ਹੈ ਤੇ ਇਹ ਸਾਰੇ ਦਾ ਸਾਰਾ ਅੰਗਰੇਜ਼ਾਂ ਦੀ ਅਧੀਨਗੀ ਵਿੱਚ ਨਹੀਂ ਸੀ।

ਰਸਤੇ ਵਿੱਚ ਕਈ ਛੋਟੀਆਂ ਵੱਡੀਆਂ ਰਿਆਸਤਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਕਿਨਾਰੇ ਤੋਂ ਗੋਲੀਆਂ ਵੀ ਚਲਾਈਆਂ ਗਈਆਂ ਪਰ ਜਦੋਂ ਪਤਾ ਲੱਗਦਾ ਕਿ ਇਹ ਤੋਹਫ਼ੇ ਮਹਾਰਾਜਾ ਰਣਜੀਤ ਸਿੰਘ ਲਈ ਜਾ ਰਹੇ ਹਨ, ਤਾਂ ਉਹ ਮਜਬੂਰ ਹੋ ਕੇ ਉਨ੍ਹਾਂ ਨੂੰ ਅੱਗੇ ਜਾਣ ਦੀ ਆਗਿਆ ਦੇ ਦਿੰਦੇ। ਭਾਵੇਂ ਦੇਖਣ ਨੂੰ ਇਹ ਸਫ਼ਰ ਤੋਹਫ਼ੇ ਲਿਜਾਣ ਲਈ ਸੀ ਪਰ ਅੰਦਰਖਾਤੇ ਇਹ ਇੱਕ ਗੁੱਝੀ ਚਾਲ ਸੀ ਤੇ ਸਾਰੇ ਇਲਾਕੇ ਦੀ ਛਾਣਬੀਣ ਕਰਨਾ ਮੁੱਖ ਟੀਚਾ ਸੀ।

ਹੌਲੀ-ਹੌਲੀ ਸਫ਼ਰ ਕਰਦੇ ਹੋਏ ਇਹ ਪੰਜ ਮਹੀਨਿਆਂ ਮਗਰੋਂ ਲਾਹੌਰ ਪਹੁੰਚ ਗਏ। ਇਨ੍ਹਾਂ ਨੇ ਇਹ ਸਾਬਤ ਕਰ ਦਿੱਤਾ ਕਿ ਦਰਿਆ ਸਿੰਧ ਰਾਹੀਂ ਇਹ ਸਮੁੰਦਰ ਤੋਂ ਲਾਹੌਰ ਤੱਕ ਅਰਾਮ ਨਾਲ ਪਹੁੰਚ ਸਕਦੇ ਹਨ। ਇਨ੍ਹਾਂ ਨੇ ਇਸ ਰਸਤੇ ਦਾ ਨਕਸ਼ਾ ਵੀ ਬਣਾ ਲਿਆ ਤੇ ਜਾਂਚ ਲਿਆ ਕਿ ਦਰਿਆ ਆਉਣ ਜਾਣ ਲਈ ਵਰਤਿਆ ਜਾ ਸਕਦਾ ਹੈ। ਜੇ ਮਹਾਰਾਜਾ ਰਣਜੀਤ ਸਿੰਘ ਇਜਾਜ਼ਤ ਦੇਵੇ ਤਾਂ ਅੰਗਰੇਜ਼ਾਂ ਦਾ ਮਾਲ ਅਫ਼ਗਾਨਿਸਤਾਨ ਤੇ ਐਕਸਿਜ਼ ਦਰਿਆ ਦੇ ਰਾਹੀਂ ਤੁਰਕਿਸਤਾਨ ਤੱਕ ਭੇਜਿਆ ਜਾ ਸਕਦਾ ਹੈ। ਕਿਸਮਤ ਨਾਲ ਘੋੜੇ ਤੇ ਬੱਘੀ ਵੀ ਬਗ਼ੈਰ ਕਿਸੇ ਨੁਕਸਾਨ ਦੇ ਲਾਹੌਰ ਪਹੁੰਚ ਗਏ। ਇਨ੍ਹਾਂ ਦੇ ਖੁਰਾਂ ਦਾ ਵਜ਼ਨ ਆਮ ਘੋੜਿਆਂ ਦੇ ਵਜ਼ਨ ਤੋਂ ਚਾਰ ਗੁਣਾ ਜ਼ਿਆਦਾ ਸੀ। ਮਹਾਰਾਜਾ ਰਣਜੀਤ ਸਿੰਘ ਵੀ ਅੰਗਰੇਜ਼ਾਂ ਨਾਲ ਦੋਸਤੀ ਰੱਖਣਾ ਚਾਹੁੰਦੇ ਸਨ। ਅੰਗਰੇਜ਼ਾਂ ਨੂੰ ਪਤਾ ਸੀ ਕਿ ਮਹਾਰਾਜੇ ਦੀ ਸਿਹਤ ਠੀਕ ਨਹੀਂ ਰਹਿੰਦੀ, ਇਸ ਲਈ ਬਰਨਜ਼ ਨੂੰ ਹੋਰ ਕਈ ਕਿਸਮ ਦੀ ਜਾਣਕਾਰੀ ਇਕੱਠੀ ਕਰਨ ਦਾ ਕੰਮ ਵੀ ਦਿੱਤਾ ਹੋਇਆ ਸੀ। ਜਦੋਂ ਬਰਨਜ਼ ਲਾਹੌਰ ਪਹੁੰਚਿਆ, ਤਾਂ ਉਸ ਨੇ ਲਿਖਿਆ ਕਿ "ਅਸੀਂ ਲਾਹੌਰ ਦੀ ਦੀਵਾਰ ਦੇ ਨਾਲ-ਨਾਲ ਗਏ ਅਤੇ ਲਾਹੌਰ ਮਹਿਲ ਦੇ ਦਰਵਾਜ਼ੇ ਰਾਹੀਂ ਅੰਦਰ ਵੜੇ। ਸਾਰੇ ਰਸਤੇ ਵਿੱਚ ਘੋੜ ਸਵਾਰ, ਤੋਪਖਾਨਾ ਤੇ ਸਿਪਾਹੀ ਸਾਨੂੰ 'ਜੀ ਆਇਆਂ ਨੂੰ' ਕਹਿਣ ਲਈ ਖੜ੍ਹੇ ਸਨ ਤੇ ਸਾਰਿਆਂ ਨੇ ਸਾਨੂੰ ਸਲੂਟ ਕੀਤਾ। ਸਾਰੇ ਰਸਤੇ ਵਿੱਚ ਸ਼ਹਿਰ ਵਾਸੀ ਘਰਾਂ ਦੇ ਚੁਬਾਰਿਆਂ ਵਿੱਚ ਚੁੱਪਚਾਪ ਸਾਡੇ ਸਵਾਗਤ ਲਈ ਬੈਠੇ ਸਨ। ਫਿਰ ਸਾਨੂੰ ਮਹਿਲ ਵਿੱਚ ਲਿਜਾਇਆ ਗਿਆ ਅਤੇ ਅਸੀਂ ਦਰਬਾਰ ਕਮਰੇ ਵਿੱਚ ਦਾਖ਼ਲ ਹੋ ਗਏ। ਅਜੇ ਮੈਂ ਆਪਣੇ ਜੁੱਤੇ ਉਤਾਰ ਰਿਹਾ ਸੀ ਕਿ ਇੱਕ ਬੁੱਢੇ ਆਦਮੀ ਨੇ ਮੈਨੂੰ ਜ਼ੋਰ ਨਾਲ ਜੱਫ਼ੀ ਪਾਈ ਤਾਂ ਮੈਨੂੰ ਜਾਣਕਾਰੀ ਮਿਲੀ ਕਿ ਇਹ ਬੁੱਢਾ ਆਦਮੀ ਹੋਰ ਕੋਈ ਨਹੀਂ, ਸਗੋਂ ਮਹਾਰਾਜਾ ਰਣਜੀਤ ਸਿੰਘ ਆਪ ਸੀ ਤੇ ਉਸ ਨੇ ਸਾਨੂੰ ਏਨਾ ਮਾਣ ਬਖ਼ਸ਼ਿਆ। ਮਹਾਰਾਜਾ ਨੇ ਮੇਰੇ ਹੱਥ ਨੂੰ ਫੜਿਆ ਤੇ ਆਪਣੇ ਨਾਲ ਇੱਕ

ਬਾਕੀ ਸਫ਼ਾ 28 'ਤੇ

# ਸੈਕਰਾਮੈਂਟੋ ਵਿਚ 'ਸਿੱਖ ਪ੍ਰਾਜੈਕਟ' ਦੇ ਨਾਂ ਹੇਠ ਪ੍ਰਦਰਸ਼ਨੀ ਲੱਗੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :**
ਸੈਕਰਾਮੈਂਟੋ ਦੇ ਕੈਲੀਫੋਰਨੀਆ ਮਿਊਜ਼ੀਅਮ ਵਿਚ 'ਸਿੱਖ ਪ੍ਰਾਜੈਕਟ' ਦੇ ਨਾਂ ਹੇਠ ਪ੍ਰਦਰਸ਼ਨੀ ਲਾਈ ਗਈ ਹੈ ਜੋ 10 ਮਾਰਚ ਤੱਕ ਚੱਲੇਗੀ। ਸਿੱਖ ਕੁਲੀਸ਼ਨ ਦੀ ਭਾਈਵਾਲੀ ਨਾਲ



ਲਾਈ ਇਸ ਪ੍ਰਦਰਸ਼ਨੀ ਵਿਚ ਕੌਨੈਕਟੀਕਟ ਦੀ ਵਸਨੀਕ ਦਸਤਾਰਧਾਰੀ ਨਰਸ ਇਸ਼ਪ੍ਰੀਤ ਕੌਰ, ਮੈਰੀਲੈਂਡ ਰਹਿੰਦੀ ਦਸਤਾਵੇਜ਼ੀ ਫਿਲਮ ਨਿਰਮਾਤਾ ਹਰਪ੍ਰੀਤ ਕੌਰ, ਜੋ ਵਾਸ਼ਿੰਗਟਨ ਵਿਚ ਪਹਿਲੀ ਸਿੱਖ ਰਿਪੋਰਟਰ ਹੈ ਅਤੇ ਨਿਊਜਰਸੀ ਦੇ ਔਜਾਰ ਨਿਰਮਾਤਾ ਰਘੂਵਿੰਦਰ ਸਿੰਘ, ਜਿਨ੍ਹਾਂ ਦੇ ਪਿਤਾ ਓਕ ਗਰੀਕ ਗੁਰੂ ਘਰ ਵਿਸਕੌਨਸਨ ਵਿਚ 2012 'ਚ ਸਮਾਜ ਵਿਰੋਧੀ ਅਨਸਰਾਂ ਵੱਲੋਂ ਚਲਾਈ ਗੋਲੀ ਦੌਰਾਨ ਜ਼ਖਮੀ ਹੋਣ ਉਪਰੰਤ ਅਧਰੰਗ ਤੋਂ ਪੀੜਤ ਹਨ, ਉਨਾਂ ਸਿੱਖ ਸਖਸ਼ੀਅਤਾਂ ਵਿਚ ਸ਼ਾਮਿਲ ਹਨ, ਜਿਨ੍ਹਾਂ ਦਾ ਇਸ ਪ੍ਰਦਰਸ਼ਨੀ ਵਿਚ ਜ਼ਿਕਰ ਕੀਤਾ ਗਿਆ ਹੈ। ਪ੍ਰਦਰਸ਼ਨੀ ਦੇ ਆਯੋਜਕਾਂ ਦਾ ਕਹਿਣਾ ਹੈ ਕਿ ਸਾਡਾ ਉਦੇਸ਼ ਸਿੱਖ ਧਰਮ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ।

# ਕਿਰਤ ਦੇ ਗੌਰਵ ਅਤੇ ਆਨੰਦ ਨੂੰ ਉਜਾਗਰ ਕਰਦੀ ਹੈ ਗੁਰੂ ਰਵਿਦਾਸ ਜੀ ਦੀ ਬਾਣੀ

**ਜਸਵੰਤ ਸਿੰਘ ਜ਼ਫਰ**



ਗੁਰੂ ਨਾਨਕ ਸਾਹਿਬ ਨੇ ਲੰਮੀਆਂ ਵਾਟਾਂ ਮਾਰ ਕੇ ਗੁਰਮਤਿ ਗਿਆਨ ਪ੍ਰਕਾਸ਼ ਦੇ ਸਰੋਤਾਂ ਦੀ ਪਛਾਣ ਕਰਕੇ ਵੱਖ-ਵੱਖ ਬਾਣੀਕਾਰਾਂ ਦੀ ਬਾਣੀ ਦੇ ਰੂਪ ਵਿਚ ਇਸ ਗਿਆਨ ਨੂੰ ਕਰੜੀ ਮਿਹਨਤ ਨਾਲ ਇਕੱਠਾ ਕੀਤਾ। ਉਨ੍ਹਾਂ ਤੋਂ ਤਕਰੀਬਨ ਪੌਣੀ ਕੁ ਸਦੀ ਪਹਿਲਾਂ ਪੈਦਾ ਹੋਏ ਗੁਰੂ ਰਵਿਦਾਸ ਜੀ ਦੀ ਬਾਣੀ ਗੁਰਮਤਿ ਗਿਆਨ ਅਤੇ ਗੁਰਮਤਿ ਚਿੰਤਨ ਦਾ ਮਹੱਤਵਪੂਰਨ ਖਜ਼ਾਨਾ ਸੀ, ਜੋ ਉਨ੍ਹਾਂ ਆਪਣੀ ਪਹਿਲੀ ਉਦਾਸੀ ਦੌਰਾਨ ਪ੍ਰਾਪਤ ਕੀਤਾ। ਇਸ ਬਾਣੀ ਨੂੰ ਉਨ੍ਹਾਂ ਬਹੁਤ ਆਦਰ ਨਾਲ ਸੰਭਾਲ ਕੇ ਹੋਰ ਬਾਣੀਕਾਰਾਂ ਅਤੇ ਆਪਣੀ ਬਾਣੀ ਸਹਿਤ ਪੋਥੀ ਸਾਹਿਬ ਦੇ ਰੂਪ ਵਿਚ ਆਪਣੇ ਉਤਰਾਧਿਕਾਰੀ ਭਾਈ ਲਹਿਣੇ ਨੂੰ ਗੁਰਿਆਈ ਦੇ ਰੂਪ ਵਿਚ ਸੌਂਪਿਆ। ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੁਆਰਾ ਲੱਭੀ ਅਤੇ ਖੋਜੀ ਗਈ ਇਸ ਬਾਣੀ ਨੂੰ 'ਸੱਚ' ਕਿਹਾ :

ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ।।
ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ।। (514)

ਜੇ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਹੈ ਤਾਂ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਪੈਦਾ ਹੋਏ ਗੁਰੂ ਰਵਿਦਾਸ ਜੀ ਦੀ ਬਾਣੀ ਤਾਂ ਸਾਡੀ ਆਦਿ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 1192 'ਤੇ ਗੁਰੂ ਅਰਜਨ ਸਾਹਿਬ ਦਾ ਬਸੰਤ ਰਾਗ ਵਿਚ ਸ਼ਬਦ ਹੈ, ਜਿਸ ਵਿਚ ਉਹ ਗੁਰੂ ਨਾਨਕ ਦੇਵ ਜੀ ਨੂੰ ਵਾਲਮੀਕਿ ਜੀ ਅਤੇ ਧਰੂ ਭਗਤ ਤੋਂ ਚੱਲੀ ਆ ਰਹੀ ਭਗਤੀ ਪਰੰਪਰਾ ਦੀ ਕਹਾਣੀ ਦੇ ਪ੍ਰਵਾਹ ਦੀ ਲਗਾਤਾਰਤਾ ਵਜੋਂ ਦੇਖਦੇ ਅਤੇ ਧਿਆਉਂਦੇ ਹਨ। ਸ਼ਬਦ ਵਿਚ ਇਨ੍ਹਾਂ ਸਮੂਹ ਸੰਤਾਂ ਭਗਤਾਂ ਨੂੰ ਨਮੋ ਕੀਤਾ ਗਿਆ ਹੈ। ਸ਼ਬਦ ਦੀ ਸ਼ੁਰੂਆਤ ਇਸ ਤਰ੍ਹਾਂ ਹੁੰਦੀ ਹੈ :

ਸੁਣਿ ਸਾਖੀ ਮਨ ਜਪਿ ਪਿਆਰ।।
ਅਜਾਮਲੁ ਉਧਰਿਆ ਕਹਿ ਏਕ ।।
ਬਾਲਮੀਕੈ ਹੋਆ ਸਾਧਸੰਗੁ।।
ਧ੍ਰੂ ਕਉ ਮਿਲਿਆ ਹਰਿ ਨਿਸੰਗ।।

ਸ਼ਬਦ ਦੀ ਸਮਾਪਤੀ ਇਸ ਤਰ੍ਹਾਂ ਹੁੰਦੀ ਹੈ :

ਕਬੀਰਿ ਧਿਆਇਓ ਏਕ ਰੰਗ।।
ਨਾਮਦੇਵ ਹਰਿ ਜੀਉ ਬਸਹਿ ਸੰਗਿ।।
ਰਵਿਦਾਸ ਧਿਆਏ ਪ੍ਰਭ ਅਨੂਪ।।
ਗੁਰ ਨਾਨਕ ਦੇਵ ਗੋਵਿੰਦ ਰੂਪ।।

ਜਿਸ ਭਗਤੀ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਕਤੀਸ਼ਾਲੀ ਲਹਿਰ ਵਿਚ ਤਬਦੀਲ ਕੀਤਾ, ਗੁਰੂ ਰਵਿਦਾਸ ਜੀ ਨੂੰ ਇਸ ਸ਼ਬਦ ਰਾਹੀਂ ਉਸ ਪਰੰਪਰਾ ਦਾ ਮਹੱਤਵਪੂਰਨ ਪੜਾਅ ਜਾਂ ਮੀਲ ਪੱਥਰ ਤਸਲੀਮ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 1207 'ਤੇ ਸਾਰੰਗ ਰਾਗ ਵਿਚ ਦਰਜ ਇਕ ਹੋਰ ਸ਼ਬਦ ਵਿਚ ਗੁਰੂ ਅਰਜਨ ਸਾਹਿਬ ਗੁਰੂ ਰਵਿਦਾਸ ਜੀ ਅਤੇ ਦੂਸਰੇ ਬਾਣੀਕਾਰਾਂ ਦੀ ਸ੍ਰੇਸ਼ਠਤਾ ਦਾ ਧਿਆਨ ਧਰਦੇ ਹਨ ਅਤੇ ਆਪਣੇ ਪ੍ਰੇਰਨਾ-ਸਰੋਤ ਮੰਨਦੇ ਹਨ। ਇਸ ਤੋਂ ਵੀ ਵੱਧ ਕੇ, ਇਨ੍ਹਾਂ ਨੂੰ ਆਪਣੀ ਹਸਤੀ ਦੇ ਹੋਣ ਥੀਣ ਦਾ ਆਧਾਰ ਮੰਨਦੇ ਹਨ ਅਤੇ ਖੁਦ ਨੂੰ ਉਨ੍ਹਾਂ ਦੇ ਚਰਨਾਂ ਦੀ ਧੂੜ ਆਖਦੇ ਹਨ :

ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ।।
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ।।
ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ।।
ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ।।

ਗੁਰੂ ਅਰਜਨ ਸਾਹਿਬ ਤੋਂ ਪਹਿਲਾਂ ਗੁਰੂ ਰਾਮਦਾਸ ਜੀ ਵੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 835 'ਤੇ ਬਿਲਾਵਲ ਰਾਗ ਵਿਚ ਦਰਜ ਸ਼ਬਦ ਰਾਹੀਂ ਗੁਰੂ ਰਵਿਦਾਸ ਜੀ ਅਤੇ ਹੋਰ ਸੰਤਾਂ ਭਗਤਾਂ ਦੀ ਜਾਤ (ਸ਼ਖ਼ਸੀਅਤ) ਨੂੰ ਸਭ ਜਾਤਾਂ ਤੋਂ ਸ੍ਰੇਸ਼ਠ ਕਹਿ ਕੇ ਵਡਿਆਉਂਦੇ ਹਨ। ਭੱਟ ਕਲ ਜੀ ਨੇ ਆਪਣੇ ਸਵੱਈਆਂ ਵਿਚ ਇਨ੍ਹਾਂ ਆਦਿ ਬਾਣੀਕਾਰਾਂ ਜਾਂ ਆਦਿ ਗੁਰੂਆਂ ਦਾ ਉਚੇਚਾ ਜ਼ਿਕਰ ਕੀਤਾ ਹੈ :

ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ।।
ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ।।(1390, ਕਲ)

ਇਸ ਤਰ੍ਹਾਂ ਹੋਰ ਬਾਣੀਕਾਰਾਂ ਦੀ ਰਚਨਾ ਵਿਚ ਗੁਰੂ ਰਵਿਦਾਸ ਜੀ ਦਾ ਆਦਰ ਭਰਿਆ ਜ਼ਿਕਰ ਉਨ੍ਹਾਂ ਦੀ ਗੁਰਮਤਿ ਅੰਦਰ ਵੱਡੀ ਵਡਿਆਈ ਨੂੰ ਸਥਾਪਿਤ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 18 ਰਾਗਾਂ ਵਿਚ 40 ਸ਼ਬਦ ਦਰਜ ਹਨ ਪਰ ਉਨ੍ਹਾਂ ਦੇ ਬੋਲਾਂ, ਵਿਚਾਰਾਂ ਅਤੇ ਉਨ੍ਹਾਂ ਪ੍ਰਤੀ ਆਦਰ ਦੇ ਭਾਵ ਦੀ ਗੂੰਜ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਥਾਂ-ਥਾਂ ਫੈਲੀ ਹੋਈ ਮਿਲਦੀ ਹੈ। ਗੁਰੂ ਸਾਹਿਬਾਨ ਦੇ ਗੁਰੂ ਰਵਿਦਾਸ ਜੀ ਪ੍ਰਤੀ ਸਤਿਕਾਰ ਅਤੇ ਆਤਮਿਕ ਨੇੜਤਾ ਕਾਰਨ ਉਨ੍ਹਾਂ ਦੀ ਬਾਣੀ ਵਿਚ ਗੁਰੂ ਰਵਿਦਾਸ ਜੀ ਦੇ ਬੋਲ ਆਪ ਮੁਹਾਰੇ ਆਣ ਮਿਲਦੇ ਹਨ।

ਗੁਰੂ ਨਾਨਕ ਦੇਵ ਜੀ ਤੋਂ ਮਗਰਲੇ ਬਾਣੀਕਾਰ ਗੁਰੂਆਂ ਨੇ ਨਾਨਕ-ਮਾਰਗ ਦੇ ਪਾਂਧੀ ਹੋਣ ਕਰਕੇ ਆਪਣੇ ਆਪ ਨੂੰ ਬਾਣੀ ਵਿਚ 'ਨਾਨਕ' ਹੀ ਲਿਖਿਆ। ਕਬੀਰ ਸਾਹਿਬ ਦੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕਾਂ ਵਿਚ ਕਈ ਥਾਈਂ ਜੋ ਸਲੋਕ 'ਮਹਲਾ ਪੰਜਵਾਂ' ਲਿਖ ਕੇ ਆਉਂਦੇ ਹਨ, ਉਨ੍ਹਾਂ ਵਿਚ ਗੁਰੂ ਅਰਜਨ ਸਾਹਿਬ ਨੇ ਆਪਣੇ ਨਾਂ ਲਈ ਨਾਨਕ ਦੀ ਬਜਾਏ 'ਕਬੀਰ' ਵਰਤਿਆ ਹੈ। ਇਸ ਗੱਲ ਨੂੰ ਭਗਤੀ ਲਹਿਰ ਦਾ ਵਿਚਾਰਧਾਰਕ ਪ੍ਰਵਾਹ ਜਾਂ ਲਗਾਤਾਰਤਾ ਕਹਿ ਸਕਦੇ ਹਾਂ ਕਿ ਕਬੀਰ ਸਾਹਿਬ ਨੇ ਆਪਣੇ ਇਕ ਸਲੋਕ ਵਿਚ ਖੁਦ ਨੂੰ 'ਰਵਿਦਾਸ' ਲਿਖਿਆ ਹੈ :

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।। (1377, ਕਬੀਰ ਜੀ)

ਕਬੀਰ ਸਾਹਿਬ ਐਵੇਂ ਨਹੀਂ ਆਪਣੇ ਆਪ ਨੂੰ 'ਰਵਿਦਾਸ' ਆਖਦੇ। ਉਹ ਆਪਣੀ ਸ਼ਖ਼ਸੀਅਤ ਦੀ ਬੁਲੰਦੀ ਪਿੱਛੇ ਗੁਰੂ ਰਵਿਦਾਸ ਜੀ ਦੀ ਹੋਂਦ ਦੇ ਮਹੱਤਵ ਨੂੰ ਪਛਾਣਦੇ ਸਨ ਜਾਂ ਕਹਿ ਸਕਦੇ ਹਾਂ ਕਿ ਕਬੀਰ ਜੀ ਗੁਰੂ ਰਵਿਦਾਸ ਜੀ ਦੇ ਬੋਲਾਂ ਨੂੰ 'ਸਤਿ' ਕਰਕੇ ਜਾਣਦੇ ਸਨ। ਗੁਰੂ ਰਵਿਦਾਸ ਜੀ ਦੀ ਰਚਨਾ ਵਿਚ ਉਨ੍ਹਾਂ ਦੀ ਕਿਰਤ ਅਤੇ ਕਾਰ ਵਿਹਾਰ ਨਾਲ ਜੁੜੀ ਸ਼ਬਦਾਵਲੀ ਕਈ ਥਾਈਂ ਸਾਹਮਣੇ ਆਉਂਦੀ ਹੈ, ਜਿਵੇਂ ਢੋਰ, ਜੁੱਤੀ, ਰੰਬੀ, ਆਰ, ਧਾਗਾ, ਤੋਪਾ ਗੰਢ ਆਦਿ। ਇਹ ਸ਼ਬਦਾਵਲੀ ਉਨ੍ਹਾਂ ਦੀ ਰਚਨਾ, ਸ਼ਖਸੀਅਤ ਅਤੇ ਅਨੁਭਵ ਨਾਲ ਇਕਸੁਰਤਾ ਦੀ ਲਿਖਾਇਕ ਹੈ। ਆਪ ਕਿਰਤ ਦੇ ਗੌਰਵ ਅਤੇ ਆਨੰਦ ਦੇ ਨਾਲ-ਨਾਲ ਕਿਰਤੀ ਦੇ ਸਵੈ-ਸਨਮਾਨ ਨੂੰ ਉਜਾਗਰ ਕਰਦੇ ਹਨ, ਕਿਰਤ ਨਾਲ ਜੋੜੀ ਹੋਈ ਗਿਲਾਨੀ ਨੂੰ ਹੂੰਝਦੇ-ਪੂੰਝਦੇ ਹਨ ਅਤੇ ਦੂਸਰਿਆਂ ਦੀ ਕਿਰਤ ਦੇ ਸਿਰ 'ਤੇ ਪਲਣ ਵਾਲੇ ਅਖੌਤੀ ਉੱਚ ਵਰਗ ਨੂੰ ਸ਼ਰਮਿੰਦਗੀ ਦਾ ਗੱਫਾ ਪਰੋਸਦੇ ਹਨ। ਸਿੱਖ ਵਿਚਾਰਧਾਰਾ ਦੀਆਂ ਨੀਹਾਂ ਵਿਚ ਪਈ ਗੁਰੂ ਰਵਿਦਾਸ ਜੀ ਵਰਗੇ ਕਿਰਤੀਆਂ ਦੀਆਂ ਸ਼ਖਸੀਅਤਾਂ ਦੀ ਸ਼ਕਤੀ ਅਤੇ ਵਿਚਾਰਾਂ ਦੀ ਰੌਸ਼ਨੀ ਸੰਯੁਕਤ ਹੋ ਕੇ ਸਿੱਖ ਧਰਮ ਦਾ ਬੁਨਿਆਦੀ ਅਸੂਲ 'ਕਿਰਤ ਕਰਨਾ' ਬਣਦੀ ਹੈ। ਉਨ੍ਹਾਂ ਨੇ ਲਗਭਗ ਹਰੇਕ ਸ਼ਬਦ ਦੇ ਅੰਤ ਵਿਚ ਆਪਣੇ ਨਾਂ ਦੇ ਨਾਲ ਆਪਣੀ ਨੀਵੀਂ ਸਮਝੀ ਜਾਂਦੀ ਜਾਤ ਦਾ ਨਾਂ ਦਰਜ ਕਰਕੇ ਜਨਮ ਆਧਾਰਿਤ ਊਚ-ਨੀਚ ਵਾਲੇ ਜਾਤੀ ਪ੍ਰਬੰਧ ਦੀ ਨਿਮਰਤਾ ਦੀ ਜੁਗਤ ਨਾਲ ਖਿੱਲੀ ਉਡਾਈ ਹੈ।

'ਕਿਰਤ ਕਰਨਾ' ਤੋਂ ਬਾਅਦ 'ਨਾਮ ਜਪਣਾ' ਸਿੱਖੀ ਦਾ ਬੁਨਿਆਦੀ ਸਿਧਾਂਤ ਹੈ। ਗੁਰੂ ਰਵਿਦਾਸ ਜੀ ਨੇ ਧਰਮ ਦੇ ਨਾਂ 'ਤੇ ਹੋਣ ਵਾਲੇ ਕਰਮਕਾਂਡਾਂ ਨੂੰ ਰੱਦਿਆ ਹੈ। ਇਨ੍ਹਾਂ ਦੀ ਬਜਾਏ ਪ੍ਰੇਮ ਭਗਤੀ ਜਾਂ 'ਨਾਮ ਜਪਣ' ਦੇ ਮਹੱਤਵ ਨੂੰ ਸਥਾਪਿਤ ਕੀਤਾ ਗਿਆ। ਇਨ੍ਹਾਂ ਕਰਮਕਾਂਡਾਂ ਵਿਚੋਂ ਮੂਰਤੀਆਂ ਅੱਗੇ ਦੀਵੇ ਬਾਲ ਕੇ ਕੀਤੀ ਜਾਂਦੀ ਆਰਤੀ ਸਭ ਤੋਂ ਆਕਰਸ਼ਕ ਕਰਮਕਾਂਡ ਸੀ। ਆਪ ਵਲੋਂ ਆਰਤੀ ਦੀ ਸਾਰੀ ਸਮੱਗਰੀ ਨੂੰ ਪਿਛਾਂਹ ਕਰਕੇ ਉਸ ਦੀ ਜਗ੍ਹਾ 'ਨਾਮੁ' ਨੂੰ ਵਡਿਆਇਆ ਗਿਆ ਹੈ :

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ।।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ।।
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।।
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ।। (694)

ਗੁਰੂ ਰਵਿਦਾਸ ਜੀ ਲਈ ਭਗਤੀ ਜਾਂ ਧਰਮ ਨਿੱਜੀ ਪ੍ਰਾਪਤੀ, ਖੁਸ਼ੀ ਜਾਂ ਮੁਕਤੀ ਲਈ ਨਹੀਂ, ਸਗੋਂ ਉਹ ਨਿਆਂ ਅਤੇ ਬਰਾਬਰੀ ਆਧਾਰਿਤ ਸਮਾਜ ਅਤੇ ਸੰਸਾਰ ਦਾ ਸੁਪਨਾ ਦੇਖਦੇ ਸਨ, ਜਿਥੇ ਹਰ ਕੋਈ ਖੁਸ਼ੀ, ਖੁਸ਼ਹਾਲੀ, ਸੁਤੰਤਰਤਾ ਅਤੇ ਮੁਹੱਬਤ ਭਰੇ ਜੀਵਨ ਦਾ ਭਾਗੀ ਬਣ ਸਕੇ। ਤਕੜੇ ਦੇ ਰੋਅਬ, ਜ਼ੁਲਮ ਅਤੇ ਸ਼ੋਸ਼ਣ ਦਾ ਕੋਈ ਸ਼ਿਕਾਰ ਨਾ ਹੋਵੇ :

ਬੇਗਮਪੁਰਾ ਸਹਰ ਕੋ ।।
ਦੂਖੁ ਅੰਦੋਹੁ ਨਹੀ ਤਿਹਿ ਠਾਉ।।
ਨਾਂ ਤਸਵੀਸ ਖਿਰਾਜੁ ਨ ਮਾਲੁ।। ਖਉਫੁ ਨ ਖਤਾ ਨ ਤਰਸੁ ਜਵਾਲੁ।।
ਅਬ ਮੋਹਿ ਖੂਬ ਵਤਨ ਗਹ ਪਾਈ।। ਊਹਾਂ ਖੈਰਿ ਸਦਾ ਮੇਰੇ ਭਾਈ।।
ਕਾਇਮੁ ਦਾਇਮੁ ਸਦਾ ਪਾਤਿਸਾਹੀ।। ਦੋਮ ਨ ਸੇਮ ਏਕ ਸੋ ।।
ਆਬਾਦਾਨੁ ਸਦਾ ਮਸਹੂਰ।। ਊਹਾਂ ਗਨੀ ਬਸਹਿ।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ।। ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸ ਚਮਾਰਾ।। ਜੋ ਹਮ ਸਹਰੀ ਸੁ ਮੀਤੁ ਹਮਾਰਾ।। (345, ਰਵਿਦਾਸ ਜੀ)

ਇਹ ਸੁਪਨਾ ਗੁਰੂ ਸਾਹਿਬਾਨ ਦੁਆਰਾ ਖੜ੍ਹੀ ਕੀਤੀ ਗਈ ਸਿੱਖ ਲਹਿਰ ਦੇ ਏਜੰਡੇ ਦਾ ਕੇਂਦਰੀ ਨੁਕਤਾ ਬਣਿਆ। ਸਿੱਖੀ ਦੇ ਪ੍ਰਚਾਰ ਦਾ ਭਾਵ ਇਸ ਸੁਪਨੇ ਨੂੰ ਜਨ ਜਨ ਦੇ ਖ਼ੂਨ ਵਿਚ ਉਤਾਰਨਾ ਸੀ ਅਤੇ ਖਾਲਸਾ ਪੰਥ ਦੀ ਸਾਜਨਾ ਇਸ ਸੁਪਨੇ ਦੀ ਪੂਰਤੀ ਲਈ ਇਨਕਲਾਬੀ ਪ੍ਰਤੀਬੱਧਤਾ ਦਾ ਐਲਾਨਨਾਮਾ ਸੀ।

ਜਿਸ ਗੁਰੂ ਰਵਿਦਾਸ ਜੀ ਪ੍ਰਤੀ ਗੁਰੂ ਸਾਹਿਬਾਨ ਅਥਾਹ ਸ਼ਰਧਾ, ਸਤਿਕਾਰ ਸਮਰਪਣ ਅਤੇ ਪ੍ਰਤੀਬੱਧਤਾ ਦਾ ਭਾਵ ਪ੍ਰਗਟ ਕਰਦੇ ਹਨ, ਉਨ੍ਹਾਂ ਪ੍ਰਤੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂਆਂ ਦੇ ਸ਼ਰਧਾਲੂ ਅਖਵਾਉਣ ਵਾਲਿਆਂ ਦੇ ਮਨ ਵਿਚ ਕਿੰਨੀ ਵੱਡੀ ਸ਼ਰਧਾ ਅਤੇ ਸਤਿਕਾਰ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਸਤਿਕਾਰ ਜੇ ਗੁਰੂ ਸਾਹਿਬਾਨ ਤੋਂ ਵੱਧ ਨਹੀਂ ਤਾਂ ਘੱਟ ਤਾਂ ਬਿਲਕੁਲ ਨਹੀਂ ਹੋਣਾ ਚਾਹੀਦਾ। ਗੁਰੂ ਸਾਹਿਬਾਨ ਤਾਂ ਆਪਣਾ ਤਨ, ਮਨ, ਧਨ ਉਨ੍ਹਾਂ ਦੇ ਚਰਨਾਂ ਵਿਚ ਸੌਂਪਣ ਦੀ ਗੱਲ ਕਰਦੇ ਹਨ ਪਰ ਅਸੀਂ ਆਪਣੇ ਆਪ ਨੂੰ ਗੁਰੂ ਰਵਿਦਾਸ ਜੀ ਦੇ ਨਾ ਕਹਾਉਣ ਜਾਂ ਹੋਣ ਦੀ ਗੁੱਝੀ ਪਰ ਵੱਡੀ ਅਤੇ ਖਤਰਨਾਕ ਝਿਜਕ ਦੇ ਸ਼ਿਕਾਰ ਹਾਂ। ਕੀ ਅਸੀਂ ਉਨ੍ਹਾਂ ਦੀ ਜਾਤੀ ਦੇ ਲੋਕਾਂ ਨੂੰ ਆਪਣੇ ਬਰਾਬਰ ਦੀ ਮਾਨਸ ਕੀ ਜਾਤ ਸਵੀਕਾਰਦੇ ਹਾਂ ? ਗੁਰੂ ਰਵਿਦਾਸ ਜੀ ਦਾ ਪੁਰਬ ਮਨਾਉਣ ਦੀ ਜ਼ਿੰਮੇਵਾਰੀ ਸਿਰਫ ਉਨ੍ਹਾਂ ਦੀ ਜਾਤੀ ਦੇ ਲੋਕਾਂ ਦੀ ਹੀ ਕਿਉਂ ਸਮਝਦੇ ਹਾਂ ? ਉਨ੍ਹਾਂ ਨੂੰ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਵੱਖਰੇ ਗੁਰਦੁਆਰੇ ਜਾਂ ਮੰਦਿਰ ਬਣਾਉਣ ਦੀ ਲੋੜ ਕਿਉਂ ਪੈ ਰਹੀ ਹੈ ?

ਅੱਜਕਲ ਅਸੀਂ ਸਿੱਖੀ ਦੀ ਹਸਤੀ ਦੀ ਅਜਿਹੀ ਚੰਗੇਰੀ ਅਤੇ ਸਰਵੋਤਮ ਪਛਾਣ ਸਥਾਪਿਤ ਕਰਨ ਦੀ ਬਜਾਏ ਕੇਵਲ 'ਵੱਖਰੀ ਪਛਾਣ' ਦਾ ਫਿਕਰ ਕਰਨ ਜੋਗੇ ਰਹਿ ਗਏ ਹਾਂ। ਨੀਵੀਆਂ ਕਹੀਆਂ ਜਾਂਦੀਆਂ ਜਾਤਾਂ ਵਾਲੇ ਸਿੱਖ ਗੁਰੂ ਸਾਹਿਬਾਨ ਦੇ ਨਿਕਟਵਰਤੀ ਅਤੇ ਵਿਸ਼ਵਾਸਪਾਤਰ ਹੁੰਦੇ ਸਨ। ਕਿਸੇ ਵੇਲੇ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਨਾਲ ਇਸ ਸ਼ਰਤ 'ਤੇ ਰਲਣ ਲਈ ਤਿਆਰ ਹੋ ਗਏ ਸਨ ਕਿ ਉਨ੍ਹਾਂ ਨੂੰ ਇਨ੍ਹਾਂ ਨੀਵੀਆਂ ਜਾਤਾਂ ਦੇ ਸਿੱਖਾਂ ਨਾਲੋਂ ਉਚੇਰਾ ਸਨਮਾਨ ਦਿੱਤਾ ਜਾਏ ਪਰ ਗੁਰੂ ਸਾਹਿਬ ਨੇ ਅਜਿਹਾ ਮਨਜ਼ੂਰ ਨਹੀਂ ਸੀ ਕੀਤਾ। ਗੁਰੂਕਾਲ ਤੋਂ ਮਿਸਲਾਂ ਤੱਕ ਸਿੱਖ ਸਫਾਂ ਅੰਦਰ ਜਾਤ ਵਖਰੇਵਾਂ ਨਹੀਂ ਸੀ। ਗਰੀਬ ਸਿੱਖਾਂ ਦੇ ਰੂਪ ਵਿਚ ਕਿਰਤ ਅਤੇ ਗੁਣਾਂ ਦਾ ਬੋਲਬਾਲਾ ਸੀ ਪਰ ਮਿਸਲਾਂ ਮਗਰੋਂ ਸਥਿਤੀ ਵਿਚ ਲਗਾਤਾਰ ਅਤੇ ਤੇਜ਼ੀ ਨਾਲ ਗਿਰਾਵਟ ਆਈ। ਗੁਰਦੁਆਰਿਆਂ 'ਤੇ ਕਾਬਜ਼ ਹੋਏ ਮਹੰਤਾਂ ਨੇ ਇਨ੍ਹਾਂ ਦਾ ਪੂਰੀ ਤਰ੍ਹਾਂ ਪੁਜਾਰੀਕਰਨ ਕਰ ਦਿੱਤਾ। ਗੁਰਦੁਆਰਿਆਂ ਵਿਚ ਵੀ ਜਾਤ ਵਿਤਕਰਾ ਮੰਦਿਰਾਂ ਵਾਂਗ ਆਮ ਹੋ ਗਿਆ। ਉੱਨੀਵੀਂ ਸਦੀ ਦੇ ਅਖੀਰ ਵਿਚ ਗਿਆਨੀ ਦਿੱਤ ਸਿੰਘ ਵਰਗੇ ਆਗੂਆਂ ਨੇ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਗੁਰਦੁਆਰਾ ਸੁਧਾਰ ਲਹਿਰ ਨੇ ਇਸ ਰੁਝਾਨ ਨੂੰ ਠੱਲ੍ਹ ਪਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

# ਨਿਰਛਲ ਪਿਆਰ ਦੇ ਰਿਸ਼ਤਿਆਂ ਦਾ ਨਿੱਘ

**ਮਾਸਟਰ ਨਿਰਮਲ ਸਿੰਘ ਲਾਲੀ**

ਰਿਸ਼ਤੇ ਤੋਂ ਭਾਵ ਸਬੰਧ ਮੰਨਿਆ ਹੈ। ਸਬੰਧ, ਜੋ ਕਿਸੇ ਨਾਲ ਵੀ ਹੋ ਸਕਦਾ ਹੈ। ਰਿਸ਼ਤੇ ਤੋਂ ਭਾਵ ਪਿਆਰ ਵੀ ਹੁੰਦਾ ਹੈ। ਕੁਝ ਲੋਕ ਪਿਆਰ ਨੂੰ ਸਿਰਫ਼ ਜ਼ਿਆਦਾ ਕਰਕੇ ਔਰਤ-ਮਰਦ ਦੇ ਜਿਸਮਾਨੀ ਰਿਸ਼ਤੇ ਤੋਂ ਹੀ ਸਮਝਦੇ ਹਨ। ਔਰਤ ਅਤੇ ਮਰਦ ਦਾ ਪਿਆਰ ਵੀ ਦੋ ਪ੍ਰਕਾਰ ਦਾ ਹੁੰਦਾ ਹੈ, ਇਕ ਸਰੀਰਕ ਪਿਆਰ, ਜਿਸ ਨੂੰ ਅੰਗਰੇਜ਼ੀ ਵਿਚ ਸੈਕਸ ਅਤੇ ਪੰਜਾਬੀ ਵਿਚ ਕਾਮ ਕਹਿੰਦੇ ਹਨ ਅਤੇ ਦੂਜਾ ਪ੍ਰੇਮ ਹੁੰਦਾ ਹੈ, ਨਾ ਕਿ ਪਿਆਰ। ਇਸ ਨੂੰ ਅੰਗਰੇਜ਼ੀ ਵਿਚ 'ਲਵ' ਆਖਦੇ ਹਾਂ ਜਿਸ ਦਾ ਸਬੰਧ ਸੁੰਦਰਤਾ ਨਾਲ ਹੁੰਦਾ ਹੈ। ਔਰਤ ਅਤੇ ਮਰਦ ਦੇ ਪ੍ਰੇਮ ਤੋਂ ਬਿਨਾ ਹੋਰ ਵੀ ਅਨੇਕਾਂ ਰਿਸ਼ਤੇ ਹਨ ਜਿਨ੍ਹਾਂ ਦੇ ਪਿਆਰ ਦਾ ਨਿੱਘ ਨਿਵੇਕਲਾ ਹੀ ਹੁੰਦਾ ਹੈ ਤੇ ਮਨ ਨੂੰ ਸਕੂਨ ਦੇਣ ਵਾਲਾ ਹੁੰਦਾ ਹੈ। ਇਸ ਪਿਆਰ ਵਿਚੋਂ ਸਭ ਤੋਂ ਪਹਿਲਾਂ ਭੈਣ-ਭਰਾ ਦੇ ਪਿਆਰ ਦੀ ਗੱਲ ਕਰਦੇ ਹਾਂ ਜਿਸ ਨੂੰ ਪੰਜਾਬੀ ਵਿਚ ਖ਼ੂਨ ਦੇ ਰਿਸ਼ਤੇ ਦਾ ਪਿਆਰ ਆਖਦੇ ਹਨ। ਇਸ ਪਿਆਰ ਦੀ ਆਪਣੀ ਹੀ ਨਿਵੇਕਲੀ ਥਾਂ ਹੁੰਦੀ ਹੈ; ਭਾਵ ਇਸ ਰਿਸ਼ਤੇ ਦਾ ਆਪਣਾ ਹੀ ਨਿੱਘ ਹੁੰਦਾ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਨਹੀਂ ਲੱਭਦੇ ਅੰਮੀ ਦੇ ਜਾਏ, ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਕੱਲ੍ਹ ਇਹ ਰਿਸ਼ਤਾ ਵੀ ਪਹਿਲਾਂ ਵਾਲਾ ਨਹੀਂ ਰਿਹਾ ਅਤੇ ਰਿਸ਼ਤੇਦਾਰਾਂ ਤੇ ਭੈਣ ਭਰਾਵਾਂ ਦਾ ਵੀ ਪਹਿਲਾਂ ਵਾਲਾ ਮੋਹ ਨਹੀਂ ਰਿਹਾ। ਅੱਜ ਦਾ ਮਨੁੱਖ ਇੰਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਤੋਂ ਬਿਨਾ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ। ਅੱਜ ਦਾ ਮਨੁੱਖ ਰਿਸ਼ਤੇਦਾਰੀ ਨਾਲੋਂ ਪੈਸੇ ਨੂੰ ਪਹਿਲ ਦਿੰਦਾ ਹੈ ਤੇ ਪੁਰਾਣੀਆਂ ਮਨੁੱਖੀ ਤੇ ਨੈਤਿਕ ਕਦਰਾਂ ਕੀਮਤਾਂ ਖੰਭ ਲਾ ਕੇ ਉੱਡ ਰਹੀਆਂ ਹਨ ਅਤੇ ਮਨੁੱਖ ਵਿਅਕਤੀਗਤ ਜੀਵਨ ਜੀਉਣਾ ਪਸੰਦ ਕਰਦਾ ਹੈ।

ਸੰਯੁਕਤ ਪਰਿਵਾਰ ਟੁੱਟ ਰਹੇ ਹਨ ਅਤੇ ਪਰਿਵਾਰਕ ਕਦਰਾਂ ਕੀਮਤਾਂ ਵੀ ਬਦਲ ਰਹੀਆਂ ਹਨ। ਚਾਚਾ-ਚਾਚੀ, ਤਾਇਆ-ਤਾਈ, ਬਾਬਾ-ਦਾਦੀ, ਮਾਂ-ਪਿਤਾ ਆਦਿ ਸ਼ਬਦ ਮਨ ਨੂੰ ਕਿੰਨਾ ਸਕੂਨ ਦਿੰਦੇ ਹਨ ਤੇ ਹੁਣ ਸਭ ਲਈ ਇਕੋ ਹੀ ਸ਼ਬਦ ਪ੍ਰਚਲਿਤ ਹੋ ਗਿਆ ਹੈ ਭਾਵ ਆਂਟੀ ਤੇ ਅੰਕਲ। ਇਸ ਦਾ ਅਰਥ ਇਹ ਹੈ ਕਿ ਅੱਜ ਪੂਰਬੀ ਸੱਭਿਆਚਾਰ ਵੀ ਪੱਛਮੀ ਸੱਭਿਆਚਾਰ ਦੀ ਨਕਲ ਕਰਨ ਲੱਗ ਪਿਆ ਹੈ। ਪੰਜਾਬੀ ਭਾਈਚਾਰੇ ਵਿਚ ਤਲਾਕ ਹੋ ਰਹੇ ਹਨ ਤੇ ਮੁੰਡੇ ਕੁੜੀਆਂ ਮਾਤਾ-ਪਿਤਾ ਦੀ ਆਗਿਆ ਤੋਂ ਬਿਨਾਂ ਹੀ ਵਿਆਹ ਕਰਵਾ ਰਹੇ ਹਨ।

ਇਕ ਰਿਸ਼ਤਾ ਹੁੰਦਾ ਹੈ ਇਮੋਸ਼ਨਲ, ਜਿਸ ਨੂੰ ਪੰਜਾਬੀ ਵਿਚ ਜਜ਼ਬਾਤੀ ਸਾਂਝ ਆਖਦੇ ਹਾਂ। ਇਸ ਰਿਸ਼ਤੇ ਵਿਚ ਅਧਿਆਪਕ, ਵਿਦਿਆਰਥੀ ਮਿੱਤਰ, ਸਹਿਪਾਠੀ ਅਤੇ ਸਹਿਕਰਮੀ ਆ ਜਾਂਦੇ ਹਨ। ਇਨ੍ਹਾਂ ਜਜ਼ਬਾਤੀ ਰਿਸ਼ਤਿਆਂ ਦਾ ਵੀ ਆਪਣਾ ਹੀ ਨਿੱਘ ਹੁੰਦਾ ਹੈ। ਇਨ੍ਹਾਂ ਰਿਸ਼ਤਿਆਂ ਨਾਲ ਪੁਰਾਣੀਆਂ ਯਾਦਾਂ ਨੂੰ ਵੀ ਜੋੜਿਆ ਜਾ ਸਕਦਾ ਹੈ।

ਮਨੁੱਖ ਕਿੰਨਾ ਵੀ ਉੱਚਾ ਹੋ ਜਾਵੇ ਅਤੇ ਕਿਤੇ ਵੀ ਚਲਿਆ ਜਾਵੇ ਪਰ ਉਸ ਦੀਆਂ ਇਹ ਯਾਦਾਂ ਮਨੁੱਖ ਦਾ ਪਿੱਛਾ ਨਹੀਂ ਛੱਡਦੀਆਂ ਅਤੇ ਪੁਰਾਣੇ ਮਿੱਤਰ, ਸਹਿਪਾਠੀ, ਵਿਦਿਆਰਥੀ, ਅਧਿਆਪਕ ਅਤੇ ਸਹਿਕਰਮੀ ਕਦੇ ਵੀ ਨਹੀਂ ਭੁੱਲਦੇ। ਜਿਵੇਂ ਸੁਦਾਮਾ ਅਤੇ ਕ੍ਰਿਸ਼ਨ ਦੋ ਸਹਿਪਾਠੀਆਂ ਦੀ ਕਹਾਣੀ। ਅੱਜ ਇਨ੍ਹਾਂ ਰਿਸ਼ਤਿਆਂ ਵਿਚ ਵੀ ਪਹਿਲਾਂ ਵਰਗਾ ਨਿੱਘ ਨਹੀਂ ਮਿਲਦਾ। ਅੱਜ ਕੱਲ੍ਹ ਇਹ ਜਜ਼ਬਾਤੀ ਸਾਂਝ ਵੀ ਮੁੱਕਦੀ ਜਾ ਰਹੀ ਹੈ। ਪੁਰਾਣੇ ਸਮੇਂ ਵਿਚ ਅਧਿਆਪਕ ਅਤੇ ਵਿਦਿਆਰਥੀ ਦਾ ਸਬੰਧ ਗੁਰੂ ਚੇਲੇ ਵਾਲਾ ਹੁੰਦਾ ਸੀ ਅਤੇ ਵਿਦਿਆਰਥੀ ਵੀ ਅਧਿਆਪਕਾਂ ਨੂੰ ਗੁਰੂ ਵਾਂਗ ਪੂਜਦੇ ਸਨ ਪਰ ਅੱਜ ਇਹ ਸਬੰਧ ਵੀ ਨਹੀਂ ਰਹੇ, ਜਿਸ ਕਰ ਕੇ ਵਿਦਿਆ ਦੇ ਖੇਤਰ ਵਿਚ ਵੀ ਨਿਘਾਰ ਆ ਚੁੱਕਾ ਹੈ ਅਤੇ ਸਕੂਲਾਂ ਵਿੱਚ ਵੀ ਨਿੱਤ ਲੜਾਈਆਂ ਝਗੜੇ ਹੁੰਦੇ ਹਨ। ਦੂਜਾ ਕਾਰਨ ਅੱਜ ਦਾ ਮਨੁੱਖ ਈਰਖਾ ਤੇ ਅਹੰਕਾਰ ਦੀ ਅੱਗ ਵਿਚ ਸੜ ਰਿਹਾ ਹੈ। ਮਨੁੱਖ ਨਿਮਰਤਾ ਅਤੇ ਸਹਿਣਸ਼ੀਲਤਾ ਤੋਂ ਸੱਖਣਾ ਹੈ, ਇਸ ਕਰਕੇ ਸਮੁੱਚੇ ਸਮਾਜ ਵਿਚ ਵੀ ਪਹਿਲਾਂ ਵਾਲਾ ਪਿਆਰ ਅਤੇ ਸ਼ਾਂਤੀ ਨਹੀਂ ਰਹੀ। ਇਕ ਹੁੰਦਾ ਮਨੁੱਖੀ ਪਿਆਰ ਭਾਵ ਹਮਦਰਦੀ ਦਾ। ਇਹ ਉਹ ਲੋਕ ਹੁੰਦੇ ਹਨ ਜਿਨ੍ਹਾਂ ਦੇ ਦਿਲ ਵਿਚ ਮਨੁੱਖੀ ਪੀੜਾ ਦੇ ਦਰਦ ਦਾ ਅਹਿਸਾਸ ਹੁੰਦਾ ਹੈ। ਇਸ ਪਿਆਰ ਨੂੰ ਇਨਸਾਨੀ ਫਰਜ਼ ਵੀ ਆਖਦੇ ਹਨ। ਦੂਜੇ ਨਾਲ ਪਿਆਰ ਜਾਂ ਹਮਦਰਦੀ ਕਰਨ ਵਾਲੇ ਨੇ ਇੱਕ ਦੂਜੇ ਪਾਸੋਂ ਕੁਝ ਵੀ ਨਹੀਂ ਲੈਣਾ ਹੁੰਦਾ, ਸਗੋਂ ਇਕ ਦੂਜੇ ਨੂੰ ਦੇਣਾ ਹੀ ਹੁੰਦਾ ਹੈ। ਇਸ ਪਿਆਰ ਵਿੱਚ ਕਿਸੇ ਦੁਖੀ ਲੋੜਵੰਦ, ਨਿਰਧਨ, ਕਮਜ਼ੋਰ ਅਤੇ ਨਿਰਦੋਸ਼ ਦੀ ਸਹਾਇਤਾ ਕਰਨਾ ਹੁੰਦਾ ਹੈ। ਪਿਆਰ ਸਾਨੂੰ ਕਿਸੇ ਥਾਂ 'ਤੇ ਕਿਸੇ ਚੀਜ਼ ਨਾਲ ਵੀ ਹੋ ਜਾਂਦਾ ਹੈ। ਤੁਸੀਂ ਬਹੁਤ ਦੇਰ ਇੱਕ ਥਾਂ ਰਹਿੰਦੇ ਹੋ, ਤੁਸੀਂ ਉਹ ਥਾਂ ਛੱਡ ਕੇ ਹੋਰ ਥਾਂ ਚਲੇ ਜਾਂਦੇ ਹੋ ਤਾਂ ਉਸ ਥਾਂ ਦੀ ਤੁਹਾਨੂੰ ਯਾਦ ਆਉਂਦੀ ਹੈ।

ਪ੍ਰੇਮ ਦੋ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ, ਇਸ਼ਕ ਹਕੀਕੀ ਤੇ ਇਸ਼ਕ ਮਜਾਜੀ। ਇਸ਼ਕ ਹਕੀਕੀ ਦਾ ਸਬੰਧ ਉਸ ਪਿਆਰ ਨਾਲ ਹੁੰਦਾ ਹੈ, ਜਿਹੜਾ ਸੂਫ਼ੀ ਕਵੀਆਂ ਤੇ ਗੁਰੂਆਂ ਨੇ ਕੀਤਾ। ਗੁਰੂਆਂ ਨੇ ਇਸ ਪਿਆਰ ਨੂੰ ਅਨੰਦਮਈ ਪਿਆਰ ਕਿਹਾ ਭਾਵ ਇਹ ਪਿਆਰ ਸਭ ਪਿਆਰਾਂ ਤੋਂ ਉੱਚਾ ਅਤੇ ਸੁੱਚਾ ਹੈ। ਬਾਕੀ ਪਿਆਰ ਰੱਬੀ ਪਿਆਰ ਦੇ ਮੁਕਾਬਲੇ ਵਿਚ ਬਹੁਤ ਛੋਟੇ ਹਨ। ਮਨੁੱਖੀ ਜੀਵਨ ਦਾ ਭਲਾ ਗੁਰਬਾਣੀ ਦੇ ਆਸ਼ੇ ਅਨੁਸਾਰ ਚੱਲ ਕੇ ਹੀ ਹੋ ਸਕਦਾ ਹੈ।

## ਬਹੁਤ ਜ਼ਰੂਰੀ ਹੈ ਸੁਭਾਵਕ ਨੀਂਦ

ਅੱਖਾਂ ਇਕ ਅਜਿਹੀ ਇੰਦਰੀ ਹਨ ਜੋ ਸਾਡੇ ਜਾਗਣ ਤੋਂ ਬਾਅਦ ਲਗਾਤਾਰ ਕੰਮ ਕਰਦੀਆਂ ਰਹਿੰਦੀਆਂ ਹਨ। ਇਹ ਨੀਂਦ ਵੇਲੇ ਹੀ ਆਰਾਮ ਦੀ ਸਥਿਤੀ ਵਿਚ ਹੁੰਦੀਆਂ ਹਨ। ਹੋਰ ਸਾਰੀਆਂ ਇੰਦਰੀਆਂ ਵਾਂਗ ਅੱਖਾਂ ਵੀ ਥੱਕ ਜਾਂਦੀਆਂ ਹਨ, ਜਿਨ੍ਹਾਂ ਨੂੰ ਥਕੇਵੇਂ ਤੋਂ ਮੁਕਤੀ ਤੇ ਭਵਿੱਖ ਲਈ ਕਾਰਜ-ਸਮਰੱਥ ਰਹਿਣ ਲਈ ਰੋਜ਼ਾਨਾ ਨੀਂਦ ਦੀ ਲੋੜ ਪੈਂਦੀ ਹੈ। ਨੀਂਦ ਹੀ ਸਾਰੀਆਂ ਇੰਦਰੀਆਂ ਨੂੰ ਤਣਾਅ ਤੇ ਥਕੇਵੇਂ ਤੋਂ ਮੁਕਤ ਕਰ ਕੇ ਅਤੇ ਟੁੱਟ-ਭੱਜ ਦੀ ਮੁਰੰਮਤ ਕਰ ਕੇ ਭਵਿੱਖ ਲਈ ਦਰੁਸਤ ਰੱਖਦੀ ਹੈ। ਸੁਭਾਵਕ ਨੀਂਦ ਨਾਲ ਸਰੀਰ, ਦਿਮਾਗ ਤੇ ਸਾਰੀਆਂ ਇੰਦਰੀਆਂ ਸਿਹਤਮੰਦ ਰਹਿੰਦੀਆਂ ਹਨ।

## ਪੈਦਲ ਚੱਲਣਾ ਸਭ ਤੋਂ ਚੰਗਾ



ਸਿਹਤ ਪ੍ਰਤੀ ਜਾਗਰੂਕ ਲੋਕ ਪੈਦਲ ਚੱਲਣ ਨੂੰ ਸਭ ਤੋਂ ਜ਼ਿਆਦਾ ਅਹਿਮੀਅਤ ਦਿੰਦੇ ਹਨ। ਪੈਦਲ ਚੱਲਣਾ ਸਰੀਰਕ ਸਰਗਰਮੀ ਲਈ ਕਸਰਤ ਦੀ ਇਕ ਅਜਿਹੀ ਕਿਸਮ ਹੈ ਜੋ ਸਭ ਨੂੰ ਪਸੰਦ ਆਉਂਦੀ ਹੈ। ਇਸ ਨਾਲ ਜਿਮ ਜਾਣ ਤੇ ਪਸੀਨਾ ਵਹਾਉਣ ਵਰਗੇ ਕੰਮ ਨਹੀਂ ਕਰਨੇ ਪੈਂਦੇ। ਪੈਦਲ ਚੱਲਣ ਨੂੰ ਅਹਿਮੀਅਤ ਦੇਣ ਵਾਲੇ ਜਦੋਂ ਮਨ ਕਰਦਾ ਹੈ, ਪੈਦਲ ਨਿਕਲ ਪੈਂਦੇ ਹਨ। ਇਸ ਸਰੀਰਕ ਸਰਗਰਮੀ ਨਾਲ ਵਾਧੂ ਊਰਜਾ ਦੀ ਖਪਤ ਹੁੰਦੀ ਹੈ, ਭਾਰ ਤੇ ਮੋਟਾਪਾ ਘਟਦਾ ਹੈ, ਫੇਫੜੇ ਤੇ ਦਿਲ ਸਹੀ ਢੰਗ ਨਾਲ ਕੰਮ ਕਰਦੇ ਹਨ, ਖ਼ੂਨ ਦਾ ਸੰਚਾਰ ਸੁਧਰਦਾ ਹੈ, ਬਲੱਡ ਪ੍ਰੈਸ਼ਰ, ਦਿਲ ਦੀਆਂ ਬੀਮਾਰੀਆਂ ਤੇ ਸ਼ੂਗਰ ਕਾਬੂ 'ਚ ਰਹਿੰਦੇ ਹਨ ਅਤੇ ਮਾਸਪੇਸ਼ੀਆਂ ਸਰਗਰਮ ਹੋ ਜਾਂਦੀਆਂ ਹਨ।

## ਸਭ ਨੂੰ ਭਾਵੇ

# ਸਲਵਾਰ ਸੂਟ



ਭਾਰਤੀ ਪਹਿਰਾਵੇ ਵਿਚ ਜਿਥੇ ਸਾੜ੍ਹੀ ਦੀ ਮਹੱਤਤਾ ਨੂੰ ਨਕਾਰਿਆ ਨਹੀਂ ਜਾ ਸਕਦਾ, ਉਥੇ ਸਲਵਾਰ ਕਮੀਜ਼ ਵੀ ਜ਼ਿਆਦਾਤਰ ਭਾਰਤੀ ਔਰਤਾਂ ਵੱਲੋਂ ਪਾਇਆ ਜਾਣ ਵਾਲਾ ਸਭ ਤੋਂ ਵੱਧ ਲੋਕਪ੍ਰਿਆ ਤੇ ਅਰਾਮਦਾਇਕ ਪਹਿਰਾਵਾ ਹੈ। ਖਾਸ ਕਰਕੇ ਪੰਜਾਬਣਾਂ ਦਾ ਸਲਵਾਰ ਕਮੀਜ਼ ਇਕ ਇਸ ਤਰ੍ਹਾਂ ਦਾ ਪਹਿਰਾਵਾ ਹੈ ਜੋ ਹਰ ਉਮਰ ਦੀ ਔਰਤ ਚਾਹੇ ਉਹ ਬੱਚੀ ਹੋਵੇ, ਮੁਟਿਆਰ ਹੋਵੇ ਜਾਂ ਬਜ਼ੁਰਗ ਹੋਵੇ ਸਾਰੀਆਂ ਪਾਉਂਦੀਆਂ ਹਨ।

ਬਦਲਦੇ ਫੈਸ਼ਨ ਨਾਲ ਇਹ ਪਹਿਰਾਵਾ ਵੀ ਅਛੂਤਾ ਨਹੀਂ ਰਿਹਾ। ਛੋਟੀਆਂ ਤੇ ਤੰਗ ਕਮੀਜ਼ਾਂ ਨਾਲ ਇਹ ਫੈਸ਼ਨ ਸ਼ੁਰੂ ਹੋ ਕੇ ਧੋਤੀ ਸਲਵਾਰ, ਪਟਿਆਲਾ ਸਲਵਾਰ, ਏ-ਲਾਈਨ, ਅੰਬ੍ਰੇਲਾ-ਕੱਟ ਅਤੇ ਪਤਾ ਨਹੀਂ ਕਿੰਨੇ ਕੁ ਸਟਾਈਲਾਂ ਤੋਂ ਹੁੰਦਾ ਹੋਇਆ ਹੁਣ ਆ ਪਹੁੰਚਿਆ ਹੈ ਚੂੜੀਦਾਰ ਅਤੇ ਸਟ੍ਰੇਟ ਕਮੀਜ਼ 'ਤੇ। ਇਸ ਪਹਿਰਾਵੇ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਚਾਹੇ ਇਨ੍ਹਾਂ ਸਟਾਈਲਾਂ ਦਾ ਫੈਸ਼ਨ ਪੁਰਾਣਾ ਹੋ ਵੀ ਗਿਆ ਹੋਵੇ ਪਰ ਫਿਰ ਵੀ ਹਰ ਸਟਾਈਲ ਅੱਜ ਵੀ ਤੁਹਾਨੂੰ ਦੇਖਣ ਨੂੰ ਮਿਲ ਜਾਵੇਗਾ। ਦਿੱਲੀ ਅਤੇ ਮੁੰਬਈ ਵਰਗੇ ਮਹਾਨਗਰਾਂ ਵਿਚ ਜਿਥੇ ਹਰ ਔਰਤ ਡਿਜ਼ਾਈਨਦਾਰ ਕੱਪੜੇ ਪਾਉਣਾ ਪਸੰਦ ਕਰਦੀ ਹੈ, ਉਥੇ ਨਿੱਤ ਨਵੇਂ ਡਿਜ਼ਾਈਨ ਆਉਂਦੇ ਰਹਿੰਦੇ ਹਨ ਅਤੇ ਡਿਜ਼ਾਈਨਰ ਵੀ ਉਨ੍ਹਾਂ ਦੇ ਇਸ ਨਵੇਂਪਨ ਨੂੰ ਕਾਇਮ ਰੱਖਣ ਲਈ ਥੋੜ੍ਹੇ ਬਦਲਾਅ ਨਾਲ ਇਸ ਪਹਿਰਾਵੇ ਨੂੰ ਨਵਾਂ ਰੂਪ ਦੇ ਦਿੰਦੇ ਹਨ ਜਿਵੇਂ ਕਦੀ ਚੂੜੀਦਾਰ ਸਲੀਵ ਦੇ ਕੇ ਤੇ ਕਦੀ ਮੇਗਾ ਸਲੀਵ ਦੇ ਕੇ।

ਚੂੜੀਦਾਰ ਵਿਚ ਵੀ ਜਦੋਂ ਤੱਕ ਜ਼ਿਆਦਾ ਚੂੜੀਆਂ ਨਾ ਹੋਣ ਉਦੋਂ ਤੱਕ ਉਸ ਵਿਚ ਉਹ ਗਲ ਨਹੀਂ ਬਣਦੀ। ਕਮੀਜ਼ ਵੀ ਵੱਡੇ-ਵੱਡੇ ਚਾਕਾਂ ਵਾਲੀ। ਅੱਜਕਲ੍ਹ ਘੇਰੇ ਵਾਲੀਆਂ ਜਾਂ ਵੱਖ-ਵੱਖ ਪੈਨਲ ਵਾਲੀਆਂ ਕਮੀਜ਼ਾਂ ਦਾ ਫੈਸ਼ਨ ਘੱਟ ਹੋ ਗਿਆ ਹੈ ਅਤੇ ਸਟ੍ਰੇਟ ਕਮੀਜ਼ਾਂ ਦਾ ਫੈਸ਼ਨ ਜ਼ਿਆਦਾ ਦੇਖਣ ਨੂੰ ਮਿਲਦਾ ਹੈ। ਗਰਮੀਆਂ ਵਿਚ ਕੱਟ-ਸਲੀਵ ਅਤੇ ਮੈਗਾ-ਸਲੀਵ ਵੀ ਨਵੀਨਤਮ ਖਿੱਚ ਪ੍ਰਦਾਨ ਕਰਦੀਆਂ ਹਨ ਪਰ ਫੈਸ਼ਨ ਦੀ ਇਸ ਦੌੜ ਵਿਚ ਇਹ ਜ਼ਰੂਰ ਧਿਆਨ ਰੱਖੋ ਕਿ ਤੁਹਾਨੂੰ ਕਿਹੜਾ ਡਿਜ਼ਾਈਨ ਠੀਕ ਰਹੇਗਾ। ਡਿਜ਼ਾਈਨ ਜਾਂ ਕੱਟ ਦੀ ਚੋਣ ਕਰਦੇ ਸਮੇਂ ਸਰੀਰਕ ਬਣਤਰ ਵੱਲ ਵੀ ਧਿਆਨ ਦੇਵੋ। ਜੇਕਰ ਤੁਸੀਂ ਮੋਟੇ ਹੋ ਤਾਂ ਬਹੁਤ ਜ਼ਿਆਦਾ ਘੇਰੇ ਵਾਲਾ ਸੂਟ ਪਾ ਕੇ ਤੁਸੀਂ ਹੋਰ ਵੀ ਮੋਟੇ ਨਜ਼ਰ ਆਓਗੇ। ਬਹੁਤ ਜ਼ਿਆਦਾ ਤੰਗ ਫਿਟਿੰਗ ਵਾਲੀ ਕਮੀਜ਼ ਵੀ ਤੁਹਾਡੇ ਮੋਟਾਪੇ ਨੂੰ ਲੁਕੋ ਨਹੀਂ ਸਕੇਗੀ। ਤੁਹਾਡੇ ਲਈ ਸਭ ਤੋਂ ਸਹੀ ਹੈ ਏ-ਲਾਈਨ ਜੋ ਤੁਹਾਡੇ ਮੋਟਾਪੇ ਨੂੰ ਢੱਕੇਗੀ ਅਤੇ ਤੁਹਾਨੂੰ ਪਤਲਾ ਦਿਖਾਉਣ ਦੀ ਕੋਸ਼ਿਸ਼ ਕਰੇਗੀ। ਮੋਟੀਆਂ ਔਰਤਾਂ ਕਮੀਜ਼ ਪਾਉਂਦੇ ਸਮੇਂ ਇਹ ਵੀ ਧਿਆਨ ਦੇਣ ਕਿ ਕਮੀਜ਼ ਦੀ ਲੰਬਾਈ ਵੀ ਜ਼ਿਆਦਾ ਹੋਵੇ।

ਜੇਕਰ ਤੁਸੀਂ ਬਹੁਤ ਜ਼ਿਆਦਾ ਪਤਲੇ ਹੋ ਤਾਂ ਫਿਟਿੰਗ ਵਾਲੇ ਕੱਪੜੇ ਤਾਂ ਬਿਲਕੁਲ ਨਾ ਪਾਉ ਅਤੇ ਚੂੜੀਦਾਰ ਵੀ ਬਿਲੁਕਲ ਨਾ ਪਾਉ। ਏ-ਲਾਈਨ, ਘੇਰੇ ਵਾਲੀ ਕਮੀਜ਼ ਵੀ ਤੁਹਾਨੂੰ ਠੀਕ ਲੱਗੇਗੀ ਪਰ ਏਨਾ ਜ਼ਿਆਦਾ ਘੇਰਾ ਵੀ ਨਾ ਹੋਵੇ ਕਿ ਇਸ ਤਰ੍ਹਾਂ ਲੱਗੇ ਕਿ ਕੱਪੜੇ ਨਹੀਂ, ਕੱਪੜੇ ਨੇ ਤੁਹਾਨੂੰ ਪਾਇਆ ਹੋਇਆ ਹੈ। ਜੇਕਰ ਤੁਸੀਂ ਇਕ ਪਤਲੇ, ਆਕਰਸ਼ਿਕ ਸਰੀਰਕ ਬਣਤਰ ਵਾਲੇ ਹੋ ਤਾਂ ਤੁਹਾਨੂੰ ਹਰ ਡਿਜ਼ਾਈਨ ਠੀਕ ਲੱਗੇਗਾ ਪਰ ਫਿਟਿੰਗ ਵਾਲੇ ਕੱਪੜੇ ਤੁਹਾਨੂੰ ਹੋਰ ਆਕਰਸ਼ਿਕ ਬਣਾਉਣਗੇ। ਲੰਬੇ ਕੱਦ ਵਾਲੀਆਂ ਔਰਤਾਂ ਨਾ ਤਾਂ ਬਹੁਤ ਛੋਟੀ ਕਮੀਜ਼ ਪਾਉਣ ਅਤੇ ਨਾ ਹੀ ਬਹੁਤ ਲੰਬੀ। ਛੋਟੇ ਕੱਦ ਵਾਲੀਆਂ ਔਰਤਾਂ ਆਮ ਲੰਬੀ ਕਮੀਜ਼ ਪਾਉਣ। ਇਸ ਨਾਲ ਉਹ ਥੋੜ੍ਹੀਆਂ ਲੰਬੀਆਂ ਨਜ਼ਰ ਆਉਣਗੀਆਂ। ਬਦਲਦੇ ਫੈਸ਼ਨ ਦੇ ਨਾਲ ਤੁਸੀਂ ਵੀ ਬਦਲੋ ਪਰ ਇਹ ਬਦਲਾਅ ਤੁਹਾਡੀ ਖਿੱਚ 'ਚ ਨਵੀਨਤਾ ਲਿਆਵੇ ਨਾ ਕਿ ਤੁਹਾਡੀ ਸੁੰਦਰਤਾ ਨੂੰ ਘੱਟ ਕਰੇ।

ਡਾ. ਹਰਸ਼ਿੰਦਰ ਕੌਰ
ਫੋਨ ਨੰ: 0175-2216783

# ਜਦੋਂ ਦਿਲ ਟੁੱਟਦਾ ਹੈ...

ਉਮੀਦ ਉੱਤੇ ਦੁਨੀਆ ਟਿਕੀ ਹੈ। ਜਦੋਂ ਕਿਸੇ ਚੀਜ਼ ਦੇ ਹਾਸਲ ਹੋਣ ਦੀ, ਬੱਚਿਆਂ ਵੱਲੋਂ ਪਿਆਰ ਤੇ ਹਮਦਰਦੀ ਦੀ, ਕਿਸੇ ਰਿਸ਼ਤੇ ਵਿਚ ਪਕਿਆਈ ਹੋਣ ਦੀ, ਅਹੁਦਾ ਮਿਲਣ ਦੀ, ਤਨਖਾਹ ਵਧਣ ਦੀ, ਨਿੱਘੀ ਦੋਸਤੀ ਦੀ, ਜੰਗ ਜਿੱਤਣ ਦੀ ਜਾਂ ਕਿਸੇ ਨੂੰ ਢਾਹੁਣ ਦੀ ਉਮੀਦ ਟੁੱਟ ਜਾਏ ਤਾਂ ਦਿਲ ਟੁੱਟ ਜਾਂਦਾ ਹੈ ਤੇ ਇਨਸਾਨ ਢਹਿ ਢੇਰੀ ਹੋ ਜਾਂਦਾ ਹੈ। ਕਿਸੇ ਲਈ ਇਹ ਸਮਾਂ ਵਕਤੀ ਹੋ ਸਕਦਾ ਹੈ ਤੇ ਉਹ ਆਪਣੇ ਆਪ ਨੂੰ ਨਵਾਂ ਮੁਕਾਮ ਹਾਸਲ ਕਰਨ ਲਈ ਛੇਤੀ ਤਿਆਰ ਕਰ ਲੈਂਦਾ ਹੈ, ਪਰ ਕਿਸੇ ਲਈ ਏਨੀ ਢਹਿੰਦੀ ਕਲਾ ਦਾ ਸਮਾਂ ਹੁੰਦਾ ਹੈ ਕਿ ਉਹ ਜੀਉਣ ਦੀ ਚਾਹ ਹੀ ਤਿਆਗ ਦਿੰਦਾ ਹੈ।

ਆਓ ਵੇਖੀਏ ਕਿ ਕਿਸੇ ਵੱਲੋਂ ਪਿਆਰ ਵਿਚ ਧੋਖਾ ਮਿਲਣ ਬਾਅਦ ਜਾਂ ਕਿਸੇ ਵੱਲੋਂ ਠੁਕਰਾਏ ਜਾਣ ਬਾਅਦ ਸਰੀਰ ਅੰਦਰ ਕੀ ਵਾਪਰਦਾ ਹੈ। ਇਹ ਪੀੜ ਇਕ ਨਾਸੂਰ ਵਾਂਗ ਮਹਿਸੂਸ ਹੁੰਦੀ ਹੈ ਤੇ ਕੁੱਝ ਸਮੇਂ ਲਈ ਇੰਜ ਜਾਪਦਾ ਹੈ ਕਿ ਸਾਰਾ ਜਹਾਨ ਹੀ ਲੁੱਟਿਆ ਗਿਆ ਹੋਵੇ। ਕੁੱਝ ਵੀ ਬਾਕੀ ਨਾ ਬਚੇ ਦਾ ਇਹਸਾਸ ਮਾਤਰ ਹੀ ਸਰੀਰ ਨੂੰ ਜਕੜਿਆ ਤੇ ਸਿਰ ਭਾਰਾ ਮਹਿਸੂਸ ਕਰਵਾ ਦਿੰਦਾ ਹੈ। ਛਾਤੀ ਵਿਚ ਤਿੱਖੀ ਪੀੜ, ਜਕੜਨ, ਸੁੰਨ ਹੋ ਜਾਣਾ, ਹੰਝੂ ਵਹਿਣੇ, ਧੜਕਨ ਘਟਣੀ ਜਾਂ ਵਧਣੀ, ਹੱਥਾਂ ਪੈਰਾਂ 'ਚ ਜਾਨ ਨਾ ਮਹਿਸੂਸ ਹੋਣੀ, ਤੁਰਨ ਫਿਰਨ ਦੀ ਹਿੰਮਤ ਨਾ ਬਚਣੀ, ਚੀਕਾਂ ਮਾਰ ਕੇ ਰੋਣ ਨੂੰ ਦਿਲ ਕਰਨਾ, ਸਰੀਰ ਵਿਚ ਗੰਢਾਂ ਪਈਆਂ ਮਹਿਸੂਸ ਹੋਣੀਆਂ, ਘਬਰਾਹਟ, ਡਰ, ਭੁੱਖ ਵਧਣੀ ਜਾਂ ਉੱਕਾ ਹੀ ਘਟ ਜਾਣੀ, ਨਸ਼ਾ ਕਰਨਾ, ਉਲਟੀ ਆਉਣੀ ਜਾਂ ਜੀਅ ਕੱਚਾ ਮਹਿਸੂਸ ਹੋਣਾ, ਇਕੱਲਾਪਨ, ਉਦਾਸੀ, ਨਹਾਉਣ ਧੋਣ ਨੂੰ ਜੀਅ ਨਾ ਕਰਨਾ, ਤਿਆਰ ਹੋਣ ਨੂੰ ਜੀਅ ਨਾ ਕਰਨਾ, ਚੀਜ਼ਾਂ ਤੋੜਨੀਆਂ ਭੰਨਣੀਆਂ, ਬਹੁਤ ਉਦਾਸ ਹੋ ਜਾਣਾ, ਖਿੱਝਣਾ, ਚੀਜ਼ਾਂ ਰੱਖ ਕੇ ਭੁੱਲਣ ਲੱਗ ਪੈਣਾ, ਹਾਰਟ ਅਟੈਕ ਹੋਣਾ, ਨੀਂਦਰ ਉੱਡ ਪੁੱਡ ਜਾਣੀ (ਡੋਪਾਮੀਨ ਦੇ ਵਧ ਜਾਣ ਸਦਕਾ), ਥਕਾਵਟ ਛੇਤੀ ਹੋਣੀ, ਮਾਹਵਾਰੀ ਵਿਚ ਗੜਬੜੀ, ਹਾਰਮੋਨਾਂ ਵਿਚ ਤਬਦੀਲੀ, ਨਿੱਕੀ ਨਿੱਕੀ ਗੱਲ ਉੱਤੇ ਫਿਸ ਪੈਣਾ ਜਾਂ ਗਿੜਗਿੜਾਉਣ ਲੱਗ ਪੈਣਾ, ਰਬ ਨੂੰ ਕੋਸਣ ਲੱਗ ਪੈਣਾ, ਵਾਲਾਂ ਦਾ ਝੜਨਾ, ਇਮਿਊਨ ਸਿਸਟਮ ਦਾ ਢਿੱਲਾ ਪੈਣ ਜਾਣਾ, ਜਿਸ ਸਦਕਾ ਵਾਰ ਵਾਰ ਖੰਘ ਜ਼ੁਕਾਮ ਹੋਣ ਲੱਗ ਪੈਣਾ ਜਾਂ ਬੁਖ਼ਾਰ ਹੋਣ ਲੱਗ ਪੈਣਾ, ਤਿੱਖੀ ਢਿਡ ਪੀੜ ਹੋਣੀ, ਆਪਣੇ ਆਪ ਨਾਲ ਸਵਾਲ ਕਰਨ ਲੱਗ ਪੈਣੇ, ਆਪਣੇ ਆਪ ਨੂੰ ਗ਼ਲਤ ਮੰਨਣ ਲੱਗ ਪੈਣਾ, ਨਕਾਰਾ ਮਹਿਸੂਸ ਹੋਣਾ, ਮਰਨ ਨੂੰ ਜੀਅ ਕਰਨਾ, ਆਦਿ ਵਰਗੇ ਲੱਛਣ ਕਿਸੇ ਵਿਚ ਵੱਧ ਤੇ ਕਿਸੇ ਵਿਚ ਘੱਟ, ਪਰ ਦਿਸਦੇ ਜ਼ਰੂਰ ਹਨ।

**ਇਸ ਨਾਲ ਕਿਵੇਂ ਨਜਿੱਠੀਏ ?**



ਜ਼ਿੰਦਗੀ ਇੱਕੋ ਵਾਰ ਮਿਲਦੀ ਹੈ। ਦਿਲ ਟੁੱਟਣ ਦਾ ਮਤਲਬ ਮਰ ਜਾਣਾ ਨਹੀਂ ਹੁੰਦਾ। ਜ਼ਿੰਦਗੀ ਵਿਚ ਹਮੇਸ਼ਾ ਹਰ ਚੀਜ਼ ਹਾਸਲ ਨਹੀਂ ਹੁੰਦੀ ਤੇ ਨਾ ਹੀ ਜ਼ਿੰਦਗੀ ਦੀ ਗੱਡੀ ਸਾਡੇ ਕਹੇ ਅਨੁਸਾਰ ਚੱਲਦੀ ਹੈ। ਇਸ ਰਸਤੇ ਵਿਚ ਉੱਚੀ ਨੀਵੀਂ ਥਾਂ, ਠੇਡੇ ਆਦਿ ਸਭ ਇਕ ਤਜਰਬਾ ਦੇਣ ਲਈ ਆਉਂਦੇ ਹਨ। ਅਜਿਹੇ ਸਪੀਡ ਬਰੇਕਰਾਂ ਅੱਗੇ ਪੱਕੀ ਤੌਰ ਉੱਤੇ ਖੜ੍ਹੇ ਨਹੀਂ ਹੋਣਾ ਹੁੰਦਾ। ਬਸ ਰਤਾ ਕੁ ਰ਼ਫਤਾਰ ਘਟਾ ਕੇ ਮੁੜ ਪਹਿਲਾਂ ਵਾਂਗ ਹੀ ਤੁਰ ਪੈਣਾ ਹੁੰਦਾ ਹੈ।

1. **ਮੰਨੋ** :- ਇਹ ਮੰਨਣਾ ਜ਼ਰੂਰੀ ਹੈ ਕਿ ਧੱਕਾ ਹੋਇਆ ਹੈ ਤਾਂ ਜੋ ਮਨ ਸਹਿਜ ਹੋ ਸਕੇ। ਅਜਿਹੇ ਧੱਕੇ ਨੂੰ ਲੁਕਾਉਣ ਨਾਲ ਇਹ ਨਾਸੂਰ ਬਣ ਜਾਂਦਾ ਹੈ। ਇਸੇ ਲਈ ਇਸ ਨੂੰ ਜਰਨ ਲਈ ਲੋਕਾਂ ਵੱਲੋਂ ਜਾਣ ਬੁੱਝ ਕੇ ਪੁੱਛੇ ਸਵਾਲਾਂ ਦਾ ਵੀ ਮੁਸਕੁਰਾ ਕੇ ਜਵਾਬ ਦਿੱਤਾ ਜਾ ਸਕਦਾ ਹੈ-ਚਲੋ ਇਕ ਨਵਾਂ ਤਜਰਬਾ ਹੀ ਸਹੀ, ਜ਼ਿੰਦਗੀ ਦੀ ਕਿਤਾਬ ਵਿਚ ਇਕ ਪੰਨਾ ਹੋਰ ਜੁੜ ਗਿਆ।"

ਇੰਜ ਛੇਤੀ ਸਹਿਜ ਹੋਇਆ ਜਾ ਸਕਦਾ ਹੈ। ਆਪਣੇ ਮਨ ਨੂੰ ਇਹ ਸਮਝਾਉਣਾ ਬਹੁਤ ਜ਼ਰੂਰੀ ਹੈ ਕਿ ਹਾਲੇ ਜ਼ਿੰਦਗੀ ਮੁੱਕੀ ਨਹੀਂ। ਕੁੱਝ ਖ਼ੁਸਿਆ ਹੈ ਤਾਂ ਖਾਲੀ ਹੱਥ ਕਿਸੇ ਹੋਰ ਚੀਜ਼ ਨਾਲ ਜ਼ਰੂਰ ਭਰ ਜਾਣਗੇ।

2. **ਉਦਾਸ ਹੋਣਾ ਗੁਨਾਹ ਨਹੀਂ ਹੈ** :- ਕਦੇ ਕਦਾਈਂ ਰੋਣਾ, ਉਦਾਸ ਹੋਣਾ, ਗੁੱਸੇ ਹੋਣਾ, ਚੀਕਣਾ ਜਾਂ ਇਕੱਲੇ ਬਹਿ ਕੇ ਸੋਚਣਾ ਮਾੜੀ ਗੱਲ ਨਹੀਂ ਹੈ, ਪਰ ਇਸ ਨੂੰ ਰੁਟੀਨ ਨਹੀਂ ਬਣਾਉਣਾ ਚਾਹੀਦਾ। ਅਜਿਹਾ ਸਭ ਮਨ ਅੰਦਰ ਫਸੇ ਵਿਚਾਰਾਂ ਨੂੰ ਬਾਹਰ ਕੱਢਣ ਲਈ ਕਦੇ ਕਦਾਈਂ ਕਰ ਲੈਣਾ ਚਾਹੀਦਾ ਹੈ।

3. **ਲੰਮੇ ਸਾਹ ਖਿੱਚਣਾ** :- ਨੱਕ ਰਾਹੀਂ ਲੰਮਾ ਸਾਹ ਅੰਦਰ ਖਿੱਚ ਕੇ ਮੂੰਹ ਰਾਹੀਂ ਬਾਹਰ ਕੱਢਣ ਦੀ ਕਸਰਤ ਕਾਫੀ ਲਾਹੇਵੰਦ ਸਾਬਤ ਹੋ ਚੁੱਕੀ ਹੈ। ਇਕਦਮ ਲੱਗੇ ਧੱਕੇ ਬਾਅਦ ਜਦੋਂ ਇਕ ਦੋ ਦਿਨ ਲੰਘ ਜਾਣ ਤਾਂ ਇਹ ਕਸਰਤ ਦਿਨ ਵਿਚ ਤਿੰਨ ਵਾਰ, 15-15 ਵਾਰ ਸਾਹ ਖਿੱਚ ਕੇ ਛੱਡਣ ਨਾਲ ਵੀ ਦਿਮਾ਼ਗ ਵਿੱਚੋਂ ਵਿਚਾਰ ਹੌਲੀ-ਹੌਲੀ ਛੱਡਣ ਲੱਗ ਪੈਂਦੇ ਹਨ।

ਜੇ ਕਈ ਜਣਿਆਂ ਸਾਹਮਣੇ ਦਿਲ ਟੁੱਟਿਆ ਹੋਵੇ ਤਾਂ ਉਸੇ ਵਕਤ ਇਹ ਸਾਹ ਵਾਲੀ ਕਸਰਤ ਕਰਨ ਨਾਲ ਵੀ ਉਹ ਪਲ ਟਪਾਏ ਜਾ ਸਕਦੇ ਹਨ। ਛੇਤੀ-ਛੇਤੀ ਪਲਕਾਂ ਝਪਕ ਲੈਣ ਨਾਲ ਹੰਝੂ ਟਪਕਣੋਂ ਵੀ ਰੋਕੇ ਜਾ ਸਕਦੇ ਹਨ ਤਾਂ ਜੋ ਲੋਕਾਂ ਤੋਂ ਪਰ੍ਹਾਂ ਜਾ ਕੇ ਆਪਣਾ ਦਿਲ ਹੌਲਾ ਕੀਤਾ ਜਾ ਸਕੇ।

4. **ਸਟਰੈੱਸ ਬੌਲ** :- ਨਿੱਕੀ ਜਿਹੀ ਨਰਮ ਗੇਂਦ ਨੂੰ ਹੱਥ ਵਿਚ ਫੜ ਕੇ ਦੱਬਣ ਜਾਂ ਕੰਧ ਉੱਤੇ ਮਾਰ ਕੇ ਵਾਰ-ਵਾਰ ਬੋਚਣ ਨਾਲ ਵੀ ਤਣਾਓ ਘਟਾਇਆ ਜਾ ਸਕਦਾ ਹੈ। ਇੰਜ ਕਰਨ ਨਾਲ ਮਨ ਨੂੰ ਇਹ ਇਹਸਾਸ ਹੁੰਦਾ ਹੈ ਕਿ ਕਿਸੇ ਹੋਰ ਉੱਤੇ ਆਪਣਾ ਗੁੱਸਾ ਲਾਹ ਰਹੇ ਹਾਂ।

5. **ਕਸਰਤ** :- ਖੇਡਾਂ ਵੱਲ ਧਿਆਨ ਦੇਣਾ, ਮੈਡੀਟੇਸ਼ਨ ਅਤੇ ਯੋਗ ਵੀ ਮਾੜੇ ਵਿਚਾਰਾਂ ਨੂੰ ਮਨ ਵਿੱਚੋਂ ਕੱਢਣ ਵਿਚ ਸਹਾਈ ਸਾਬਤ ਹੋਏ ਹਨ। ਰੋਜ਼ ਦੇ 15 ਮਿੰਟ ਦੀ ਕਸਰਤ ਵੀ ਸਰੀਰ ਅੰਦਰ ਸਿਰੋਟੋਨਿਨ ਵਧਾ ਦਿੰਦੀ ਹੈ ਜਿਸ ਨਾਲ ਚੰਗਾ ਮਹਿਸੂਸ ਹੋਣ ਲੱਗ ਪੈਂਦਾ ਹੈ।

6. **ਟੁੱਟੇ ਰਿਸ਼ਤੇ ਬਾਰੇ ਵਿਚਾਰ** :- ਟੁੱਟ ਚੁੱਕੇ ਰਿਸ਼ਤੇ ਦੀਆਂ ਕੜੀਆਂ ਜੋੜ ਕੇ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਉਸ ਵਿਚ ਕੀ ਚੰਗਾ ਤੇ ਕੀ ਮਾੜਾ ਸੀ! ਕਿਸ ਗੱਲ ਉੱਤੇ ਰਿਸ਼ਤਾ ਤਿੜਕਿਆ ? ਅੱਗੋਂ ਤੋਂ ਕਿਹੜੀਆਂ ਗੱਲਾਂ ਉੱਤੇ ਵੱਧ ਧਿਆਨ ਦੇਣ ਦੀ ਲੋੜ ਹੈ। ਅਖ਼ੀਰ ਵਿਚ ਇਸ ਨਤੀਜੇ ਉੱਤੇ ਪਹੁੰਚ ਕੇ ਮਨ ਨੂੰ ਸਮਝਾਓ ਕਿ ਹੁਣ ਜ਼ਿੰਦਗੀ ਦਾ ਅਗਲਾ ਵਰਕਾ ਪਲਟਿਆ ਜਾ ਚੁੱਕਿਆ ਹੈ। ਪਿਛਲੀ ਗੱਲ ਇਤਿਹਾਸ ਬਣ ਚੁੱਕੀ ਹੈ। ਉਸ ਨੂੰ ਹੁਣ ਵਾਪਸ ਹਾਸਲ ਨਹੀਂ ਕਰਨਾ।

ਜੇ ਹਾਸਲ ਕਰਨ ਦੀ ਚਾਹਤ ਮੱਠੀ ਨਾ ਪਾਈ ਜਾਏ ਤਾਂ ਸਹਿਜ ਹੋਣਾ ਔਖਾ ਹੋ ਜਾਂਦਾ ਹੈ।

7. **ਆਪਣੀ ਜ਼ਿੰਦਗੀ ਵਿਚ ਹਾਸਲ ਕੀਤੇ ਮੁਕਾਮ** : - ਸਕਾਰਾਤਮਕ ਵਿਚਾਰ ਮਨ ਵਿਚ ਉਪਜਾਉਣ ਲਈ ਆਪਣੇ ਪਹਿਲਾਂ ਦੇ ਖ਼ੁਸ਼ੀ ਦੇ ਪਲ, ਹਾਸਲ ਕੀਤੇ ਇਨਾਮ ਸਨਮਾਨ, ਮਾਪਿਆਂ, ਭੈਣ ਭਰਾਵਾਂ, ਦੋਸਤਾਂ ਨਾਲ ਬਿਤਾਏ ਪਲ, ਆਦਿ ਯਾਦ ਕਰ ਕੇ ਉਦਾਸੀ ਦੇ ਪਲਾਂ ਨੂੰ ਟਪਾਇਆ ਜਾ ਸਕਦਾ ਹੈ।

8. **ਰੋਣ ਲਈ ਮੋਢਾ** :- ਦੁਖ ਸਾਂਝੇ ਕਰ ਲੈਣ ਨਾਲ ਦੁਖ ਘੱਟ ਹੋ ਜਾਂਦਾ ਹੈ। ਜੇ ਕੋਈ ਹੋਰ ਮੋਢਾ ਨਾ ਲੱਭੇ ਤਾਂ ਸ਼ੀਸ਼ੇ ਸਾਹਮਣੇ ਖਲੋ ਕੇ ਸਾਰਾ ਮਨ ਖੋਲ੍ਹ ਲਵੋ, ਰੋ ਲਵੋ, ਗਾਲ੍ਹਾਂ ਕੱਢ ਲਵੋ ਤੇ ਮਨ ਹਲਕਾ ਕਰ ਕੇ ਘਰ ਅੰਦਰਲੇ ਕੰਮ ਕਾਰ ਵਿਚ ਰੁੱਝ ਜਾਓ।

9. **ਗਮਲਿਆਂ ਵਿਚ ਫੁੱਲ ਲਾਉਣੇ** :- ਕਮਰੇ ਵਿੱਚੋਂ ਬਾਹਰ ਨਿਕਲ ਕੇ ਬਗੀਚੇ ਵਿਚ ਕੰਮ ਕਰਨਾ, ਗਮਲਿਆਂ ਵਿਚ ਗੋਡੀ ਕਰਨੀ, ਬੂਟੇ ਬੀਜਣੇ ਆਦਿ ਵੀ ਤਾਜ਼ਾ ਮਹਿਸੂਸ ਕਰਵਾ ਸਕਦੇ ਹਨ।

10. **ਖ਼ਰੀਦਕਾਰੀ ਕਰਨੀ** :- ਕੁੱਝ ਖਰੀਦਣਾ, ਬਜ਼ਾਰ ਘੁੰਮਣਾ, ਘੁੰਮਦਿਆਂ ਸੰਗੀਤ ਸੁਣਨਾ, ਆਦਿ ਵੀ ਢਹਿੰਦੀ ਕਲਾ ਘਟਾ ਦਿੰਦੇ ਹਨ।

11. **ਮਰਨ ਨੂੰ ਜੀਅ ਕਰਨਾ** :-ਜੇ ਅਜਿਹੀ ਸੋਚ ਉਪਜ ਰਹੀ ਹੋਵੇ ਤਾਂ ਤੁਰੰਤ ਡਾਕਟਰੀ ਇਲਾਜ ਕਰਵਾ ਲੈਣਾ ਚਾਹੀਦਾ ਹੈ।

12. **ਯਾਦ** :- ਜਿਹੜਾ ਰਿਸ਼ਤਾ ਟੁੱਟਿਆ ਹੋਏ, ਉਸ ਨਾਲ ਜੁੜੀਆਂ ਯਾਦਾਂ, ਤਸਵੀਰਾਂ, ਮਹਿੰਗੀਆਂ ਸੁਗਾਤਾਂ, ਈ-ਮੇਲ, ਫੋਨ ਨੰਬਰ, ਚਿੱਠੀਆਂ ਆਦਿ ਸੱਭ ਪਾੜ ਜਾਂ ਨਸ਼ਟ ਕਰ ਦੇਣੀਆਂ ਚਾਹੀਦੀਆਂ ਹਨ।

13. **ਨਵੀਆਂ ਦੋਸਤੀਆਂ ਗੰਢਣੀਆਂ** :- ਨਵੀਆਂ ਦੋਸਤੀਆਂ ਗੰਢਣੀਆਂ ਜਾਂ ਨਵਾਂ ਕੰਮ ਸਿੱਖਣਾ ਕਾਫੀ ਸਹਾਈ ਸਾਬਤ ਹੋਏ ਹਨ। ਮੋਤਬੱਤੀਆਂ ਬਣਾਉਣੀਆਂ, ਸਵੈਟਰ ਬੁਨਣੇ, ਪੇਂਟਿੰਗ ਕਰਨੀ, ਰਸੋਈ ਵਿਚ ਨਵੀਂ ਚੀਜ਼ ਬਣਾਉਣੀ ਆਦਿ ਧਿਆਨ ਵੰਡਾਉਣ ਲਈ ਚੰਗੇ ਰਹਿੰਦੇ ਹਨ।

ਬਾਕੀ ਸਫ਼ਾ 28 'ਤੇ

# Sir Speedy Tustin

*Printers to the Community*

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

**CALL NOW**

## ਭਾਰਤੀ ਚੋਣਾਂ-2019 : ਮੁੱਦਿਆਂ ਦੀ ਥਾਂ ਤੁਰਪ ਦੇ ਪੱਤੇ

ਸਥਿਤੀ ਇਹ ਹੈ ਕਿ ਜਿਵੇਂ ਸਾਰਾ ਸਾਲ ਹੀ ਚੋਣਾਂ ਹੁੰਦੀਆਂ ਰਹਿੰਦੀਆਂ ਹਨ। ਇਸ ਸਥਿਤੀ ਨੂੰ ਹੋਰ ਪਕੇਰਾ ਅਤੇ ਲੰਮੇਰਾ ਕਰਨ ਵਿੱਚ ਸਾਡਾ ਮੀਡੀਆ ਕੋਈ ਕਸਰ ਨਹੀਂ ਛੱਡਦਾ। ਇੱਥੋਂ ਤੱਕ ਦੀ ਜ਼ਿਮਨੀ ਚੋਣਾਂ ਨੂੰ ਵੀ ਇਜ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਇੱਕ ਵਿਧਾਇਕ ਜਾਂ ਸਾਂਸਦ ਦੀ ਜਿੱਤ ਸਾਰੇ ਦੇਸ ਦੀ ਦਸ਼ਾ ਹੀ ਬਦਲ ਕੇ ਰੱਖ ਦੇਵੇਗੀ। ਇਸ ਤਰ੍ਹਾਂ ਕਰਨਾ ਸ਼ਾਇਦ ਮੀਡੀਆ ਨੂੰ ਚੌਵੀ ਘੰਟੇ ਚਲਾਉਣ ਦੀ ਮਜਬੂਰੀ ਹੋਵੇ, ਪਰ ਇਸ ਤਰ੍ਹਾਂ ਕਰਨ ਨਾਲ ਲੋਕਾਂ ਦਾ ਜੋ ਨੁਕਸਾਨ ਹੁੰਦਾ ਹੈ, ਉਸ ਬਾਰੇ ਕਿਤੇ ਵੀ ਨਹੀਂ ਸੋਚਿਆ ਜਾਂਦਾ।

ਮੀਡੀਆ ਦੀ ਭੂਮਿਕਾ ਦਾ ਮੂਲ ਤਾਂ ਸੂਚਨਾਵਾਂ ਅਤੇ ਗਿਆਨ ਦੇਣਾ ਹੈ, ਤਾਂ ਜੁ ਲੋਕ ਆਪਣੇ ਆਲੇ-ਦੁਆਲੇ ਬਾਰੇ ਜਾਣੂ ਹੋਣ ਤੇ ਸੁਚੇਤ ਰਹਿਣ ਕਿ ਉਨ੍ਹਾਂ ਨੇ ਕੀ ਕਰਨਾ ਹੈ ਤੇ ਕੀ ਫ਼ੈਸਲੇ ਲੈਣੇ ਹਨ। ਮੀਡੀਆ ਦੀ ਭੂਮਿਕਾ ਬਹਿਸ ਦੌਰਾਨ ਸਵਾਲ ਖੜ੍ਹੇ ਕਰਨ ਤੱਕ ਤਾਂ ਠੀਕ ਹੈ, ਪਰ ਮੀਡੀਆ ਫ਼ੈਸਲਾ ਸੁਣਾਉਣ ਦੀ ਭੂਮਿਕਾ ਵਿੱਚ ਆ ਕੇ ਲੋਕਾਂ ਦੀ ਸਿਆਣਪ ਦਾ ਮਜ਼ਾਕ ਵੀ ਉਡਾਉਂਦਾ ਹੈ ਤੇ ਦੇਸ਼ ਦੀ ਕਨੂੰਨ ਵਿਵਸਥਾ ਦੇ ਪ੍ਰਤੀ ਵੀ ਗ਼ੈਰ-ਸੰਜੀਦਗੀ ਦਿਖਾਉਂਦਾ ਹੈ। ਇਸ ਤੋਂ ਇਲਾਵਾ ਦੇਸ਼ ਦੇ ਲੋਕਾਂ ਲਈ ਗ਼ੈਰ-ਜ਼ਰੂਰੀ ਵਿਸ਼ਿਆਂ ਨੂੰ ਲੈ ਕੇ ਬਹਿਸ ਕਰਵਾਉਣਾ ਵੀ ਗ਼ੈਰ-ਜ਼ਿੰਮੇਵਾਰਾਨਾ ਕੰਮ ਹੈ।

ਮੀਡੀਆ ਲੋਕਾਂ ਦੀ ਸਿਆਣਪ ਤੋਂ ਵੱਧ ਜਜ਼ਬਾਤਾਂ ਨੂੰ ਇਸਤੇਮਾਲ ਕਰਦਾ ਹੈ, ਜਦੋਂ ਉਹ ਧਰਮ, ਜਾਤ ਦੇ ਪੱਖ ਤੋਂ ਘਟਨਾਵਾਂ ਦੀ ਪੇਸ਼ਕਾਰੀ ਕਰਦਾ ਹੈ ਤੇ ਉਹ ਵੀ ਤੱਥਾਂ ਦੀ ਛਾਣ-ਬੀਣ ਕੀਤੇ ਬਗ਼ੈਰ। ਨੇਤਾ ਲੋਕ ਤਾਂ ਗ਼ੈਰ-ਜ਼ਰੂਰੀ ਮੁੱਦੇ ਉਛਾਲਦੇ ਹਨ, ਪਰ ਇਹ ਮੀਡੀਆ ਦੀ ਜ਼ਿੰਮੇਵਾਰੀ ਹੈ ਕਿ ਉਸ ਨੇ ਕਿਹੜੇ ਮੁੱਦੇ ਨੂੰ ਤਰਜੀਹ ਦੇਣੀ ਹੈ ਤੇ ਉਸ ਮੁੱਦੇ ਨੂੰ ਤਰਜੀਹ ਦੇਂਦਾ ਹੈ, ਜੋ ਵੱਧ ਸਨਸਨੀਖ਼ੇਜ਼ ਹੋਵੇ ਤੇ ਲੋਕਾਂ ਨੂੰ ਉਕਸਾਵੇ-ਭੜਕਾਵੇ।

**ਇਸੇ ਸਥਿਤੀ**-ਪਰਸਥਿਤੀ ਦੇ ਮੱਦੇ-ਨਜ਼ਰ ਅਜੋਕੀ ਚੋਣ ਮੁਹਿਮ ਚੱਲ ਰਹੀ ਹੈ। ਵੈਸੇ ਤਾਂ ਇਸ ਨੂੰ ਪਿਛਲੇ ਇੱਕ ਸਾਲ ਤੋਂ ਹੀ ਦੇਖਿਆ ਜਾ ਸਕਦਾ ਹੈ, ਪਰ ਪਿਛਲੇ ਪੰਜ ਰਾਜਾਂ ਦੇ ਨਤੀਜਿਆਂ ਤੋਂ ਬਾਅਦ ਇਸ ਮੁਹਿਮ ਵਿੱਚ ਇੱਕ ਵੱਖਰਾ ਹੀ ਬਦਲਾਅ ਆਇਆ ਹੈ। ਸੱਤਾਧਾਰੀ ਪਾਰਟੀ ਦਾ ਵਿਕਾਸ ਤੇ ਚੰਗੇ ਦਿਨਾਂਦਾ ਨਾਹਰਾ ਵੀ ਪਿੱਛੇ ਚਲਾ ਗਿਆ ਹੈ। ਭਾਵੇਂ ਰਾਫੇਲ ਮੁੱਦੇ ਨੇ ਮੀਡੀਆ ਅਤੇ ਲੋਕਾਂ ਦਾ ਕਾਫ਼ੀ ਸਮਾਂ ਲਿਆ ਹੈ ਤੇ ਇਸੇ ਦੌਰਾਨ ਹੀ ਤਿੰਨ ਤਲਾਕ ਅਤੇ ਰਾਮ ਮੰਦਰ ਦਾ ਮੁੱਦਾ ਬਰਾਬਰ ਉਭਾਰਿਆ ਜਾਂਦਾ ਰਿਹਾ ਹੈ।

ਸੱਤਾਧਾਰੀ ਪਾਰਟੀ ਕੋਲ ਨਿਸ਼ਚਿਤ ਹੀ ਕਰਨ ਨੂੰ ਬਹੁਤ ਕੁਝ ਹੁੰਦਾ ਹੈ। ਉਹ ਖ਼ੁਦ ਦਾਅਵਾ ਵੀ ਕਰ ਰਹੇ ਹਨ ਕਿ ਉਨ੍ਹਾਂ ਦੀ ਕਮਾਨ ਵਿੱਚ ਬਹੁਤ ਸਾਰੇ ਤੀਰ ਹਨ, ਜੋ ਉਹ ਸਮੇਂ-ਸਮੇਂ ਚਲਾਉਣਗੇ, ਜਿਨ੍ਹਾਂ ਨੂੰ ਮੀਡੀਆ ਵਾਲੇ ਤੁਰਪ ਦਾ ਪੱਤਾ ਕਹਿ ਕੇ ਸੁਰਖੀਆਂ ਕੱਢਦੇ ਹਨ। ਸੱਤਾਧਾਰੀ ਪਾਰਟੀ ਕੋਲ ਜਿੱਥੇ ਖ਼ਜ਼ਾਨੇ ਦਾ ਮੂੰਹ ਹੁੰਦਾ ਹੈ, ਉੱਥੇ ਵਿਰੋਧੀ ਧਿਰ ਕੋਲ ਕੁਝ ਹੋਰ ਤਰ੍ਹਾਂ ਦੇ, ਸੱਤਾ ਦੀਆਂ ਨਾਕਾਮੀਆਂ ਦੇ ਕਿੱਸੇ ਵੱਧ ਹੁੰਦੇ ਹਨ। ਵਿਰੋਧੀ ਪੱਖ ਵਾਲੇ ਨਾਕਾਮੀਆਂ ਵਿੱਚ ਨੋਟਬੰਦੀ ਅਤੇ ਜੀ ਐੱਸ ਟੀ ਨੂੰ ਉਭਾਰਦੇ ਰਹੇ ਹਨ ਤਾਂ ਹੁਣ ਜਾਂਦੇ-ਜਾਂਦੇ ਸੱਤਾ ਪੱਖ ਵੱਲੋਂ ਸਵਰਨ ਜਾਤੀ ਲਈ ਦਸ ਫ਼ੀਸਦੀ ਰਾਖਵੇਂਕਰਨ ਨੂੰ ਇੱਕ ਵੱਡਾ ਤੀਰ ਕਿਹਾ ਜਾ ਰਿਹਾ ਹੈ। ਇਸ ਐਲਾਨ ਨੇ ਬੜੀ ਵਾਹ-ਵਾਹ ਖੱਟੀ ਹੈ ਤੇ ਇਸ ਨੂੰ ਇੱਕ ਪ੍ਰਾਪਤੀ ਬਣਾ ਕੇ ਉਭਾਰਿਆ ਜਾ ਰਿਹਾ ਹੈ, ਜੋ ਸੱਤਾਧਾਰੀ ਪਾਰਟੀ ਲਈ ਤੁਰਪ ਦਾ ਪੱਤਾ ਹੈ। ਉਨ੍ਹਾਂ ਨੂੰ ਲੱਗਣ ਲੱਗਿਆ, ਜਿਵੇਂ ਵਿਰੋਧੀ ਧਿਰ, ਖ਼ਾਸ ਕਰ ਕੇ ਕਾਂਗਰਸ ਦੀ ਰਫ਼ਤਾਰ ਨੂੰ ਠੱਲ੍ਹ ਪਵੇਗੀ। ਇਸੇ ਰੌਅ ਵਿੱਚ ਕਾਂਗਰਸ ਦੇ ਵੱਲੋਂ ਪ੍ਰਿਅੰਕਾ ਗਾਂਧੀ ਦੇ ਵਿਧੀਵਤ ਸ਼ਾਮਲ ਹੋਣ ਨਾਲ ਵਿਰੋਧੀਆਂ ਵਿੱਚ ਫਿਰ ਜੋਸ਼ ਭਰ ਗਿਆ ਤੇ ਸੱਤਾਧਾਰੀ ਧਿਰ ਦੇ ਸਾਰੇ ਬੁਲਾਰੇ ਸਰਗਰਮ ਹੋ ਗਏ। ਇਸੇ ਦੌਰਾਨ ਸਾਰੇ ਮੁੱਦੇ ਭੁੱਲ ਕੇ ਬੀ ਜੇ ਪੀ ਨੇ ਆਪਣੇ ਪੁਰਾਣੇ ਏਜੰਡੇ ਰਾਮ ਮੰਦਰ ਨੂੰ ਫਿਰ ਤੋਂ ਉਛਾਲ ਦਿੱਤਾ ਹੈ। ਕੁੰਭ ਵੀ ਇੱਕ ਜ਼ਰੀਆ ਬਣਿਆ ਹੈ, ਜਿੱਥੇ ਧਰਮ ਸੰਸਦ ਦਾ ਦੋ-ਦਿਨਾ ਸੈਸ਼ਨ ਤੱਕ ਕਰ ਦਿੱਤਾ ਗਿਆ। ਸੰਤ ਸਮਾਜ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਸਰਗਰਮ ਹਨ ਕਿ ਕਾਨੂੰਨ ਜੇ ਕੁਝ ਨਹੀਂ ਕਰਦਾ ਤਾਂ ਸਾਡੇ ਹੱਥਾਂ ਵਿੱਚ ਦਿਉ। ਦੇਖੋ, ਅਜੇ ਹੋਰ ਕਿਹੜੇ-ਕਿਹੜੇ ਤੁਰਪ ਦੇ ਪੱਤੇ ਆਉਣਗੇ ਤੇ ਕਿਸ ਦੇ ਸਹਾਰੇ ਸੱਤਾ ਦੀ ਬਾਜ਼ੀ ਕਿਸ ਧਿਰ ਦੇ ਹੱਥ ਲੱਗੇਗੀ?

ਦੂਸਰੇ ਪਾਸੇ ਇਸ ਸਰਗਰਮੀ ਦੇ ਮਾਹੌਲ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ, ਕਿਸਾਨਾਂ ਦੀ ਖ਼ੁਦਕੁਸ਼ੀ, ਔਰਤਾਂ ਦੀ ਸੁਰੱਖਿਆ ਦੇ ਮੁੱਦੇ, ਜੋ ਕਿ ਕਦੇ-ਕਦੇ ਮਾੜੇ-ਮੋਟੇ ਚਰਚਾ ਵਿੱਚ ਆਉਂਦੇ ਸਨ, ਫਿਲਹਾਲ ਗਾਇਬ ਹਨ। ਸਿਹਤ ਅਤੇ ਸਿੱਖਿਆ ਤਾਂ ਜਿਵੇਂ ਦੇਸ਼ ਲਈ ਕੋਈ ਮੁੱਦਾ ਹੀ ਨਹੀਂ ਹੁੰਦੇ। ਹਾਂ, ਸਿੱਖਿਆ ਬਿਨਾਂ ਪ੍ਰੀਖਿਆ ਕਿਵੇਂ ਦੇਣੀ ਹੈ, ਇਸ ਦੀ ਜ਼ਰੂਰ ਮਾੜੀ-ਮੋਟੀ ਫ਼ਿਕਰ ਹੈ ਦੇਸ ਦੇ ਮੁਖੀ ਨੂੰ।

## ਤੁਹਾਡਾ ਜ਼ੁਲਮ ਹੀ ਸਾਡੇ ਸੰਘਰਸ਼ ਨੂੰ ਭੜਕਾਉਂਦਾ ਹੈ...

ਸਿਆਸਤਦਾਨ ਸਾਰੀਆਂ ਧਿਰਾਂ ਨੂੰ ਬੁਲਾ ਕੇ ਕਸ਼ਮੀਰ ਮਸਲੇ ਦਾ ਹੱਲ ਕਿਉਂ ਨਹੀਂ ਕੱਢ ਲੈਂਦੇ?

ਪਰਿਵਾਰ ਵਾਲਿਆਂ ਨੇ ਕਿਹਾ ਉਹਨਾਂ ਦਾ ਮੁੰਡਾ ਤੌਸੀਫ ਅਹਿਮਦ ਦਰ ਹਥਿਆਰ ਛੱਡ ਦੇਣ ਦੇ ਬਾਵਜੂਦ ਜੇਲ੍ਹ ਵਿਚ ਕੈਦ ਹੈ।ਜਦੋਂ ਮੇਰਾ ਮੁੰਡਾ ਖਾੜਕੂਆਂ ਵਿਚੋਂ ਵਾਪਸ ਆ ਗਿਆ ਸੀ ਤਾਂ ਅਸੀਂ ਪੁਲਿਸ ਨੂੰ ਕਿਹਾ ਸੀ ਕਿ ਅਸੀਂ ਉਸ ਨੂੰ ਨੌਕਰੀ ਕਰਨ ਲਈ ਦੁਬਈ ਭੇਜ ਦਿਆਂਗੇ ਪਰ ਹਾਲਾਂ ਜਦੋਂ ਅਸੀਂ ਉਹਦਾ ਪਾਸਪੋਰਟ ਹੀ ਬਣਵਾ ਰਹੇ ਸੀ, ਤਾਂ ਪੁਲਿਸ ਨੇ ਉਸ ਨੂੰ ਫੜ ਕੇ ਉਸ ਉੱਤੇ ਪੀਐਸਏ. (ਪਬਲਿਕ ਸੇਫਟੀ ਐਕਟ) ਲਾ ਦਿੱਤਾ। ਜ਼ਿਕਰਯੋਗ ਹੈ ਕਿ 'ਪਬਲਿਕ ਸੇਫਟੀ ਐਕਟ' ਇਕ ਅਜਿਹਾ ਕਾਨੂੰਨ ਹੈ ਜਿਸ ਤਹਿਤ ਪੁਲਿਸ ਲੋਕਾਂ ਨੂੰ 'ਜਨਤਕ ਮਹੌਲ' (ਪਬਲਿਕ ਆਡਰ) ਅਤੇ 'ਰਾਜ ਦੀ ਰੱਖਿਆ' ਲਈ ਨਜ਼ਰਬੰਦ ਕਰ ਸਕਦੀ ਹੈ।

ਗੁਲਾਮ ਹੁਸੈਨ ਨੇ ਗੱਲਬਾਤ ਵਿਚ ਦਖਲ ਦੇਂਦਿਆਂ ਸਵਾਲੀਆ ਲਹਿਜ਼ੇ ਵਿਚ ਕਿਹਾ ਕਿ ਜੇਕਰ ਮੈਂ ਆਪਣੇ ਮੁੰਡੇ ਨੂੰ ਵਾਪਸ ਆਉਣ ਲਈ ਕਹਿੰਦਾ ਤਾਂ ਖਾੜਕੂਆਂ ਨੇ ਉਹਨੂੰ ਨਹੀਂ ਸੀ ਕਹਿਣਾ ਕਿ ਆਤਮ-ਸਮਰਪਣ ਕਰਕੇ ਵਾਪਸ ਜਾਣ ਦਾ ਕੀ ਫਾਇਦਾ ਹੈ, ਜਦੋਂ ਕਿ ਤੇਰਾ ਭਰਾ ਵੀ ਤਾਂ ਪੀਐਸਏ. ਤਹਿਤ ਜੇਲ੍ਹ ਵਿਚ ਸੜ ਰਿਹਾ ਹੈ?

ਭਾਵੇਂ ਕਿ ਪਰਿਵਾਰ ਨੂੰ ਇਸ ਗੱਲ ਦਾ ਤਾਂ ਕੁਝ ਨਹੀਂ ਸੀ ਪਤਾ ਕਿ ਉਹਨਾਂ ਦਾ ਮੁੰਡਾ ਇਨੀ ਵੱਡੀ ਵਾਰਦਾਤ ਕਰ ਦੇਵੇਗਾ ਪਰ ਉਹਦੀ ਮੌਤ ਨਾਲ ਉਹਨਾਂ ਨੂੰ ਹੈਰਾਨੀ ਨਹੀਂ ਹੋਈ। ਪਿਤਾ ਗੁਲਾਮ ਹੈਦਰ ਦਰ ਨੇ ਕਿਹਾ ਕਿ ਸਾਡੇ ਲਈ ਉਹ ਉਸੇ ਦਿਨ ਹੀ ਸ਼ਹੀਦ ਹੋ ਗਿਆ ਸੀ ਜਦੋਂ ਉਹ ਖਾੜਕੂਆਂ ਵਿਚ ਸ਼ਾਮਲ ਹੋਇਆ ਸੀ। ਪਰ ਇਸ ਗੱਲ ਦਾ ਝੋਰਾ ਜ਼ਰੂਰ ਰਹੇਗਾ ਕਿ ਅਸੀਂ ਆਖਰੀ ਵਾਰ ਉਸ ਨੂੰ ਮਿਲ ਨਹੀਂ ਸਕੇ।

ਕੁਝ ਇਸ ਖਾੜਕੂ ਦੀ ਲਾਸ਼ ਲੈਣ ਲਈ ਵੀ ਗਏ ਸਨ। ਇਕ ਰਿਸ਼ਤੇਦਾਰ ਨੇ ਨਾਂ ਨਸ਼ਰ ਨਾ ਕਰਨ ਦੀ ਸ਼ਰਤ ਉਤੇ ਦੱਸਿਆ ਕਿ ਪਰਿਵਾਰ ਨੂੰ ਪੁਲਿਸ ਵਲੋਂ ਇਕ ਸੁਨੇਹਾ (ਕਾਲ) ਆਈ ਸੀ ਤੇ ਪੁਲਿਸ ਨੇ ਦੱਸਿਆ ਕਿ ਹਮਲੇ ਵਾਲੀ ਥਾਂ ਉਤੇ ਆਦਿਲ ਦਾ ਕੁਝ ਵੀ ਨਾਂ ਨਿਸ਼ਾਂਨ ਨਹੀਂ ਸੀ ਬਚਿਆ। ਮਨੁੱਖੀ ਮਾਸ ਦੇ ਚੀਥੜੇ ਰੁੱਖਾਂ ਤੇ ਛੱਤਾਂ ਤੱਕ ਖਿੱਲਰੇ ਹੋਏ ਸਨ।

ਨੈਸ਼ਨਲ ਕਾਨਫਰੰਸ ਅਤੇ ਪੀਪਲਜ਼ ਡੈਮੋਕਰੇਟਿਕ ਪਾਰਟੀ (ਪੀਡੀਪੀ.) ਸਮੇਤ ਸੂਬੇ ਦੇ ਸਾਰੇ ਸਿਆਸੀ ਦਲਾਂ ਨੇ ਹਮਲੇ ਦੀ ਨਿਖੇਧੀ ਕੀਤੀ ਹੈ। ਜਿਵੇਂ-ਜਿਵੇਂ ਹਮਲੇ ਵਿਰੁੱਧ ਗੁੱਸਾ ਭੜਕ ਰਿਹਾ ਹੈ, ਵਾਦੀ ਵਿਚ ਕਈਆਂ ਨੂੰ ਇਸ ਗੱਲ ਦਾ ਡਰ ਹੈ ਕਿ ਦੇਸ਼ ਦੇ ਦੂਜੇ ਹਿੱਸਿਆਂ ਵਿਚ ਰਹਿਣ ਵਾਲੇ ਕਸ਼ਮੀਰੀਆਂ ਉੱਤੇ ਹਮਲੇ ਹੋ ਸਕਦੇ ਹਨ।

**(ਸਿੱਖ ਸਿਆਸਤ 'ਚੋਂ ਧੰਨਵਾਦ ਸਹਿਤ)**

## 'ਜੈਤੋ ਦਾ ਮੋਰਚਾ' : ਜਦੋਂ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ

ਭੇਜਿਆ ਗਿਆ। ਜਥਾ ਬਰਗਾੜੀ (ਫਰੀਦਕੋਟ) ਪੁੱਜਾ ਜੋ ਜੈਤੋ ਤੋਂ 6 ਕੁ ਮੀਲ 'ਤੇ ਹੈ, ਇੱਥੇ ਕੁਝ ਦਿਨ ਠਹਿਰ ਕੇ ਜਥੇ ਨੇ 21 ਫਰਵਰੀ,

1924 ਨੂੰ ਜੈਤੋ ਵੱਲ ਵਧਣਾ ਸ਼ੁਰੂ ਕੀਤਾ। ਜਥੇ ਦੇ ਨਾਲ 10000 ਦੀ ਸੰਗਤ ਵੀ ਆ ਜੁੜੀ ਸੀ। ਜਥੇ ਵਿਚ ਡਾ. ਕਿਚਲੂ, ਪ੍ਰਿੰ. ਗਿਡਵਾਨੀ ਅਤੇ Jimand, Editor of NewYork Times ਵੀ ਸ਼ਾਮਲ ਸਨ। ਬਰਗਾੜੀ ਤੋਂ ਜਥਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਅੰਗਰੇਜ਼ ਫੌਜ ਜਥੇ ਨੂੰ ਖਦੇੜਨ ਲਈ ਤਿਆਰ ਖੜ੍ਹੀ ਸੀ। ਅੰਗਰੇਜ਼ ਅਫ਼ਸਰ Wilson Johnston ਨੇ ਨਿਹੱਥੇ ਜਥੇ ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਸਿੰਘ ਫੱਟੜ ਅਤੇ ਸ਼ਹੀਦ ਹੁੰਦੇ ਗਏ ਪਰ ਜਥਾ ਸ਼ਾਂਤਮਈ ਅੱਗੇ ਵਧਦਾ ਗਿਆ। ਚਲਦੀ ਗੋਲੀ ਵਿਚ ਜਥਾ ਗੁਰਦੁਆਰਾ ਟਿੱਬੀ ਸਾਹਿਬ ਪਹੁੰਚ ਗਿਆ। ਜਿਹੜੀ ਸੰਗਤ ਬਚ ਨਿਕਲੀ ਸੀ, ਉਸ ਨੂੰ ਵੀ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ 'ਤੇ ਕੈਦ ਵਿਚ ਬਹੁਤ ਸਖਤੀ ਕੀਤੀ ਗਈ। ਇਸ ਤੋਂ ਬਾਅਦ ਵੀ 16 ਸ਼ਹੀਦੀ ਜਥੇ ਭੇਜੇ ਗਏ। ਆਖਰੀ ਜਥੇ ਤੋਂ ਬਿਨਾ ਸਭ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਰਿਹਾ। ਕੈਦ ਵਿਚ ਮਾਰ ਕੁੱਟ ਕੀਤੀ ਜਾਂਦੀ। ਕੈਦ ਵਿਚ ਕਈ ਸਿੱਖ ਰੋਗੀ ਅਤੇ ਨਕਾਰਾ ਹੋ ਗਏ ਜਾਂ ਸ਼ਹੀਦੀ ਪਾ ਗਏ ਪਰ ਕਿਸੇ ਨੇ ਵੀ ਹਾਰ ਨਹੀਂ ਮੰਨੀ। ਇਨ੍ਹਾਂ ਸੂਰਬੀਰਾਂ ਨੇ ਅਡੋਲ ਰਹਿ ਕੇ ਸਾਰੇ ਕਸ਼ਟ ਝੱਲੇ।

ਦੇਸ਼ ਵਿਦੇਸ਼ ਤੋਂ ਗ੍ਰਿਫਤਾਰੀਆਂ ਲਈ ਜਥੇ ਪਹੁੰਚਦੇ ਰਹੇ। ਸਿੱਖਾਂ ਦੇ ਧਰਮ ਅਤੇ ਰਾਜਨੀਤੀ ਵਿਚ ਦਖ਼ਲ ਦੇਣ ਨੇ, ਅੰਗਰੇਜ਼ ਸਰਕਾਰ ਨੂੰ ਬੜੀ ਮੁਸ਼ਕਲ ਵਿਚ ਪਾ ਦਿੱਤਾ। ਗ੍ਰਿਫ਼ਤਾਰੀਆਂ ਦੇਣ ਦਾ ਸਿਲਸਿਲਾ ਨਾ ਮੁੱਕਦਾ ਦੇਖ ਕੇ, ਇਸ ਲੰਮੇ ਹੁੰਦੇ ਮੋਰਚੇ ਅੱਗੇ ਹਕੂਮਤ ਨੂੰ ਝੁਕਣਾ ਪਿਆ। ਇਸੇ ਵੇਲੇ ਗੁਰਦੁਆਰਾ ਕਾਨੂੰਨ ਨੰਬਰ 8, 1925 ਪਾਸ ਹੋ ਗਿਆ। 27 ਜੁਲਾਈ, 1925 ਨੂੰ ਜੈਤੋ ਦੇ ਮੋਰਚੇ ਦੇ ਸਾਰੇ ਕੈਦੀ ਰਿਹਾਅ ਹੋ ਗਏ। ਖੰਡਿਤ ਪਾਠ ਜਾਰੀ ਹੋਏ। ਸਿੰਘਾਂ ਦੇ ਸ਼ਾਂਤਮਈ ਹੌਸਲੇ ਅਤੇ ਨਿਸਚੇ ਦੀ ਸ਼ਲਾਘਾ ਹੋਈ। ਅੰਗਰੇਜ਼ੀ ਹਕੂਮਤ ਦੇ ਜ਼ੁਲਮ ਦੀ ਨਿਖੇਧੀ ਹੋਈ। ਸਰਕਾਰੀ ਰਿਪੋਰਟ ਵਿਚ ਲਗਭਗ 10,000 ਸਿੰਘਾਂ ਦੀ ਗ੍ਰਿਫਤਾਰੀ ਹੋਈ ਅਤੇ ਇਕ ਲੱਖ ਰੁਪਏ ਜੁਰਮਾਨਾ ਸਿੰਘਾਂ ਵਲੋਂ ਭਰਿਆ ਗਿਆ।

## ਮਹਾਰਾਜਾ ਰਣਜੀਤ ਸਿੰਘ ਨੂੰ ਤੋਹਫ਼ੇ ਭੇਟ ਕਰਨਾ ਸੀ ਅੰਗਰੇਜ਼ਾਂ ਦੀ ਗੁੱਝੀ ਚਾਲ

ਚਾਂਦੀ ਦੀ ਕੁਰਸੀ 'ਤੇ ਬਿਠਾ ਕੇ ਆਪ ਨਾਲ ਦੇ ਤਖ਼ਤ 'ਤੇ ਬੈਠ ਗਿਆ।"

ਬਰਨਜ਼ ਨੇ ਮਹਾਰਾਜੇ ਨੂੰ ਲਾਰਡ ਐਲਨਬੋਰੋ ਵੱਲੋਂ ਭੇਜੀ ਗਈ ਚਿੱਠੀ ਭੇਟ ਕੀਤੀ। ਫੇਰ ਇੰਗਲੈਂਡ ਦੇ ਬਾਦਸ਼ਾਹ ਵਿਲੀਅਮ ਚੌਥੇ ਵੱਲੋਂ ਇੱਕ ਚਿੱਠੀ ਦਿੱਤੀ ਜਿਹੜੀ ਕਿ ਸੁਨਹਿਰੇ ਕੱਪੜੇ ਵਿੱਚ ਲਿਪਟੀ ਹੋਈ ਸੀ। ਮਹਾਰਾਜੇ ਨੇ ਹੁਕਮ ਦਿੱਤਾ ਕਿ ਇਹ ਚਿੱਠੀਆਂ ਉੱਚੀ ਆਵਾਜ਼ ਵਿੱਚ ਦਰਬਾਰ ਵਿੱਚ ਪੜ੍ਹੀਆਂ ਜਾਣ। ਲਾਰਡ ਐਲਨਬਰੋ ਨੇ ਆਪਣੀ ਚਿੱਠੀ ਵਿੱਚ ਲਿਖਿਆ ਸੀ ਕਿ ਬਾਦਸ਼ਾਹ ਨੇ ਉਸ ਨੂੰ ਹੁਕਮ ਦਿੱਤਾ ਹੈ ਕਿ ਉਹ ਆਪ ਜੀ ਨੂੰ ਦੱਸੇ ਕਿ ਆਪ ਦੇ ਰਾਜ ਵਿੱਚ ਜਿਵੇਂ ਤੁਸੀਂ ਸਾਡੇ ਨਾਲ ਭਾਈਵਾਲੀ ਬਣਾ ਕੇ ਰੱਖੀ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ ਤੇ ਪਰਮਾਤਮਾ ਦੀ ਕ੍ਰਿਪਾ ਨਾਲ ਸਾਡੇ ਸਬੰਧ ਅੱਗੇ ਵੀ ਇਹੋ ਜਿਹੇ ਹੀ ਬਣੇ ਰਹਿਣ।

ਚਿੱਠੀ ਪੜ੍ਹੀ ਹੀ ਜਾ ਰਹੀ ਸੀ ਜਦ ਮਹਾਰਾਜਾ ਬਹੁਤ ਹੀ ਖ਼ੁਸ਼ ਹੋਇਆ ਤੇ ਖ਼ੁਸ਼ੀ ਵਿੱਚ ਹੁਕਮ ਦਿੱਤਾ ਕਿ ਸੱਠ ਤੋਪਾਂ ਇੱਕੀ-ਇੱਕੀ ਵਾਰ ਚਲਾਈਆਂ ਜਾਣ, ਤਾਂ ਜੋ ਲਾਹੌਰ ਦੇ ਵਾਸੀਆਂ ਨੂੰ ਇਸ ਖ਼ੁਸ਼ੀ ਦਾ ਪਤਾ ਲੱਗ ਜਾਵੇ ਤੇ ਉਹ ਵੀ ਖ਼ੁਸ਼ੀ ਵਿੱਚ ਸ਼ਾਮਲ ਹੋਣ ਕਿ ਅੰਗਰੇਜ਼ ਲੋਕ ਮਹਾਰਾਜੇ ਦੀ ਕਿੰਨੀ ਇੱਜ਼ਤ ਕਰਦੇ ਹਨ।

ਫੇਰ ਬਰਨਜ਼ ਮਹਾਰਾਜੇ ਨੂੰ ਬੱਘੀ ਤੇ ਪੰਜ ਘੋੜੇ ਦਿਖਾਉਣ ਲਈ ਬਾਹਰ ਲੈ ਕੇ ਗਿਆ ਜਿਹੜੇ ਕਿ ਬਾਹਰ ਗਰਮੀ ਵਿੱਚ ਖੜ੍ਹੇ ਸਨ। ਇੱਕ-ਇੱਕ ਘੋੜਾ ਉਨ੍ਹਾਂ ਦੇ ਸਾਹਮਣੇ ਲਿਆਂਦਾ ਗਿਆ, ਤਾਂ ਉਹ ਬਹੁਤ ਹੀ ਖ਼ੁਸ਼ ਹੋਏ। ਅਗਲੇ ਦਿਨ ਬਰਨਜ਼ ਨੂੰ ਫ਼ੌਜੀ ਪਰੇਡ ਦਿਖਾਉਣ ਲਈ ਸੱਦਾ ਦਿੱਤਾ ਗਿਆ। ਸਾਰੇ ਸਿਪਾਹੀ ਚਿੱਟੀ ਫ਼ੌਜੀ ਵਰਦੀ ਵਿੱਚ, ਕਮਰ 'ਤੇ ਕਾਲੀਆਂ ਪੇਟੀਆਂ ਬੰਨ੍ਹ ਕੇ ਤੇ ਬੰਦੂਕਾਂ ਲੈ ਕੇ ਮੁਆਇਨੇ ਲਈ ਖੜ੍ਹੇ ਸਨ। ਫਿਰ ਹੁਕਮ ਮਿਲਣ 'ਤੇ ਇਸ ਫ਼ੌਜ ਨੇ ਕਈ ਤਰ੍ਹਾਂ ਦੀ ਕਵਾਇਦ ਕਰ ਕੇ ਵਿਖਾਈ, ਜਿਹੜੀ ਕਿ ਬਹੁਤ ਹੀ ਪ੍ਰਭਾਵਸ਼ਾਲੀ ਸੀ। ਵਿੱਚ-ਵਿੱਚ ਮਹਾਰਾਜਾ ਬਰਨਜ਼ ਨੂੰ ਉਨ੍ਹਾਂ ਦੀ ਫ਼ੌਜ ਬਾਰੇ ਵੀ ਕਈ ਸਵਾਲ ਪੁੱਛਦਾ ਰਿਹਾ।

ਬਰਨਜ਼ ਤਕਰੀਬਨ ਦੋ ਮਹੀਨੇ ਲਾਹੌਰ ਵਿੱਚ ਰਿਹਾ ਤੇ ਰੋਜ਼ ਹੀ ਫ਼ੌਜ ਦੀਆਂ ਵੱਖ-ਵੱਖ ਕਵਾਇਦਾਂ ਜਾਂ ਪਾਰਟੀਆਂ ਵਿੱਚ ਸ਼ਾਮਲ ਹੁੰਦਾ ਰਿਹਾ। ਰੋਜ਼ ਹੀ ਚਾਲੀ ਕਸ਼ਮੀਰੀ ਕੁੜੀਆਂ, ਜਿਨ੍ਹਾਂ ਨੇ ਮੁੰਡਿਆਂ ਵਾਲੇ ਕੱਪੜੇ ਪਾਏ ਹੁੰਦੇ ਸਨ, ਆ ਕੇ ਨੱਚਦੀਆਂ ਸਨ।" ਇਹ ਕੁੜੀਆਂ ਬਹੁਤ ਹੀ ਸੋਹਣੀਆਂ ਸਨ ਤੇ ਜਦੋਂ ਨਾਚ ਖ਼ਤਮ ਹੋ ਜਾਂਦਾ ਸੀ ਤਾਂ ਇਨ੍ਹਾਂ ਨੂੰ ਹਾਥੀਆਂ 'ਤੇ ਬਿਠਾ ਕੇ ਬਾਹਰ ਲਿਜਾਇਆ ਜਾਂਦਾ ਸੀ।

ਦੋਵੇਂ ਪਾਸਿਆਂ ਤੋਂ ਫ਼ੌਜ ਤੇ ਪੋਲੀਟੀਕਲ ਮਾਮਲਿਆਂ ਤੇ ਤਜਾਰਤ ਬਾਰੇ ਬਹੁਤ ਹੀ ਗੱਲਾਂ ਹੋਈਆਂ। ਬਰਨਜ਼ ਨੇ ਦੇਖਿਆ ਕਿ ਰਣਜੀਤ ਸਿੰਘ ਬਹੁਤ ਹੀ ਸਿਆਣਾ ਰਾਜਾ ਹੈ ਤੇ ਉਸ ਨੂੰ ਆਪਣੇ ਰਾਜ ਦੀ ਹਰੇਕ ਗੱਲ ਦੀ ਜਾਣਕਾਰੀ ਹੈ। ਹਰ ਦਰਬਾਰੀ ਉਸ ਦੀ ਦਿਲੋਂ ਇੱਜ਼ਤ ਕਰਦਾ ਸੀ। ਉਹ ਸਜ਼ਾ ਦੇਣ ਵਿੱਚ ਬਹੁਤ ਹੀ ਸਖ਼ਤ ਸੀ ਪਰ ਉਸ ਨੇ ਕਦੇ ਵੀ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਸੀ। ਉਸ ਨੂੰ ਮੌਕੇ ਦਾ ਫ਼ਾਇਦਾ ਉਠਾਉਣਾ ਆਉਂਦਾ ਸੀ। ÒÒCunning and conciliation have been the two great weapons of his diplomacy". ਬਰਨਜ਼ ਨੇ ਸਵਾਲ ਕੀਤਾ ਕਿ ਉਹ ਹੋਰ ਕਿੰਨੇ ਸਮੇਂ ਲਈ ਰਾਜ ਕਰਨਗੇ, ਕਿਉਂਕਿ ਉਨ੍ਹਾਂ ਦੀ ਛਾਤੀ ਸੁੰਘੜ ਗਈ ਸੀ, ਕਮਰ ਝੁਕ ਗਈ ਸੀ ਤੇ ਬਹੁਤ ਹੀ ਕਮਜ਼ੋਰ ਹੋ ਗਏ ਸੀ। ਲੇਕਿਨ ਉਹ ਇਸ ਹਾਲਤ ਵਿੱਚ ਵੀ ਅੱਠ ਸਾਲ ਹੋਰ ਰਾਜ ਕਰ ਗਏ ਤੇ ਰੂਸ ਨੂੰ ਕਦੇ ਵੀ ਹਮਲਾ ਕਰਨ ਦਾ ਮੌਕਾ ਨਾ ਮਿਲਿਆ, ਜਿਸ ਕਰਕੇ ਅੰਗਰੇਜ਼ ਬਹੁਤ ਖ਼ੁਸ਼ ਸਨ।

ਅਖ਼ੀਰ ਵਿੱਚ ਅਗਸਤ 1831 ਵਿੱਚ ਬਰਨਜ਼ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਆਗਿਆ ਲਈ ਤੇ ਲੁਧਿਆਣੇ ਦੇ ਰਸਤੇ ਵਿੱਚੋਂ ਹੁੰਦਾ ਹੋਇਆ ਸ਼ਿਮਲੇ ਪਹੁੰਚ ਗਿਆ ਤੇ ਸ਼ਾਹੀ ਰਿਪੋਰਟ ਲਾਰਡ ਬੈਨਟਿਕ ਜਿਹੜਾ ਕਿ ਉਸ ਵੇਲੇ ਦਾ ਗਵਰਨਰ ਜਨਰਲ ਸੀ, ਨੂੰ ਦਿੱਤੀ।

## ਜਦੋਂ ਦਿਲ ਟੁੱਟਦਾ ਹੈ...

14. **ਪਾਲਤੂ ਜਾਨਵਰ ਨਾਲ ਸਮਾਂ ਬਿਤਾਉਣਾ** :- ਇੰਜ ਕਰਨ ਨਾਲ ਵੀ ਉਦਾਸੀ ਘਟਾਈ ਜਾ ਸਕਦੀ ਹੈ।

15. **ਕਿਸੇ ਦੀ ਮਦਦ ਕਰਨੀ** :- ਕਿਸੇ ਲੋੜਵੰਦ ਦੀ ਮਦਦ ਕਰਨ ਨਾਲ ਸਰੀਰ ਅੰਦਰ ਚੰਗੇ ਹਾਰਮੋਨਾਂ ਦਾ ਹੜ੍ਹ ਨਿਕਲ ਪੈਂਦਾ ਹੈ। ਇੰਜ ਕਰਦੇ ਰਹਿਣ ਨਾਲ ਪੁਰਾਣੀਆਂ ਮਾੜੀਆਂ ਯਾਦਾਂ ਖਿੰਡ-ਪੁੰਡ ਜਾਂਦੀਆਂ ਹਨ।

16. **ਕਿਸੇ ਹੋਰ ਦਾ ਦਿਲ ਨਾ ਤੋੜੋ**:- ਜਦੋਂ ਆਪ ਇਹ ਪੀੜ ਮਹਿਸੂਸ ਕਰ ਕੇ ਦੁਖੀ ਹੋ ਚੁੱਕੇ ਹੋਵੋ ਤਾਂ ਸੌਖਿਆਂ ਸਮਝ ਆ ਸਕਦੀ ਹੈ ਕਿ ਦੂਜੇ ਦਾ ਦਿਲ ਤੋੜਨ ਲੱਗਿਆਂ ਅਗਲੇ ਨੂੰ ਵੀ ਏਨਾ ਹੀ ਮਾੜਾ ਮਹਿਸੂਸ ਹੁੰਦਾ ਹੈ।

ਏਨੀ ਕੁ ਗੱਲ ਜੇ ਸਮਝ ਆ ਜਾਵੇ ਤਾਂ ਕੋਈ ਵੀ ਜਣਾ ਦੂਜੇ ਦਾ ਦਿਲ ਤੋੜਨ ਤੋਂ ਪਹਿਲਾਂ ਦਸ ਵਾਰ ਸੋਚੇਗਾ।

ਬਿਲਕੁਲ ਏਸੇ ਤਰ੍ਹਾਂ ਹੀ ਪਹਿਲਾ ਇਨਾਮ ਖੁੰਝਣਾ ਜਾਂ ਮੰਜ਼ਿਲ ਹਾਸਲ ਨਾ ਹੋਣ ਸਦਕਾ ਟੁੱਟੇ ਦਿਲ ਨੂੰ ਵੀ ਸਮਝਾਉਣ ਦੀ ਲੋੜ ਹੈ ਕਿ ਮਕੜੀ ਭਾਵੇਂ 20 ਵਾਰ ਡਿੱਗੇ, ਫਿਰ ਦੁਬਾਰਾ ਹਿੰਮਤ ਕਰ ਕੇ ਹੌਲੀ ਹੌਲੀ ਆਪਣਾ ਜਾਲਾ ਪੂਰਾ ਕਰ ਹੀ ਲੈਂਦੀ ਹੈ। ਉਸੇ ਹੀ ਤਰ੍ਹਾਂ ਇਕ ਹਾਰ ਅੱਗੇ ਗੋਡੇ ਟੇਕਣ ਦੀ ਲੋੜ ਨਹੀਂ ਹੁੰਦੀ, ਬਲਕਿ ਉੱਦਮ ਕਰ ਕੇ ਦੁੱਗਣੀ ਮਿਹਨਤ ਨਾਲ ਜੁਟ ਜਾਣਾ ਚਾਹੀਦਾ ਹੈ ਤਾਂ ਜੋ ਅਗਲੀ ਕੋਸ਼ਿਸ਼ ਵਿਚ ਸਫ਼ਲਤਾ ਹਾਸਲ ਕੀਤੀ ਜਾ ਸਕੇ। ਚੇਤੇ ਰਹੇ :- ਮਾਈਕਲ ਜੌਰਡਨ, ਜੋ ਅਮਰੀਕਾ ਦਾ ਚੋਟੀ ਦਾ ਬਾਸਕਟ ਬੌਲ ਖਿਡਾਰੀ ਹੈ, ਵੀ ਆਪਣੀ ਜ਼ਿੰਦਗੀ ਵਿਚ 9000 ਗੋਲ ਨਹੀਂ ਕਰ ਸਕਿਆ, 300 ਗੇਮਾਂ ਵਿਚ ਹਾਰ ਦਾ ਸਾਹਮਣਾ ਕੀਤਾ, 26 ਵਾਰ ਅਖ਼ੀਰੀ ਬੌਲ ਨਾਲ ਗੋਲ ਕਰਨੋਂ ਰਹਿ ਗਿਆ, ਪਰ ਫਿਰ ਵੀ ਉਸ ਨੇ ਹਿੰਮਤ ਨਹੀਂ ਹਾਰੀ ਤੇ ਦੁਨੀਆ ਭਰ ਵਿਚ ਆਪਣਾ ਲੋਹਾ ਮੰਨਵਾ ਲਿਆ।

## ਸੁਪਰੀਮ ਕੋਰਟ ਰਾਹੀਂ 'ਘੱਟ ਗਿਣਤੀਆਂ' ਦੇ ਅਧਿਕਾਰ ਕਤਲ ਕਰਨ ਦੀ ਤਿਆਰੀ

(1) ਭਾਸ਼ਾ, ਲਿਪੀ ਅਤੇ ਸੱਭਿਆਚਾਰ ਦੇ ਅਧਿਕਾਰਾਂ ਨੂੰ ਬਣਾਏ ਰੱਖਣਾ (29) ਸੰਵਿਧਾਨ ਨਿਰਧਾਰਿਤ ਕਰਦਾ ਹੈ ਕਿ ਭਾਰਤੀ ਖੇਤਰ ਦੇ ਕਿਸੇ ਵੀ ਇੱਕ ਹਿੱਸੇ ਵਿੱਚ ਰਹਿਣ ਵਾਲੇ ਨਾਗਰਿਕਾਂ ਦਾ ਇੱਕ ਵਰਗ ਜਿਨ੍ਹਾਂ ਦੀ ਵੱਖਰੀ ਭਾਸ਼ਾ, ਲਿਪੀ ਜਾਂ ਆਪਣਾ ਹੀ ਸੱਭਿਆਚਾਰ ਹੋਵੇ, ਇਸ ਨੂੰ ਬਣਾਏ ਰੱਖਣ ਦਾ ਅਧਿਕਾਰੀ ਹੈ। ਇਹ ਅਧਿਕਾਰ ਸੰਪੂਰਨ ਹੈ ਕਿਉਂਕਿ ਸੰਵਿਧਾਨ ਇਹ ਨਹੀ ਦਰਸਾਉਂਦਾ ਕਿ ਰਾਜ ਇਸ ਉਪਰ ਉਚਿੱਤ ਪਾਬੰਦੀਆਂ ਲਗਾ ਸਕਦਾ ਹੈ। ਇਸ ਅਧਿਕਾਰ ਦਾ ਮਕਸਦ ਹੈ ਘੱਟ-ਗਿਣਤੀਆਂ ਦੀ ਭਾਸ਼ਾ ਅਤੇ ਸੱਭਿਆਚਾਰ ਨੂੰ ਸਥਾਪਿਤ ਰੱਖਣਾ ਅਤੇ ਬਹੁਗਿਣਤੀ ਨੂੰ ਆਪਣੀ ਭਾਸ਼ਾ ਅਤੇ ਸੱਭਿਅਤਾ ਨੂੰ ਘੱਟ-ਗਿਣਤੀਆਂ ਉਪਰ ਠੋਸਣ ਤੋਂ ਰੋਕਣਾ।

(2) ਵਿਦਿਅਕ ਸੰਸਥਾਵਾਂ ਨੂੰ ਸਥਾਪਤ ਅਤੇ ਪ੍ਰਸ਼ਾਸਤ ਕਰਨ ਦਾ ਅਧਿਕਾਰ (ਅਨੁਛੇਦ 30): ਅਨੁਛੇਦ 30 ਅਧੀਨ, ਸੰਵਿਧਾਨ ਨਿਰਧਾਰਿਤ ਕਰਦਾ ਹੈ ਕਿ ਸਾਰੀਆਂ ਘੱਟ ਗਿਣਤੀਆਂ ਚਾਹੇ ਉਹ ਧਰਮ ਜਾਂ ਭਾਸ਼ਾ ਉਪਰ ਆਧਾਰਿਤ ਹਨ, ਆਪਣੀ ਮਰਜ਼ੀ ਦੀਆਂ ਸਿੱਖਿਅਕ ਸੰਸਥਾਵਾਂ ਨੂੰ ਸਥਾਪਤ ਕਰਨ ਅਤੇ ਪ੍ਰਕਾਸ਼ਿਤ ਕਰਨ ਦਾ ਅਧਿਕਾਰ ਰੱਖਦੀਆਂ ਹਨ। ਉਨ੍ਹਾਂ ਨੂੰ ਆਪਣੀਆਂ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਦਾਖਲ ਕਰਨ ਦਾ ਅਧਿਕਾਰ ਹੈ, ਆਪਣੀਆਂ ਹੀ ਪ੍ਰਸ਼ਾਸਕੀ ਸਭਾਵਾਂ ਅਤੇ ਆਪਣੀਆਂ ਹੀ ਸੰਬੰਧਿਤ ਹਦਾਇਤਾਂ ਨੂੰ ਪਾਲਣ ਕਰਨ ਦਾ ਅਧਿਕਾਰ ਹੈ। ਰਾਜ ਦੇ ਵਿਸ਼ਵ ਵਿਦਿਆਲੇ ਘੱਟਗਿਣਤੀ ਸੰਸਥਾਵਾਂ ਉਪਰ ਵਿਸ਼ੇਸ਼ ਸਿੱਖਿਆ ਦੇ ਕਿਸੇ ਵਿਸ਼ੇਸ਼ ਮਾਧਿਅਮ ਨੂੰ ਠੋਸ ਨਹੀਂ ਸਕਦੇ। ਇਸ ਤੋਂ ਅੱਗੇ ਵਿੱਦਿਅਕ ਸੰਸਥਾਵਾਂ ਨੂੰ ਅਨੁਦਾਨ ਸਹਾਇਤਾ ਦੇਣ ਸਮੇਂ ਰਾਜ ਘੱਟ-ਗਿਣਤੀ ਸੰਸਥਾਵਾਂ ਨਾਲ ਵਿਤਕਰਾ ਨਹੀਂ ਕਰ ਸਕਦਾ। ਰਾਜ ਵੱਲੋਂ ਸੰਸਥਾਵਾਂ ਦੇ ਘੱਟ-ਗਿਣਤੀ ਕਿਰਦਾਰ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਪਰ ਕੇਂਦਰ ਸਰਕਾਰ ਨੇ ਇਨ੍ਹਾਂ ਨਿਯਮਾਂ ਨੂੰ ਅਪਨਾਇਆ ਕਿੱਥੇ ਹੈ? ਜੋ ਘੱਟ ਗਿਣਤੀਆਂ ਨੂੰ ਅਧਿਕਾਰ ਮਿਲੇ ਹਨ, ਉਹ ਵੀ ਖੋਹ ਲੈਣਾ ਚਾਹੁੰਦੇ ਹਨ।

ਭਾਰਤ ਵਿਚ ਘੱਟਗਿਣਤੀਆਂ ਦਾ ਭਵਿੱਖ ਚਿੰਤਾਜਨਕ ਹੈ, ਕਿਉਂਕਿ ਨਾ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਕਦੇ ਇਨਸਾਫ ਦਿੱਤਾ ਜਾਂਦਾ ਹੈ ਤੇ ਨਾ ਹੀ ਬਹੁਗਿਣਤੀ ਭਾਈਚਾਰਾ ਉਨ੍ਹਾਂ ਨੂੰ ਕੋਈ ਮਹੱਤਤਾ ਦਿੰਦਾ ਹੈ। ਉਲਟਾ ਉਨ੍ਹਾਂ ਨੂੰ ਹਿੰਸਾ ਤੇ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਈਸਾਈ, ਨੰਨਾਂ ਨਾਲ ਬਲਾਤਕਾਰ,ਸਿੱਖਾਂ ਦੀ ਨਵੰਬਰ 84 ਦੀ ਨਸਲਕੁਸ਼ੀ, ਗੁਜਰਾਤ ਵਿਚ ਮੁਸਲਮਾਨ ਭਾਈਚਾਰੇ ਦੀ ਨਸਲਕੁਸ਼ੀ ਇਸ ਦੀਆਂ ਪ੍ਰਮੁੱਖ ਉਦਾਹਰਨਾਂ ਹਨ। ਹਾਲੇ ਤੱਕ ਅਦਾਲਤਾਂ ਨੇ ਵੀ ਇਨਸਾਫ ਨਹੀਂ ਦਿੱਤਾ ਅਤੇ ਦੋਸ਼ੀ ਦਨਦਨਾਉਂਦੇ ਫਿਰਦੇ ਭਾਰਤੀ ਜਮਹੂਰੀਅਤ ਤੇ ਕਾਨੂੰਨ ਦਾ ਮਖੌਲ ਉਡਾ ਰਹੇ ਹਨ।

ਘੱਟ ਗਿਣਤੀਆਂ ਭਾਰਤੀ ਰਾਜਨੀਤਕ ਪ੍ਰਣਾਲੀ ਵਿਚ ਬਰਾਬਰ ਦੀਆਂ ਭਾਈਵਾਲ ਬਣਨਾ ਚਾਹੁੰਦੀਆਂ ਹਨ ਅਤੇ ਇਸ ਗੱਲ ਨੂੰ ਮੁੱਖ ਰੱਖ ਕੇ ਦੇਸ਼ ਦੇ ਸਾਧਨਾਂ ਵਿਚ ਬਰਾਬਰ ਦਾ ਹੱਕ ਮੰਗਦੀਆਂ ਹਨ। ਪਰ ਬਹੁਗਿਣਤੀ ਭਾਈਚਾਰਾ ਘੱਟਗਿਣਤੀਆਂ ਨੂੰ ਹੱਕ ਦੇਣ ਲਈ ਤਿਆਰ ਨਹੀਂ। ਪੰਜਾਬ ਤੇ ਸਿੱਖਾਂ ਨਾਲ ਇਹੋ ਕੁਝ ਬੀਤਿਆ ਹੈ, ਆਰਥਿਕ ਤੌਰ ਤੇ ਅਧਿਕਾਰਾਂ ਪੱਖੋਂ ਪਛੜਿਆ ਗਿਆ ਹੈ। ਡੰਡੇ ਨਾਲ ਦਬਾਉਣ ਦੀ ਨੀਤੀ ਚੱਲ ਰਹੀ ਹੈ। 'ਤੇ ਅਤੇ ਹੁਣ ਕਸ਼ਮੀਰ ਵਿਚ ਮੁਸਲਮਾਨਾਂ ਨਾਲ ਵਾਪਰ ਰਿਹਾ ਹੈ। ਪਰ ਅਸਲ ਵਿਚ ਹੋ ਕੀ ਰਿਹਾ ਹੈ? ਪੈਰ ਪੈਰ 'ਤੇ ਘੱਟ ਗਿਣਤੀਆਂ ਨਾਲ ਦੁਰਵਿਹਾਰ ਕੀਤਾ ਜਾਂਦਾ ਹੈ ਅਤੇ ਬਹੁਗਿਣਤੀ ਉਨ੍ਹਾਂ ਨੂੰ ਉਹ ਅਧਿਕਾਰ ਨਹੀਂ ਦੇ ਰਹੀ ਜਿਹੜੇ ਲੈਣੇ ਉਨ੍ਹਾਂ ਦਾ ਹੱਕ ਬਣਦਾ ਹੈ। ਅੱਜ ਹਰ ਧਰਮ ਵਿਚ ਬਹੁਗਿਣਤੀ ਦਖ਼ਲ ਦੇ ਰਹੀ ਹੈ ਅਤੇ ਘੱਟ ਗਿਣਤੀਆਂ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦੀਆਂ।

ਹੁਣ ਜਿਹੜੀ ਤਾਜ਼ਾ ਪਟੀਸ਼ਨ ਸੁਪਰੀਮ ਕੋਰਟ ਵਿਚ ਪਾਈ ਗਈ ਹੈ, ਉਹ ਘੱਟ ਗਿਣਤੀਆਂ ਦੇ ਅਧਿਕਾਰ ਖੋਹਣ ਦੀ ਤਿਆਰੀ ਹੈ। ਕੀ ਭਾਰਤ ਇਕ ਹੈ? ਜੇ ਇੱਕ ਹੈ ਤਾਂ ਸੁਪਰੀਮ ਕੋਰਟ ਨੂੰ ਇਹ ਹੁਕਮ ਦੇਣ ਦੀ ਕੀ ਲੋੜ ਹੈ ਕਿ ਪ੍ਰਾਂਤਾਂ ਦੇ ਆਧਾਰ 'ਤੇ ਘੱਟ ਗਿਣਤੀ ਵਿਚਾਰੇ ਜਾਣ। ਸੁਪਰੀਮ ਕੋਰਟ ਨੇ ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ ਨੂੰ ਹੁਕਮ ਦਿੱਤੇ ਹਨ ਕਿ ਕੌਮੀ ਔਸਤ ਦੀ ਬਜਾਏ ਰਾਜਾਂ ਦੀ ਆਬਾਦੀ ਦੇ ਆਧਾਰ 'ਤੇ ਘੱਟ ਗਿਣਤੀ ਸ਼ਬਦ ਦੀ ਵਿਆਖਿਆ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ ਤਿੰਨ ਮਹੀਨਿਆਂ ਦੇ ਅੰਦਰ ਫ਼ੈਸਲਾ ਕਰ ਕੇ ਤੈਅ ਕੀਤਾ ਜਾਵੇ। ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਭਾਜਪਾ ਆਗੂ ਤੇ ਵਕੀਲ ਅਸ਼ਵਿਨੀ ਉਪਾਧਿਆਏ ਨੂੰ ਕਿਹਾ ਕਿ ਉਹ ਇਸ ਸਬੰਧੀ ਤਜਵੀਜ਼ ਦੁਬਾਰਾ ਘੱਟ ਗਿਣਤੀ ਪੈਨਲ ਕੋਲ ਦਾਖ਼ਲ ਕਰਨ ਤੇ ਘੱਟ ਗਿਣਤੀ ਕਮਿਸ਼ਨ 3 ਮਹੀਨੇ ਦੇ ਅੰਦਰ ਇਸ ਬਾਰੇ ਫ਼ੈਸਲਾ ਲਏ। ਘੱਟ ਗਿਣਤੀਆਂ ਦਾ ਫੈਸਲਾ ਤਾਂ ਪੂਰੇ ਦੇਸ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ। ਇਸ ਸੰਬੰਧੀ ਘੱਟ ਗਿਣਤੀ ਕੌਮਾਂ ਨੂੰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਲੋੜ ਇਸ ਗੱਲ ਦੀ ਹੈ ਕਿ ਘੱਟਗਿਣਤੀ ਭਾਈਚਾਰੇ ਦੇ ਲੋਕ ਸਿੱਖ, ਈਸਾਈ, ਮੁਸਲਮਾਨ ਇਕ ਮੰਚ 'ਤੇ ਇਕੱਠੇ ਹੋਣ ਅਤੇ ਆਪਣੀ ਰਾਜਨੀਤਕ ਪਾਰਟੀ ਉਸਾਰ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨ। ਇਸ ਸੰਬੰਧ ਵਿਚ ਉਨ੍ਹਾਂ ਨੂੰ ਦਲਿਤ ਪਾਰਟੀਆਂ ਤੇ ਆਗੂਆਂ ਨਾਲ ਸਾਂਝ ਸਥਾਪਤ ਕਰਨ ਦੀ ਲੋੜ ਹੈ ਤਾਂ ਕਿ ਹਿੰਦੂਤਵੀ ਪਾਰਟੀਆਂ ਦੇ ਫਾਸ਼ੀਵਾਦ ਨੂੰ ਠੱਲ੍ਹ ਪਾਈ ਜਾ ਸਕੇ ਅਤੇ ਆਪਣੇ ਹੱਕ ਲਏ ਜਾ ਸਕਣਗੇ।

## ਭਾਰਤ : ਭਗਵੇਂਵਾਦੀ ਗੁੰਡਿਆਂ ਦੀ ਕਸ਼ਮੀਰੀਆਂ ਖਿਲਾਫ਼ ਹਿੰਸਾ

ਅੰਗਾਂ ਦੀ ਝੂਠੀਆਂ ਤਸਵੀਰਾਂ ਦੇ ਨਾਲ-ਨਾਲ ਹਮਲੇ ਸਬੰਧੀ ਹੋਰ ਤਸਵੀਰਾਂ ਨੂੰ ਸਾਂਝਾ ਨਾ ਕਰਨ।

ਕਸ਼ਮੀਰੀ ਵਿਦਿਆਰਥੀ ਨਿਸ਼ਾਨੇ 'ਤੇ : ਟਾਈਮਜ਼ ਆਫ਼ ਇੰਡੀਆ ਦੀ ਖ਼ਬਰ ਮੁਤਾਬਕ ਉੱਤਰਾਖੰਡ ਦੀ ਰਾਜਧਾਨੀ ਦੇਹਰਾਦੂਨ ਵਿੱਚ ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੈਂਬਰਾਂ ਨੇ 12 ਕਸ਼ਮੀਰੀ ਵਿਦਿਆਰਥੀਆਂ ਦੀ ਮਾਰ-ਕੁੱਟ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਸ਼ਮੀਰ ਵਾਪਸ ਜਾਣ ਲਈ ਧਮਕਾਇਆ ਗਿਆ। ਬਿਹਾਰ ਦੀ ਰਾਜਧਾਨੀ ਪਟਨਾ ਦੇ ਬੋਧ ਮਾਰਗ ਦੇ ਕਸ਼ਮੀਰੀ ਬਾਜ਼ਾਰ ਵਿੱਚ ਕਸ਼ਮੀਰੀਆਂ 'ਤੇ ਹਮਲਾ ਕੀਤਾ ਗਿਆ ਅਤੇ ਦੁਕਾਨਾਂ ਬੰਦ ਕਰਵਾ ਦਿੱਤੀਆਂ ਗਈਆਂ। ਹਿੰਦੁਸਤਾਨ ਟਾਈਮਜ਼ ਦੀ ਖ਼ਬਰ ਮੁਤਾਬਕ ਦੇਹਰਾਦੂਨ ਵਿੱਚ ਭੀੜ ਨੇ ਕਸ਼ਮੀਰੀ ਕੁੜੀਆਂ ਦੇ ਹੋਸਟਲ ਤੇ ਹਮਲਾ ਕੀਤਾ ਤੇ ਅੰਬਾਲਾ ਦੇ ਇੱਕ ਪਿੰਡ ਦੀ ਪੰਚਾਇਤ ਨੇ ਪਿੰਡ ਦੇ ਪੀਜੀ ਵਾਲਿਆਂ ਨੂੰ ਕਿਹਾ ਹੈ ਕਿ ਕਸ਼ਮੀਰੀ ਵਿਦਿਆਰਥੀਆਂ ਨੂੰ ਕਮਰੇ ਖਾਲੀ ਕਰਨ ਲਈ ਕਿਹਾ ਜਾਵੇ। ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਭਾਰਤ ਦੇ ਗ੍ਰਹਿ ਮੰਤਰੀ ਨਾਲ ਇਸ ਸਿਲਸਿਲੇ ਵਿੱਚ ਮੁਲਾਕਾਤ ਕੀਤੀ। ਗ੍ਰਹਿ ਮੰਤਰਾਲੇ ਨੇ ਸਾਰੇ ਸੂਬਿਆਂ ਨੂੰ ਕਸ਼ਮੀਰੀਆਂ ਦੀ ਹਿਫ਼ਾਜ਼ਤ ਨੂੰ ਯਕੀਨੀ ਬਣਾਉਣ ਨੂੰ ਕਿਹਾ ਹੈ।

ਕਸ਼ਮੀਰੀ ਵਿਦਿਆਰਥੀ ਨੇ ਮੰਗੀ ਸਰਕਾਰ ਤੋਂ ਮਦਦ : ਦਿੱਲੀ ਦੀ ਜਵਾਹਰ ਲਾਲ ਯੂਨੀਵਰਸਿਟੀ ਦੇ ਵਿਦਿਆਰਥੀ ਸ਼ੇਹਲਾ ਰਾਸ਼ਿਦ ਮੁਤਾਬਕ ਪੂਰੇ ਦੇਸ਼ ਵਿੱਚ ਭੀੜ ਕਸ਼ਮੀਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ। ਦੇਹਰਾਦੂਨ, ਅੰਬਾਲਾ ਤੇ ਬੈਂਗਲੁਰੂ ਵਿਚ ਰਹਿੰਦੇ ਕਸ਼ਮੀਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਕਾਨ ਮਾਲਕਾਂ ਨੇ ਘਰ ਛੱਡ ਦੇਣ ਲਈ ਆਖ ਦਿਤਾ ਹੈ। ਕਸ਼ਮੀਰੀ ਵਿਦਿਆਰਥੀਆਂ ਨੂੰ ਭੀੜ ਵਲੋਂ ਉਨ੍ਹਾਂ ਨਾਲ ਕੁੱਟ-ਮਾਰ ਕਰਨ ਦੇ ਮਾਮਲੇ ਵੀ ਸਾਹਮਣੇ ਆਏ ਹਨ। ਮੋਹਾਲੀ ਵਿਚ ਵੱਡੀ ਗਿਣਤੀ ਵਿਚ ਕਸ਼ਮੀਰੀ ਵਿਦਿਆਰਥੀ ਇਕੱਠੇ ਹੋਏ ਤੇ ਉਨ੍ਹਾਂ ਨੇ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਕਸ਼ਮੀਰ ਵਾਪਸ ਜਾਣ ਦਾ ਪ੍ਰਬੰਧ ਕੀਤਾ ਜਾਵੇ।

ਕੈਪਟਨ ਸਰਕਾਰ ਵੱਲੋਂ ਭਰੋਸਾ : ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕਸ਼ਮੀਰੀ ਵਿਦਿਆਰਥੀਆਂ ਨੂੰ ਕੋਈ ਖ਼ਤਰਾ ਨਹੀਂ ਹੈ। ਪੰਜਾਬ ਵਿੱਚ ਕਸ਼ਮੀਰੀ ਨੌਜਵਾਨ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਸੂਬਾ ਸਰਕਾਰ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਏਗੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਪੁਲਿਸ ਨੂੰ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

ਕੈਪਟਨ ਨੇ ਦੱਸਿਆ ਕਿ ਪੰਜਾਬ ਵਿੱਚ ਰਹਿੰਦੇ 4,000 ਕਸ਼ਮੀਰੀ ਵਿਦਿਆਰਥੀਆਂ ਨੂੰ ਪੂਰੀ ਸੁਰੱਖਿਆ ਦਿੱਤੀ ਜਾਵੇਗੀ। ਕੁਝ ਇਸੇ ਤਰ੍ਹਾਂ ਦਾ ਸੁਨੇਹਾ ਦਿੱਲੀ ਦੇ ਪੁਲਿਸ ਕਮਿਸ਼ਨਰ ਤੇ ਦਿੱਲੀ ਦੇ ਮੰਤਰੀ ਨੇ ਵੀ ਜਾਰੀ ਕੀਤਾ ਹੈ।

**ਪੱਤਰਕਾਰ ਆਏ ਕਸ਼ਮੀਰੀਆਂ ਦੇ ਹੱਕ 'ਚ** : ਪੱਤਰਕਾਰ ਬਰਖ਼ਾ ਦੱਤ ਨੇ ਵੀ ਕਸ਼ਮੀਰੀਆਂ ਦੀ ਮਦਦ ਵਿੱਚ ਲਿਖਿਆ, "ਮਾਸੂਮ ਨਾਗਰਿਕਾਂ ਨੂੰ ਤੰਗ ਕਰਨ ਵਾਲੇ ਭਗਵੇਂਵਾਦੀ ਲੋਕ ਅੱਤਵਾਦੀਆਂ ਦੇ ਹਮਦਰਦ ਹਨ। ਉਹ ਉਹੀ ਕਰ ਰਹੇ ਹਨ ਜੋ ਜੈਸ਼ ਚਾਹੁੰਦਾ ਹੈ।" ਉਧਰ ਨਵੀਂ ਦਿੱਲੀ ਦੇ ਡੀਸੀਪੀ ਮਧੁਰ ਵਰਮਾ ਨੇ ਲਿਖਿਆ ਕਿ ਰਾਜਧਾਨੀ ਖੇਤਰ ਵਿੱਚ ਖ਼ਾਸ ਕਰਕੇ ਮੁਸਲਮਾਨਾਂ ਦੇ ਖੇਤਰਾਂ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ।

ਕਾਰਗਿਲ ਜੰਗ ਲੜਨ ਵਾਲੇ ਮੇਜਰ ਦੀਆਂ ਖਰੀਆਂ-ਖਰੀਆਂ : ਭਾਰਤੀ ਫੌਜ ਦੇ ਰਿਟਾਇਰਡ ਮੇਜਰ ਡੀਪੀ ਸਿੰਘ ਨੇ ਕਿਹਾ ਕੁਝ ਦਿਨ ਬਾਅਦ ਸਭ ਕੁਝ ਸਾਧਾਰਣ ਹੋ ਜਾਵੇਗਾ ਅਤੇ ਹੁਣ ਜਿਨ੍ਹਾਂ ਲੋਕਾਂ ਦੇ ਖ਼ੂਨ ਖੌਲ ਰਹੇ ਹਨ ਉਹ ਵੀ ਠੰਢੇ ਪੈ ਜਾਣਗੇ। ਸਿਆਸੀ ਪਾਰਟੀਆਂ, ਮੀਡੀਆ ਘਰਾਣਿਆਂ ਅਤੇ ਆਮ ਲੋਕਾਂ ਵਿਚਾਲੇ ਵੀ ਸਭ ਕੁਝ ਸਾਧਾਰਣ ਹੋ ਜਾਵੇਗਾ। ਜਿਨ੍ਹਾਂ ਨੇ ਆਪਣੀ ਜ਼ਿੰਦਗੀ ਗੁਆ ਦਿੱਤੀ ਉਨ੍ਹਾਂ ਦੇ ਪਰਿਵਾਰ ਦਾ ਦਰਦ ਕੋਈ ਨਹੀਂ ਸਮਝ ਸਕਦਾ।

ਟੀਵੀ ਐਂਕਰਜ਼ ਆਪਣੀ ਗੱਲ ਤੁਹਾਡੇ ਮੂੰਹ ਵਿੱਚ ਪਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਅਸੀਂ ਉਨ੍ਹਾਂ ਨਾਲ ਸਹਿਮਤ ਹੋ ਜਾਈਏ। ਉਨ੍ਹਾਂ ਦੇ ਹੀ ਸੁਰ ਵਿੱਚ ਕਈ ਭੋਲੇ ਲੋਕ ਚੀਕਣ ਲਗਦੇ ਹਨ ਅਤੇ ਬਕਵਾਸ ਗੱਲਾਂ 'ਤੇ ਸਹਿਮਤ ਹੋਣ ਲਗਦੇ ਹਨ। ਕੋਈ ਕਲਪਨਾ ਨਹੀਂ ਕਰ ਸਕਦਾ ਹੈ ਕਿ ਜਾਨ ਜਾਣ ਦਾ ਕੀ ਮਤਲਬ ਹੁੰਦਾ ਹੈ।

ਅਸੀਂ ਚਾਹੁੰਦੇ ਤਾਂ ਹਾਂ ਕਿ ਸੈਨਿਕ ਮਰ ਜਾਵੇ ਪਰ ਉਸ ਦੀ ਵਿਧਵਾ ਨੂੰ ਬਕਾਇਆ ਅਤੇ ਪੈਨਸ਼ਨ ਲਈ ਦਰ-ਦਰ ਭਟਕਣਾ ਪੈਂਦਾ ਹੈ। ਕੁਝ ਲੋਕਾਂ ਨੂੰ ਤਾਂ ਸਬੂਤ ਦੇਣਾ ਪੈਂਦਾ ਹੈ ਕਿ ਉਨ੍ਹਾਂ ਦਾ ਪਤੀ ਸ਼ਹੀਦ ਹੋਇਆ ਸੀ, ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਲਾਸ਼ ਨਹੀਂ ਮਿਲੀ ਪਹਿਲਾਂ ਤੁਸੀਂ ਲਾਸ਼ ਲਿਆਉ।

ਜ਼ਖ਼ਮੀ ਹਾਲਤ ਵਿੱਚ ਪੈਨਸ਼ਨ ਲਈ ਮੈਨੂੰ 7 ਸਾਲ ਦੀ ਲੜਾਈ ਲੜਨੀ ਪਈ ਅਤੇ ਸਾਬਿਤ ਕਰਨਾ ਪਿਆ ਕਿ ਮੈਂ ਜੰਗ ਵਿੱਚ ਜ਼ਖ਼ਮੀ ਹੋਇਆ ਸੀ। ਅਦਾਲਤਾਂ ਵਿਚ ਸੈਂਕੜੇ ਮਾਮਲੇ ਪੈਂਡਿੰਗ ਹਨ। ਆਪਣੇ ਕਾਰੋਬਾਰ ਨੂੰ ਚਮਕਾਉਣ ਲਈ ਐਂਕਰ ਤੇ ਮੀਡੀਆ ਲੋਕਾਂ ਦੀਆਂ ਭਾਵਨਾਵਾਂ ਨਾਲ ਨਾ ਖੇਡੇ। ਭਾਰਤੀ ਸੈਨਾ ਅਤੇ ਸੀਆਰਪੀਐਫ ਨੂੰ ਪਤਾ ਹੈ ਕਿ ਕੀ ਕਰਨਾ ਹੈ ਅਤੇ ਕਦੋਂ ਕਰਨਾ ਹੈ। ਅਤੀਤ ਵਿੱਚ ਸੈਨਾ ਨੇ ਖ਼ੁਦ ਨੂੰ ਦਿਖਾਇਆ ਹੈ, ਉਸ ਨੂੰ ਹਾਲਾਤ ਨਿਪਟਣਾ ਆਉਂਦਾ ਹੈ।

ਨਵਜੋਤ ਸਿੰਘ ਸਿੱਧੂ ਦੇ ਸ਼ਾਂਤੀ ਦੇ ਬਿਆਨ 'ਤੇ ਭੜਕੇ ਅੰਨ੍ਹੇ ਦੇਸ਼ਭਗਤ : ਪੁਲਵਾਮਾ ਹਮਲੇ ਤੋਂ ਬਾਅਦ ਜਿੱਥੇ ਸਭ ਪਾਸੇ ਨਫਰਤ ਦੀਆਂ ਗੱਲਾਂ ਹੋ ਰਹੀਆਂ ਹਨ ਉੱਥੇ ਕਸ਼ਮੀਰ ਮਸਲੇ ਨੂੰ ਗੱਲਬਾਤ ਨਾਲ ਹੱਲ ਕਰਨ ਅਤੇ ਸ਼ਾਂਤੀ ਦੀ ਗੱਲ ਕਰਨ ਵਾਲੇ ਪੰਜਾਬ ਦੇ ਕੇਂਦਰੀ ਮੰਤਰੀ ਨਵਜੋਤ ਸਿੰਘ ਸਿੱਧੂ ਖਿਲਾਫ ਭਾਰਤ ਵਿਚ ਇਕ ਵਰਗ ਨਫਰਤ ਫੈਲਾ ਰਿਹਾ ਹੈ। ਸਿੱਧੂ ਦਾ ਇਹ ਸ਼ਾਂਤੀ ਦਾ ਬਿਆਨ ਅੰਨ੍ਹੇ ਦੇਸ਼ਭਗਤਾਂ ਨੂੰ ਰਾਸ ਨਹੀਂ ਆਇਆ ਅਤੇ ਸਿੱਧੂ ਨੂੰ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਿੱਧੂ ਦੇ ਬਿਆਨ ਨੂੰ ਅਧਾਰ ਬਣਾ ਕੇ ਕਪਿਲ ਸ਼ਰਮਾ ਦੇ ਸ਼ੋਅ ਦੇ ਬਾਈਕਾਟ ਦਾ ਸੱਦਾ ਦਿੱਤਾ ਜਾ ਰਿਹਾ ਹੈ। ਪੁਲਵਾਮਾ ਹਮਲੇ ਤੋਂ ਬਾਅਦ ਸਿੱਧੂ ਨੇ ਕਿਹਾ ਸੀ ਕਿ ਇਸ ਹਮਲੇ ਦਾ ਦੋਸ਼ ਪੂਰੇ ਦੇਸ਼ ਜਾ ਫੇਰ ਕਿਸੇ ਪੂਰੀ ਕੌਮ ਨੂੰ ਨਹੀਂ ਦਿੱਤਾ ਜਾ ਸਕਦਾ। ਅਜਿਹਾ ਕਰਨਾ ਠੀਕ ਨਹੀਂ ਹੈ ਕਿਉਂਕਿ ਅੱਤਵਾਦ ਦਾ ਕੋਈ ਦੇਸ਼ ਨਹੀਂ ਹੁੰਦਾ। ਸਿੱਧੂ ਨੇ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਸੀ, "ਇਹ ਬਹੁਤ ਨਿੰਦਾਯੋਗ ਹੈ। ਜਿਸਨੇ ਵੀ ਇਸ ਨੂੰ ਅੰਜਾਮ ਦਿੱਤਾ, ਉਸਨੂੰ ਸਜ਼ਾ ਮਿਲਣੀ ਚਾਹੀਦੀ ਹੈ। ਸਾਨੂੰ ਇਸ ਸਮੇਂ ਚਿੰਤਨ ਕਰਨਾ ਚਾਹੀਦਾ ਹੈ ਅਤੇ ਗੱਲਬਾਤ ਰਾਹੀਂ ਹੱਲ ਕੱਢਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।"

ਜ਼ਿਕਰਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਕ੍ਰਿਕੇਟ ਦੀ ਸਾਂਝ ਕਾਰਨ ਬਹੁਤ ਨੇੜਤਾ ਹੈ ਜਿਸ ਕਾਰਨ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚਕਾਰ ਖੜੀ ਸਰਹੱਦ ਦੇ ਦਰਵਾਜ਼ੇ ਖੁੱਲ੍ਹਣ ਦੀ ਇਕ ਆਸ ਬੱਝੀ ਸੀ। ਨਵਜੋਤ ਸਿੰਘ ਸਿੱਧੂ ਦੇ ਇਮਰਾਨ ਖਾਨ ਦੇ ਸੌਂਹ ਚੁੱਕ ਸਮਾਗਮ 'ਤੇ ਜਾਣ ਮਗਰੋਂ ਕਰਤਾਰਪੁਰ ਦਾ ਲਾਂਘਾ ਖੁੱਲ੍ਹਣ ਦੀ ਗੱਲਬਾਤ ਤੇਜ਼ ਹੋਈ ਸੀ ਤੇ ਭਾਰਤ-ਪਾਕਿਸਤਾਨ ਇਸ ਲਾਂਘੇ ਨੂੰ ਖੋਲ੍ਹਣ ਲਈ ਤਿਆਰ ਵੀ ਹੋ ਗਏ ਹਨ।

ਪਰ ਪੁਲਵਾਮਾ ਹਮਲੇ ਤੋਂ ਬਾਅਦ ਜਿੱਥੇ ਸਿੱਧੂ ਨੂੰ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ ਉੱਥੇ ਸੋਸ਼ਲ ਮੀਡੀਆ 'ਤੇ ਇਹ ਵਰਗ ਕਰਤਾਰਪੁਰ ਲਾਂਘੇ ਖਿਲਾਫ ਵੀ ਇਕ ਮਾਹੌਲ ਸਿਰਜ ਰਿਹਾ ਹੈ ਤੇ ਪਾਕਿਸਤਾਨ ਨਾਲ ਹਰ ਤਰ੍ਹਾਂ ਦੀ ਸਾਂਝ ਖਤਮ ਕਰਨ ਦੀ ਗੱਲ ਕਰਕੇ ਕਰਤਾਰਪੁਰ ਲਾਂਘੇ ਤੋਂ ਭਾਰਤ ਸਰਕਾਰ ਨੂੰ ਪਿੱਛੇ ਹਟਣ ਲਈ ਕਿਹਾ ਜਾ ਰਿਹਾ ਹੈ।

## ਕਸ਼ਮੀਰੀਆਂ ਦੇ ਹੱਕ 'ਚ ਡਟੀ ਸਿੱਖ ਕੌਮ

ਨੇ ਵੀ ਆਪਣੇ ਘਰ ਕਸ਼ਮੀਰੀਆਂ ਲਈ ਖੋਲ੍ਹੇ ਹਨ। ਕੋਈ ਵੀ ਜਮਹੂਰੀਅਤ ਦਹਿਸ਼ਤਗਰਦੀ ਦਾ ਜਵਾਬ ਦਹਿਸ਼ਤਗਰਦੀ ਦੀ ਭਾਸ਼ਾ ਵਿਚ ਨਹੀਂ ਦੇ ਸਕਦੀ, ਇਹ ਜਵਾਬ ਸਾਂਝੀਵਾਲਤਾ ਦੀ ਭਾਸ਼ਾ ਵਿਚ ਹੀ ਹੋਣਾ ਚਾਹੀਦਾ ਹੈ। ਇਸੇ ਵਿਚ ਦੇਸ਼ ਅਤੇ ਮਨੁੱਖਤਾ ਦਾ ਭਲਾ ਹੈ।

**ਨਿਆਸਰਿਆਂ ਦਾ ਆਸਰਾ ਬਣੀ 'ਖਾਲਸਾ ਏਡ'** : ਪੁਲਵਾਮਾ ਹਮਲੇ ਮਗਰੋਂ ਦੇਸ਼ ਦੇ ਵੱਖ-ਵੱਖ ਹਿੱਸਿਆ ਵਿਚ ਬੈਠੇ ਕਸ਼ਮੀਰੀ ਲੋਕਾਂ ਦੀਆਂ ਮੁਸੀਬਤਾਂ ਵਧਦੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਵੀ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖ਼ਾਲਸਾ ਏਡ ਵਲੋਂ ਕਸ਼ਮੀਰੀਆਂ ਵਿਦਿਆਰਥੀਆਂ ਦਾ ਦੁੱਖ ਸਮਝਦੇ ਹੋਏ ਇਨ੍ਹਾਂ ਨੂੰ ਕਸ਼ਮੀਰ ਵਿਚ ਸਹੀ ਸਲਾਮਤ ਭੇਜਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਜਿਸ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਮੋਹਾਲੀ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਇਕੱਠਾ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਕਸ਼ਮੀਰ ਭੇਜ ਦਿਤਾ ਜਾਵੇਗਾ।

ਕਸ਼ਮੀਰੀ ਵਿਦਿਆਰਥੀਆਂ ਨੇ ਦੱਸਿਆ ਕਿ ਉਹ ਦੇਹਰਾਦੂਨ ਵਿਚ ਪੜ੍ਹਦੇ ਹਨ। ਪੁਲਵਾਮਾ ਹਮਲੇ ਤੋਂ ਬਾਅਦ ਉੱਥੇ ਉਨ੍ਹਾਂ ਦਾ ਰਹਿਣਾ ਮੁਸ਼ਕਿਲ ਹੋ ਗਿਆ ਸੀ। ਮਕਾਨ ਮਾਲਕਾਂ ਵਲੋਂ ਵੀ ਸਲਾਹ ਦਿਤੀ ਗਈ ਕਿ ਉਹ ਕਸ਼ਮੀਰ ਵਾਪਸ ਚਲੇ ਜਾਣ ਕਿਉਂਕਿ ਕੁਝ ਸ਼ਰਾਰਤੀ ਅਨਸਰ ਮਾਹੌਲ ਖ਼ਰਾਬ ਕਰਨ ਦੀ ਫ਼ਿਰਾਕ ਵਿਚ ਹਨ। ਪੁਲਿਸ ਪ੍ਰਸ਼ਾਸਨ ਵਲੋਂ ਵੀ ਉਨ੍ਹਾਂ ਦੀ ਮਦਦ ਕੀਤੀ ਗਈ ਅਤੇ ਉਨ੍ਹਾਂ ਨੂੰ ਪੂਰੀ ਸੁਰੱਖਿਆ ਮੁਹੱਈਆ ਕਰਵਾਈ ਗਈ।

ਉਨ੍ਹਾਂ ਦੱਸਿਆ ਕਿ ਉੱਥੋਂ ਦੇ ਸਥਾਨਕ ਲੋਕਾਂ ਵਲੋਂ ਉਨ੍ਹਾਂ ਦਾ ਪੁਲਵਾਮਾ ਹਮਲੇ ਮਗਰੋਂ ਕਈ ਵਾਰ ਵਿਰੋਧ ਵੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਕਸ਼ਮੀਰ ਵਾਪਸ ਚਲੇ ਜਾਣ ਲਈ ਧਮਕੀਆਂ ਵੀ ਦਿਤੀਆਂ ਗਈਆਂ। ਇਸ ਦੌਰਾਨ ਕੁਝ ਕਸ਼ਮੀਰੀ ਵਿਦਿਆਰਥੀਆਂ ਨਾਲ ਕੁੱਟ-ਮਾਰ ਵੀ ਕੀਤੀ ਗਈ ਜਿਸ ਕਰਕੇ ਉਨ੍ਹਾਂ ਦੇ ਅੰਦਰ ਵੀ ਡਰ ਬੈਠ ਗਿਆ ਅਤੇ ਉਹ ਅਪਣੀ ਜਾਨ ਬਚਾਉਣ ਲਈ ਇੱਥੇ ਪਹੁੰਚੇ। ਵਿਦਿਆਰਥੀਆਂ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਦੇਹਰਾਦੂਨ ਵਿਚ ਪੜ੍ਹਾਈ ਕਰ ਰਹੇ ਹਨ ਪਰ ਪਹਿਲਾਂ ਕਦੀ ਵੀ ਉਨ੍ਹਾਂ ਨਾਲ ਅਜਿਹਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜਿਹੜੇ ਜਵਾਨ ਪੁਲਵਾਮਾ ਹਮਲੇ ਵਿਚ ਸ਼ਹੀਦ ਹੋਏ ਹਨ, ਉਨ੍ਹਾਂ ਦਾ ਉਨ੍ਹਾਂ ਨੂੰ ਵੀ ਉਨਾ ਹੀ ਅਫ਼ਸੋਸ ਹੈ ਜਿੰਨਾ ਕਿ ਇਕ ਭਾਰਤੀ ਨੂੰ ਹੋਣਾ ਚਾਹੀਦਾ ਹੈ ਪਰ ਸਾਡੇ ਲਈ ਅਸੁਰੱਖਿਅਤ ਮਾਹੌਲ ਦਾ ਸਿਰਜਿਆ ਜਾਣਾ ਇਹ ਸਭ ਮਾੜੀ ਸਿਆਸਤ ਦਾ ਸੰਕੇਤ ਹੈ।ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਆਮ ਜਨਤਾ ਤੋਂ ਕਿਸੇ ਪ੍ਰਕਾਰ ਦੀ ਕੋਈ ਤਕਲੀਫ਼ ਨਹੀਂ ਹੈ ਅਤੇ ਉਹ ਪਿਛਲੇ ਲੰਮੇ ਸਮੇਂ ਤੋਂ ਸੁਤੰਤਰਤਾ ਪੂਰਵਕ ਅਪਣੀ ਪੜ੍ਹਾਈ ਕਰ ਰਹੇ ਸਨ। ਗੱਲਬਾਤ ਦੌਰਾਨ ਵਿਦਿਆਰਥੀਆਂ ਨੇ ਦੱਸਿਆ ਖ਼ਾਲਸਾ ਏਡ ਵਲੋਂ ਉਨ੍ਹਾਂ ਨੂੰ ਹਰ ਇਕ ਸੁਵਿਧਾ ਮੁਹੱਈਆ ਕਰਵਾਈ ਜਾ ਰਹੀ ਹੈ। ਵਿਦਿਆਰਥੀਆਂ ਨੇ ਖ਼ਾਲਸਾ ਏਡ ਦਾ ਸ਼ੁਕਰਾਨਾ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੀ ਪੂਰੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ ਅਤੇ ਉਹ ਹੁਣ ਪੂਰੀ ਤਰ੍ਹਾਂ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰ ਰਹੇ ਹਨ। ਹੁਣ ਉਨ੍ਹਾਂ ਨੂੰ ਇਕ ਉਮੀਦ ਜਾਗੀ ਹੈ ਕਿ ਉਹ ਜਲਦੀ ਹੀ ਅਪਣੇ ਘਰਾਂ ਨੂੰ ਪਰਤ ਸਕਣਗੇ।

## ਪੰਜਾਬ ਸਿਰ 2.12 ਲੱਖ ਕਰੋੜ ਦਾ ਕਰਜ਼ਾ

ਵਿਚ 5 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ 1 ਰੁਪਏ ਪ੍ਰਤੀ ਲੀਟਰ ਕਟੌਤੀ ਕਰਨ ਤੇ ਖੇਤੀਬਾੜੀ ਅਤੇ ਸੰਬੰਧਤ ਖੇਤਰਾਂ ਦਾ ਬਜਟ ਵਧਾ ਕੇ 13643 ਕਰੋੜ ਰੁਪਏ ਕਰ ਦਿੱਤਾ ਹੈ। ਸਾਲ 2019-20 ਲਈ ਕੁੱਲ ਬਜਟ 1,58,493 ਕਰੋੜ ਰੁਪਏ ਦਾ ਹੈ ਪ੍ਰੰਤੂ ਚਾਲੂ ਸਾਲ ਲਈ ਉਪਾਅ ਅਤੇ ਸਾਧਨ ਲੈਣ ਦੇਣ ਲਈ 32000 ਕਰੋੜ ਰੁਪਏ ਦਾ ਬਜਟ ਉਪਬੰਧ ਕਰਨ ਤੋਂ ਬਾਅਦ ਵਾਸਤਵਿਕ ਬਜਟ 1,26,493 ਕਰੋੜ ਰੁਪਏ ਹੈ।

ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਬਜਟ ਪੇਸ਼ ਕਰਨ ਦੌਰਾਨ ਦੱਸਿਆ ਕਿ ਸਾਲ 2019-20 ਲਈ ਪੇਸ਼ ਕੀਤੇ ਇਸ ਬਜਟ ਵਿਚ ਕਿਸਾਨਾਂ ਨੂੰ ਮੁਫ਼ਤ ਬਿਜਲੀ ਲਈ 8969 ਕਰੋੜ ਰੁਪਏ ਕਿਸਾਨ, ਭੂਮੀਹੀਣ ਖੇਤੀਕਾਮਿਆਂ ਦਾ ਕਰਜ਼ ਮਾਫੀ ਲਈ 3000 ਕਰੋੜ ਰੁਪਏ, ਕੌਮੀ ਕ੍ਰਿਸ਼ੀ ਵਿਕਾਸ ਯੋਜਨਾ ਲਈ 200 ਕਰੋੜ ਰੁਪਏ, ਫਸਲਾਂ ਦੀ ਰਹਿੰਦ ਖੂੰਹਦ ਲਈ 375 ਕਰੋੜ ਰੁਪਏ, ਗੰਨਾ ਉਤਪਾਦਕਾਂ ਦੀ ਮਦਦ ਲਈ 355 ਕਰੋੜ ਰੁਪਏ, ਖੇਤੀਬਾੜੀ ਵਿਭਿੰਨਤਾ (ਬਾਗਵਾਨੀ) ਲਈ 60.40 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਨੈਸ਼ਨਲ ਹੈਲਥ ਮਿਸ਼ਨ ਲਈ 978 ਕਰੋੜ ਰੁਪਏ, ਪੇਂਡੂ ਵਿਕਾਸ ਲਈ 4109 ਕਰੋੜ ਰੁਪਏ, ਸਮਾਰਟ ਵਿਲੇਜ਼ ਮੁਹਿੰਮ ਲਈ 2600 ਕਰੋੜ ਰੁਪਏ, ਮਨਰੇਗਾ ਸਕੀਮ ਲਈ 500 ਕਰੋੜ ਰੁਪਏ, ਸਮੂਹਿਕ ਬਾਲ ਵਿਕਾਸ ਯੋਜਨਾ ਲਈ 737 ਕਰੋੜ ਰੁਪਏ, ਸਮਾਜਿਕ ਸੁਰੱਖਿਆ ਅਤੇ ਬਾਲ ਵਿਕਾਸ ਲਈ 2835 ਕਰੋੜ ਰੁਪਏ, ਕਰਤਾਰਪੁਰ ਲਾਂਘੇ ਲਈ 300 ਕਰੋੜ ਰੁਪਏ, ਡੇਰਾ ਬਾਬਾ ਨਾਨਕ ਅਥਾਰਟੀ ਲਈ 300 ਕਰੋੜ ਰੁਪਏ, ਵਜ਼ੀਫਾ ਯੋਜਨਾਵਾਂ ਲਈ 938.71 ਕਰੋੜ ਰੁਪਏ, ਮੰਡੀਆਂ ਦੀ ਬਿਹਤਰੀ ਲਈ 750 ਕਰੋੜ ਰੁਪਏ, ਉਦਯੋਗਾਂ ਲਈ ਰਿਆਇਤੀ ਬਿਜਲੀ ਲਈ 1513 ਕਰੋੜ ਰੁਪਏ, ਅਸ਼ੀਰਵਾਦ ਸਕੀਮ ਲਈ 100 ਕਰੋੜ ਰੁਪਏ, ਪੈਨਸ਼ਨਾਂ ਲਈ 750 ਕਰੋੜ ਰੁਪਏ, ਸਾਬਕਾ ਫੌਜੀਆਂ ਦੇ ਪਰਿਵਾਰਾਂ ਦੀ ਭਲਾਈ ਲਈ 98.31 ਕਰੋੜ ਰੁਪਏ, ਸਮਾਰਟ ਸਕੂਲਾਂ ਦੀ ਹੋਰ ਸਥਾਪਨਾ ਲਈ 25 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

ਇਸ ਦੇ ਨਾਲ ਹੀ ਹੁਸ਼ਿਆਰਪੁਰ, ਫਾਜਿਲਕਾ ਅਤੇ ਅੰਮ੍ਰਿਤਸਰ ਵਿਚ ਕੈਂਸਰ ਕੇਂਦਰ ਬਣਾਉਣ ਦਾ ਐਲਾਨ ਕੀਤਾ ਗਿਆ ਹੈ ਅਤੇ ਇਸਦੇ ਪਹਿਲੇ ਫੇਜ਼ ਲਈ 60 ਕਰੋੜ ਰੁਪਏ ਰੱਖੇ ਗਏ ਹਨ। ਮੁਹਾਲੀ ਵਿਖੇ ਸਥਾਪਿਤ ਕੀਤੇ ਜਾ ਰਹੇ ਸਰਕਾਰੀ ਮੈਡੀਕਲ ਕਾਲਜ ਲਈ 60 ਕਰੋੜ ਰੁਪਏ ਰੱਖੇ ਗਏ ਹਨ ਜਦ ਕਿ ਪੀਪੀਪੀ. ਵਿਧੀ ਦੇ ਅੰਤਰਗਤ ਗੁਰਦਾਸਪੁਰ, ਪਠਾਨਕੋਟ ਅਤੇ ਸੰਗਰੂਰ ਜ਼ਿਲਿਆਂ ਵਿਚ ਨਵੇਂ ਮੈਡੀਕਲ ਕਾਲਜ ਸਥਾਪਿਤ ਕੀਤੇ ਜਾਣਗੇ। ਕੇਂਦਰ ਵੱਲੋਂ ਸਮਾਰਟ ਸ਼ਹਿਰ ਉਸਾਰਣ ਦੀ ਤਰਜ 'ਤੇ ਸਮਾਰਟ ਪਿੰਡ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਦਾ ਐਲਾਨ ਕਰਦਿਆਂ ਖਜ਼ਾਨਾ ਮੰਤਰੀ ਨੇ ਵਿਧਾਨ ਸਭਾ 'ਚ ਕਿਹਾ ਕਿ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਲਈ ਬੁਨਿਆਦੀ ਢਾਂਚੇ ਦਾ ਪੱਧਰ ਸ਼ਹਿਰਾਂ ਵਿਚ ਰਹਿਣ ਵਾਲਿਆਂ ਨਾਲੋਂ ਪੱਛੜਿਆ ਹੈ ਅਤੇ ਹਰ ਵਧਦੇ ਵਰੇ ਨਾਲ ਇਹ ਦਿਹਾਤੀ-ਸ਼ਹਿਰੀ ਵਕਫ਼ਾ ਵਧਦਾ ਜਾ ਰਿਹਾ ਹੈ। ਅਸੀਂ ਪੇਂਡੂ ਖੇਤਰਾਂ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰ ਕੇ ਅਤੇ ਬਿਹਤਰ ਸੁਵਿਧਾਵਾਂ ਮੁਹੱਈਆ ਕਰਕੇ ਇਸ ਵਕਫ਼ੇ ਨੂੰ ਘਟਾਉਣ ਦੀ ਇੱਛਾ ਰੱਖਦੇ ਹਾਂ। ਇਸ ਮੰਤਵ ਲਈ ਇਸ ਸਾਲ ਦੌਰਾਨ ਕਰਵਰਜੈਂਸ ਕਰਕੇ 2600 ਕਰੋੜ ਰੁਪਏ ਦੀ ਰਕਮ ਨਾਲ ਨਵੀਂ ਸਕੀਮ 'ਸਮਾਰਟ ਪਿੰਡ ਮੁਹਿੰਮ' ( ਸਮਾਰਟ ਵਿਲੇਜ਼ ਕੈਂਪੇਨ) ਲਾਗੂ ਕੀਤੀ ਜਾਵੇਗੀ। ਉਨਾਂ ਕਿਹਾ ਕਿ ਅਜਿਹੀਆਂ ਪੰਚਾਇਤਾਂ ਜਿਹੜੀਆਂ ਸਮਾਰਟ ਵਿਲੇਜ਼ ਕੈਂਪੇਨ ਵਿਚ ਅੱਛਾ ਕੰਮ ਕਰਨਗੀਆਂ ਉਨਾਂ ਨੂੰ ਪੁਰਸਕਾਰ ਵੀ ਦਿੱਤਾ ਜਾਵੇਗਾ। ਇਸ ਮੰਤਵ ਲਈ ਸਾਲ 2019-20 ਵਿਚ 5 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਇਸ ਦੇ ਨਾਲ ਹੀ ਸਰਕਾਰ ਵੱਲੋਂ ਸਕੂਲੀ ਸਿੱਖਿਆ ਵਿਚ ਸੁਧਾਰ ਕਰਨ ਦਾ ਵਾਅਦਾ ਕਰਦੇ ਹੋਏ ਐਲਾਨ ਕੀਤਾ ਕਿ ਆਗਾਮੀ ਸੈਸ਼ਨ 'ਚ ਸੂਬੇ ਭਰ ਵਿਚ 2010 ਅੰਗ੍ਰੇਜ਼ੀ ਮੀਡੀਅਮ ਸਕੂਲ ਖੋਲਣ ਦੀ ਤਜਵੀਜ਼ ਹੈ।

ਖਜਾਨਾ ਮੰਤਰੀ ਨੇ ਪਟਿਆਲਾ ਵਿਖੇ ਓਪਨ ਯੂਨੀਵਰਸਿਟੀ ਬਣਾਉਣ ਦਾ ਐਲਾਨ ਕਰਦੇ ਹੋਏ 5 ਕਰੋੜ ਰੁਪਏ ਦੀ ਤਜਵੀਜ਼ ਰੱਖੀ ਹੈ। ਇਸ ਦੇ ਨਾਲ ਹੀ ਸਰਕਾਰ ਵੱਲੋਂ ਰਾਜ ਵਿਚ 15 ਨਵੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਸਥਾਪਿਤ ਕੀਤੀਆਂ ਜਾਣਗੀਆਂ ਜਿਨ੍ਹਾਂ ਵਿਚ ਰਾਮਪੁਰਾ ਫੂਲ, ਰਾਏਕੋਟ, ਫਤਹਿਗੜ੍ਹ ਸਾਹਿਬ, ਬਸੀ ਪਠਾਣਾਂ, ਫਾਜ਼ਿਲਕਾ, ਫਿਰੋਜ਼ਪੁਰ, ਸ਼ੁਤਰਾਣਾ, ਅਮਰਗੜ੍ਹ, ਤਰਨਤਾਰਨ ਸ਼ਾਮਲ ਹੋਣਗੇ। ਇਸ ਮਕਸਦ ਨੂੰ ਸ਼ੁਰੂ ਕਰਨ ਲਈ 15 ਕਰੋੜ ਰੁਪਏ ਦਿੱਤੇ ਜਾਣਗੇ। ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਨੂੰ ਸਮਾਰਟ ਸਿਟੀਜ਼ ਦੇ ਰੂਪ ਵਿਚ ਵਿਕਸਿਤ ਕਰਨ ਲਈ ਸਾਲ 2019-20 ਵਿਚ 296 ਕਰੋੜ ਰੁਪਏ ਦੀ ਤਜਵੀਜ਼ ਰੱਖੀ ਹੈ। ਇਸ ਸਾਲ ਮੋਰਿੰਡਾ ਸ਼ਹਿਰ, ਤਰਨਤਾਰਨ, ਸਰਹਿੰਦ ਅਤੇ ਮੰਡੀ ਗੋਬਿੰਦਗੜ ਵਿਖੇ ਵੀ ਰੇਲ ਅੰਡਰ ਬਰਿੱਜ, ਦੀਨਾਨਗਰ ਨੇੜੇ ਗੱਦੀ ਨਾਲਾ, ਪਠਾਨਕੋਟ ਵਿਖੇ ਨਲਵਾ ਨਾਲਾ ਉਪਰ ਉੱਚ ਪੱਧਰੀ ਪੁਲਾਂ , ਐੱਸ.ਏ.ਐੱਸ. ਨਗਰ ਦੇ ਪਿੰਡ ਲੇਹਲੀ, ਰਤਨਗੜ੍ਹ ਅਤੇ ਜਲੰਧਰ-ਹੁਸ਼ਿਆਰਪੁਰ ਲਾਈਨ ਉੱਤੇ ਰੋਡ ਓਵਰ ਬਰਿੱਜ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਨਵੇਂ ਬਜਟ ਵਿਚ ਸਰਕਾਰ ਵੱਲੋਂ ਸਾਲ 2019-20 ਦੌਰਾਨ 100 ਨਵੀਆਂ ਬੱਸਾਂ ਚਲਾਉਣ ਦਾ ਐਲਾਨ ਕੀਤਾ ਗਿਆ ਹੈ। ਸੂਬੇ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ 2000 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ।

ਇਸ ਦੇ ਨਾਲ ਹੀ ਸਰਕਾਰ ਵੱਲੋਂ ਅਪੰਗਤਾ ਵਾਲੇ ਬੱਚਿਆਂ ਵਸਤੇ ਲੁਧਿਆਣਾ ਵਿਖੇ 12ਵੀਂ ਜਮਾਤ ਤਕ ਦਾ ਸਕੂਲ ਸਥਾਪਿਤ ਕਰਨ ਦਾ ਐਲਾਨ ਕੀਤਾ ਗਿਆ ਜਿਸ ਲਈ 15 ਕਰੋੜ ਰੁਪਏ ਦੇ ਫੰਡ ਮੁਹੱਈਆ ਕਰਾਉਣ ਦੀ ਗੱਲ ਕਹੀ ਗਈ ਹੈ। ਜੰਮੂ ਕਸ਼ਮੀਰ ਸਰਕਾਰ ਦੀ ਦਖ਼ਲਅੰਦਾਜ਼ੀ ਕਾਰਨ ਲੰਮੇ ਸਮੇਂ ਤੋਂ ਲਟਕੇ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਦੇ ਕਾਰਜ ਨੂੰ ਹੁਣ ਦਸੰਬਰ, 2018 ਤੋਂ ਮੁੜ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰਾਜੈਕਟ ਲਈ ਸਾਲ 2019-20 ਦੌਰਾਨ 207 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਖਜਾਨਾ ਮੰਤਰੀ ਨੇ ਕਿਹਾ ਕਿ ਸਰਕਾਰ ਸਾਰੇ ਸਰਕਾਰੀ ਸਕੂਲਾਂ, ਕਾਲਜਾਂ ਅਤੇ ਹੋਰ ਜਨਤਕ ਥਾਵਾਂ ਤੇ ਸੀਸੀਟੀਵੀ. ਨਿਗਰਾਨੀ ਪ੍ਰਣਾਲੀ ਰਾਜ ਵਿਚ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਏਗੀ। ਸਾਲ 2019-20 ਦੌਰਾਨ ਅੰਮ੍ਰਿਤਸਰ, ਫਾਜ਼ਿਲਕਾ, ਫਿਰੋਜ਼ਪੁਰ, ਤਰਨਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਦੇ 6 ਸਰਹੱਦੀ ਜ਼ਿਲਿਆਂ ਦੇ ਕਿਸਾਨਾਂ ਨੂੰ 10,000 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਮੁਆਵਜ਼ਾ ਦੇਣ ਲਈ 19.47 ਕਰੋੜ ਰੁਪਏ ਦੀ ਰਕਮ ਵੀ ਰਾਖਵੀਂ ਕੀਤੀ ਜਾ ਰਹੀ ਹੈ। ਬਜਟ ਪੇਸ਼ ਕਰਨ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਖਜ਼ਾਨਾ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਇਸ ਸਰਕਾਰ ਨੇ ਵਿੱਤੀ ਸੰਕਟ ਵਿਰਾਸਤ ਵਿਚ ਮਿਲਿਆਂ ਪਰ ਇਹ ਸਰਕਾਰ ਆਪਣੀਆਂ ਚੰਗੀਆਂ ਨੀਤੀਆਂ ਅਤੇ ਹੋਰ ਵਸੀਲਿਆਂ ਰਾਹੀਂ ਆਉਂਦੇ ਸਮੇਂ ਦੌਰਾਨ ਪੈਰਾਂ ਉਤੇ ਹੋ ਜਾਵੇਗੀ।

## ਉਮਰਾਨੰਗਲ ਤੋਂ ਬਾਅਦ ਆਏਗੀ ਸੁਖਬੀਰ ਤੇ ਸੈਣੀ ਦੀ ਵਾਰੀ ?

ਪੁਲੀਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਉਮਰਾਨੰਗਲ ਨੂੰ ਕੋਟਕਪੂਰਾ ਗੋਲੀ ਕਾਂਡ ਨਾਲ ਸਬੰਧਤ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਆਈਜੀ ਰੈਂਕ ਦੇ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਹੇਠਲੀ ਟੀਮ ਨੇ ਇਸ ਵਿਵਾਦਤ ਪੁਲੀਸ ਅਧਿਕਾਰੀ ਨੂੰ ਚੰਡੀਗੜ੍ਹ ਦੇ ਸੈਕਟਰ-9 ਵਿਚਲੇ ਪੁਲੀਸ ਹੈੱਡਕੁਆਰਟਰ ਦੀ ਇਮਾਰਤ 'ਚੋਂ ਹਿਰਾਸਤ ਵਿਚ ਲਿਆ। ਉਮਰਾਨੰਗਲ ਨੂੰ ਹਿਰਾਸਤ 'ਚ ਲੈਣ ਤੋਂ ਬਾਅਦ ਐੱਸਆਈਟੀ ਉਸ ਨੂੰ ਫ਼ਰੀਦਕੋਟ ਲੈ ਗਈ ਤੇ ਫ਼ਰੀਦਕੋਟ ਦੀ ਅਦਾਲਤ ਨੇ ਉਸ ਦਾ ਚਾਰ ਦਿਨ ਦਾ ਪੁਲੀਸ ਰਿਮਾਂਡ ਦਿੱਤਾ। ਜ਼ਿਕਰਯੋਗ ਹੈ ਕਿ ਕੈਪਟਨ ਸਰਕਾਰ ਨੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ 'ਤੇ ਆਧਾਰਿਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਤੇ ਅਕਤੂਬਰ 2014 ਦੌਰਾਨ ਵਾਪਰੇ ਕੋਟਕਪੂਰਾ ਗੋਲੀ ਕਾਂਡ ਦੇ ਸਬੰਧ ਵਿਚ 7 ਅਗਸਤ 2018 ਨੂੰ ਕੋਟਕਪੂਰਾ ਥਾਣੇ ਵਿੱਚ ਕੇਸ ਦਰਜ ਕੀਤਾ ਸੀ। ਐੱਸਆਈਟੀ ਵੱਲੋਂ ਉਮਰਾਨੰਗਲ ਨੂੰ ਗ੍ਰਿਫ਼ਤਾਰ ਕਰਨਾ ਗੋਲੀ ਕਾਂਡ ਮਾਮਲੇ ਵਿਚ ਹੁਣ ਤਕ ਦੀ ਸਭ ਤੋਂ ਵੱਡੀ ਕਾਰਵਾਈ ਮੰਨੀ ਜਾ ਰਹੀ ਹੈ। ਐੱਸਆਈਟੀ ਨਾਲ ਜੁੜੇ ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ ਹਰੀ ਝੰਡੀ ਦੇ ਦਿੱਤੀ ਤਾਂ ਉਮਰਾਨੰਗਲ ਤੋਂ ਕੀਤੀ ਜਾਣ ਵਾਲੀ ਤਫ਼ਤੀਸ਼ ਦੇ ਆਧਾਰ 'ਤੇ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਡੀਜੀਪੀ ਨੂੰ ਵੀ ਪੁੱਛਗਿੱਛ ਲਈ ਤਲਬ ਕੀਤਾ ਜਾ ਸਕਦਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਏਡੀਜੀਪੀ ਜਤਿੰਦਰ ਕੁਮਾਰ ਜੈਨ ਅਤੇ ਉਮਰਾਨੰਗਲ ਦਰਮਿਆਨ ਲੰਘੀ 12 ਫਰਵਰੀ ਨੂੰ ਪੁੱਛਗਿੱਛ ਮੌਕੇ ਕਾਫ਼ੀ ਬਹਿਸ ਵੀ ਹੋਈ ਸੀ। ਐੱਸਆਈਟੀ ਦੇ ਇੱਕ ਸੀਨੀਅਰ ਮੈਂਬਰ ਨੇ ਇਹ ਵੀ ਦੋਸ਼ ਲਾਇਆ ਕਿ ਉਮਰਾਨੰਗਲ ਵੱਲੋਂ ਤਫ਼ਤੀਸ਼ ਵਿਚ ਸਹਿਯੋਗ ਨਹੀਂ ਸੀ ਦਿੱਤਾ ਜਾ ਰਿਹਾ ਜਿਸ ਕਰਕੇ ਹਿਰਾਸਤੀ ਪੁੱਛਗਿੱਛ ਲਈ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਕੀਤੀ ਗਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕੁੱਝ ਦਿਨ ਪਹਿਲਾਂ ਹੀ ਗੋਲੀ ਕਾਂਡ ਨਾਲ ਸਬੰਧਤ ਮਾਮਲਿਆਂ ਵਿੱਚ ਐੱਸਪੀ ਬਿਕਰਮਜੀਤ ਸਿੰਘ ਅਤੇ ਇੰਸਪੈਕਟਰ ਪ੍ਰਦੀਪ ਸਿੰਘ ਦੀ ਗ੍ਰਿਫ਼ਤਾਰੀ 'ਤੇ ਰੋਕ ਲਗਾ ਦਿੱਤੀ ਗਈ ਸੀ। ਸੂਤਰਾਂ ਦਾ ਦੱਸਣਾ ਹੈ ਕਿ ਉਮਰਾਨੰਗਲ ਵੱਲੋਂ ਵੀ ਗ੍ਰਿਫ਼ਤਾਰੀ ਤੋਂ ਬਚਣ ਲਈ ਹਾਈ ਕੋਰਟ ਤਕ ਪਹੁੰਚ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ।

**ਵਿਵਾਦਾਂ ਵਿਚ ਘਿਰਿਆ ਰਿਹਾ ਉਮਰਾਨੰਗਲ** : ਉਮਰਾਨੰਗਲ ਕਾਫ਼ੀ ਲੰਮੇ ਸਮੇਂ ਤੋਂ ਵਿਵਾਦਾਂ ਵਿਚ ਹੀ ਰਹੇ ਹਨ। 1995 ਬੈਚ ਦੇ ਇਸ ਆਈਪੀਐੱਸ ਅਫ਼ਸਰ ਨੂੰ ਸੰਨ 1987 ਵਿਚ ਪੰਜਾਬ ਪੁਲੀਸ ਵਿਚ ਡੀਐੱਸਪੀ ਦੀ ਨੌਕਰੀ ਤਰਸ ਦੇ ਆਧਾਰ 'ਤੇ ਮਿਲੀ ਸੀ। ਉਹ ਤਿੰਨ ਵਾਰ ਅਕਾਲੀ ਵਿਧਾਇਕ ਰਹੇ ਮਰਹੂਮ ਜੀਵਨ ਸਿੰਘ ਉਮਰਾਨੰਗਲ ਦਾ ਪੁੱਤਰ ਹੈ ਤੇ ਉਸ ਦੇ ਭਰਾ ਨੂੰ ਪੰਜਾਬ ਸੰਤਾਪ ਦੇ ਦੌਰ ਵਿਚ ਖਾੜਕੂਆਂ ਨੇ ਹਲਾਕ ਕਰ ਦਿੱਤਾ ਸੀ। ਉਮਰਾਨੰਗਲ ਅਗਵਾ ਤੇ ਹੱਤਿਆ ਮਾਮਲੇ, ਬੌਲੀਵੁੱਡ ਗਾਇਕ ਦਲੇਰ ਮਹਿੰਦੀ ਨੂੰ ਧਮਕਾ ਕੇ ਪੈਸੇ ਮੰਗਣ ਦੇ ਮਾਮਲੇ, ਫ਼ਰਜ਼ੀ ਮੁਕਾਬਲੇ ਤੇ ਇਕ ਫ਼ਰਜ਼ੀ ਬਲਾਤਕਾਰ ਕੇਸ ਦੇ ਮਾਮਲੇ ਵਿਚ ਵੀ ਵਿਵਾਦਾਂ ਵਿਚ ਘਿਰਿਆ ਰਿਹਾ ਹੈ। ਸੰਨ 2012 ਵਿਚ ਅੰਮ੍ਰਿਤਸਰ ਵਿਚ ਇਕ ਅਕਾਲੀ ਆਗੂ ਵੱਲੋਂ ਪੁਲੀਸ ਮੁਲਾਜ਼ਮ ਦੀ ਹੱਤਿਆ ਕਰਨ ਦੇ ਮਾਮਲੇ ਵਿਚ 'ਅਨੁਸ਼ਾਸਨਹੀਨਤਾ' ਕਾਰਨ ਡੀਆਈਜੀ (ਸਰਹੱਦੀ ਰੇਂਜ) ਵੱਜੋਂ ਉਹ ਮੁਅੱਤਲ ਵੀ ਰਿਹਾ।

**ਚਰਨਜੀਤ ਸ਼ਰਮਾ ਨੂੰ ਰਾਹਤ ਨਾ ਮਿਲੀ** : ਬਹਿਬਲ ਕਲਾਂ ਗੋਲੀਕਾਂਡ ਵਿਚ ਫਸੇ ਸਾਬਕਾ ਐਸ.ਐਸ.ਪੀ ਚਰਨਜੀਤ ਸ਼ਰਮਾ ਵਲੋਂ ਹਾਈਕੋਰਟ ਦੀ ਇਕਹਿਰੀ ਬੈਂਚ ਦੇ ਹੁਕਮ ਨੂੰ ਚੁਣੌਤੀ ਦਿੰਦੀ ਅਪੀਲ ਦੀ ਸੁਣਵਾਈ ਕਰਦਿਆਂ ਦੋਹਰੀ ਬੈਂਚ ਨੇ ਫ਼ਿਲਹਾਲ ਕੋਈ ਰਾਹਤ ਨਾ ਦਿੰਦਿਆਂ ਸੁਣਵਾਈ ਅੱਗੇ ਪਾ ਦਿੱਤੀ ਹੈ। ਸ਼ਰਮਾ ਨੇ ਜਸਟਿਸ ਰਣਜੀਤ ਸਿੰਘ ਰਿਪੋਰਟ ਨੂੰ ਚੁਣੌਤੀ ਦਿੰਦਿਆਂ ਉਸ ਵਿਰੁੱਧ ਐਫ. ਆਈ.ਆਰ ਦੀ ਕਾਰਵਾਈ ਖ਼ਤਮ ਕਰਨ ਦੀ ਮੰਗ ਕੀਤੀ ਸੀ ਪਰ ਇਕਹਿਰੀ ਬੈਂਚ ਨੇ ਰਣਜੀਤ ਸਿੰਘ ਦੀ ਰਿਪੋਰਟ ਬਰਕਰਾਰ ਰੱਖਦਿਆਂ ਐਸ.ਆਈ.ਟੀ ਨੂੰ ਤਫ਼ਤੀਸ਼ ਤੇਜ਼ੀ ਨਾਲ ਕਰਨ ਦੀ ਹਦਾਇਤ ਕਰ ਦਿੱਤੀ ਸੀ ਤੇ ਪਟੀਸ਼ਨ ਖ਼ਾਰਜ ਕਰ ਦਿੱਤੀ ਸੀ। ਇਸ ਫ਼ੈਸਲੇ ਨੂੰ ਸ਼ਰਮਾ ਨੇ ਦੋਹਰੀ ਬੈਂਚ ਮੂਹਰੇ ਅਪੀਲ ਰਾਹੀਂ ਚੁਣੌਤੀ ਦਿੱਤੀ ਸੀ ਤੇ ਦੂਜੇ ਪਾਸੇ ਸਰਕਾਰ ਨੇ ਵੀ ਕੇਵੀਏਟ ਦਾਖਲ ਕੀਤੀ ਹੋਈ ਸੀ ਕਿ ਜੇਕਰ ਇਕਹਿਰੀ ਬੈਂਚ ਦੇ ਫ਼ੈਸਲੇ ਵਿਰੁੱਧ ਕੋਈ ਅਪੀਲ ਦਾਖ਼ਲ ਕੀਤੀ ਜਾਂਦੀ ਹੈ ਤਾਂ ਅਪੀਲ ਦੇ ਨਾਲ ਸਰਕਾਰ ਦਾ ਪੱਖ ਸੁਣਿਆ ਜਾਵੇ। ਕੇਵੀਏਟ ਅਤੇ ਅਪੀਲ 'ਤੇ ਸੁਣਵਾਈ ਦੌਰਾਨ ਚੀਫ਼ ਜਸਟਿਸ ਕ੍ਰਿਸ਼ਨਾ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੀ ਦੋਹਰੀ ਬੈਂਚ ਨੇ ਕਿਹਾ ਕਿ ਉਹ ਪਹਿਲਾਂ ਰਿਕਾਰਡ ਪਰਖਣਾ ਚਾਹੁੰਦੀ ਹੈ। ਸਰਕਾਰ ਨੇ ਅਪੀਲ ਦਾ ਵਿਰੋਧ ਕਰਦਿਆਂ ਕਿਹਾ ਕਿ ਚਰਨਜੀਤ ਸ਼ਰਮਾ ਤੇ ਹੋਰ ਪੁਲਿਸ ਅਫ਼ਸਰਾਂ ਨੇ ਇਕਹਿਰੀ ਬੈਂਚ ਮੂਹਰੇ ਜਿਹੜੀ ਪਟੀਸ਼ਨ ਦਾਖ਼ਲ ਕੀਤੀ ਸੀ, ਉਸ ਵਿਚ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਖ਼ਾਰਜ ਕਰਨ ਦੇ ਨਾਲ-ਨਾਲ ਇਸ ਰਿਪੋਰਟ ਦੇ ਸਿੱਟੇ ਵਜੋਂ ਦਰਜ ਹੋਈ ਐਫ.ਆਈ.ਆਰ. ਜਿਹੀ ਕਾਰਵਾਈ ਰੋਕਣ ਦੀ ਮੰਗ ਕੀਤੀ ਗਈ ਸੀ ਤੇ ਇਸ ਪਟੀਸ਼ਨ ਵਿਚ ਇਕ ਤਰ੍ਹਾਂ ਨਾਲ ਅਪਰਾਧਕ ਮਾਮਲੇ ਜਿਹੀ ਮੰਗ ਕੀਤੀ ਗਈ ਸੀ ਤੇ ਇਕ ਵਾਰ ਜੇਕਰ ਅਪਰਾਧਕ ਸ਼੍ਰੇਣੀ ਵਰਗਾ ਮਾਮਲਾ ਖ਼ਾਰਜ ਹੋ ਜਾਵੇ ਤਾਂ ਹਾਈਕੋਰਟ ਵਿਚ ਅਪੀਲ ਨਹੀਂ ਹੋ ਸਕਦੀ ਸਗੋਂ ਸੁਪਰੀਮ ਕੋਰਟ ਵਿਚ ਐਸ.ਐਲ.ਪੀ. ਦਾਖਲ ਕੀਤੀ ਜਾਣੀ ਬਣਦੀ ਹੈ। ਹਾਈਕੋਰਟ ਨੇ ਚਰਨਜੀਤ ਸ਼ਰਮਾ ਨੂੰ ਫ਼ਿਲਹਾਲ ਕੋਈ ਰਾਹਤ ਨਾ ਦਿੰਦਿਆਂ ਅਗਲੀ ਸੁਣਵਾਈ 21 ਫਰਵਰੀ 'ਤੇ ਪਾ ਦਿੱਤੀ ਹੈ।

ਬਿਕਰਮਜੀਤ ਸਿੰਘ ਨੂੰ ਅੰਤ੍ਰਿਮ ਰਾਹਤ-ਬਹਿਬਲ ਕਲਾਂ ਗੋਲੀਕਾਂਡ ਵਿਚ ਹੀ ਫਸੇ ਤੱਤਕਾਲੀ ਐਸ.ਪੀ ਬਿਕਰਮਜੀਤ ਸਿੰਘ ਨੂੰ ਵੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਅੰਤ੍ਰਿਮ ਰਾਹਤ ਮਿਲ ਗਈ ਹੈ। ਉਸ ਨੇ ਅਗਾਊਂ ਜ਼ਮਾਨਤ ਦੀ ਅਰਜ਼ੀ ਲਗਾਈ ਸੀ ਤੇ ਕਿਹਾ ਸੀ ਕਿ ਉਸ ਵਿਰੁੱਧ ਦੋਸ਼ ਸਾਬਤ ਨਹੀਂ ਹੁੰਦੇ, ਲਿਹਾਜ਼ਾ ਅਗਾਊਂ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ। ਹਾਈਕੋਰਟ ਦੇ ਜਸਟਿਸ ਰਾਮੇਂਦਰ ਜੈਨ ਦੀ ਬੈਂਚ ਨੇ ਸ਼ਰਤ ਆਧਾਰਿਤ ਅੰਤ੍ਰਿਮ ਜ਼ਮਾਨਤ ਦੇ ਦਿੱਤੀ ਹੈ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

## RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME®
Premium Bifacial Thin Film Solar

Satnam Singh Khalsa
510-706-1300


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com


SHER ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM